ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 195| 1 October to 7 October, 2025 | Ph.: (510) 240-5949 | Email: asrtimes@gmail.com

# ਅਮਰੀਕਾ ਦੇ ਸਖ਼ਤ ਕਾਨੂੰਨਾਂ ਦਾ ਪੰਜਾਬੀਆਂ 'ਤੇ ਪੈ ਰਿਹਾ ਹੈ ਵੱਡਾ ਪ੍ਰਭਾਵ

## ਫਲੋਰੀਡਾ ਟਰੱਕ ਹਾਦਸੇ ਤੋਂ ਬਾਅਦ ਅਮਰੀਕੀਆਂ ਦਾ ਸਿੱਖਾਂ ਪ੍ਰਤੀ ਰਵੱਈਆ ਬਦਲਿਆ






ਸੰਯੁਕਤ ਰਾਸ਼ਟਰ ਅਮਰੀਕਾ ਵਿੱਚ ਪਿਛਲੇ ਦਿਨ ਵਾਪਰੀਆਂ ਕੁਝ ਘਟਨਾਵਾਂ ਨੇ ਪੂਰੇ ਵਿਸ਼ਵ ਵਿੱਚ ਰਹਿੰਦੇ ਪੰਜਾਬੀਆਂ ਖਾਸ ਕਰਕੇ ਸਿੱਖਾਂ ਦਾ ਧਿਆਨ ਖਿੱਚਿਆ ਹੈ। ਅਮਰੀਕਾ ਵੱਲੋਂ ਪਿਛਲੇ ਦਿਨੀਂ 73 ਸਾਲਾ ਔਰਤ ਨੂੰ ਕੁਝ ਦਿਨ ਪਹਿਲਾਂ ਡਿਪੋਰਟ ਕਰ ਕੇ ਭਾਰਤ ਭੇਜ ਦਿੱਤਾ ਸੀ। ਉਹ ਪਿਛਲੇ 33 ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੀ ਸੀ। ਉਸ ਨੂੰ ਕੈਲੀਫੋਰਨੀਆ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਉਸ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਅਲਵਿਦਾ ਕਹਿਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ। ਹਰਜੀਤ ਕੌਰ ਅਤੇ ਉਸ ਦੇ ਦੋ ਪੁੱਤਰ 1992 ਵਿੱਚ ਭਾਰਤ ਤੋਂ ਰੋਜ਼ੀ ਕਮਾਉਣ ਲਈ ਅਮਰੀਕਾ ਦੇ ਕੈਲੀਫੋਰਨੀਆ ਪਹੁੰਚੇ ਸਨ ਪਰ ਹੁਣ 22 ਸਤੰਬਰ ਨੂੰ ਉਸ ਨੂੰ ਵਾਪਸ ਭਾਰਤ ਡਿਪੋਰਟ ਕਰ ਦਿੱਤਾ ਗਿਆ ਹੈ। ਉਸ ਦਾ ਘਰ, ਉਸ ਦੇ ਬੱਚੇ ਅਤੇ ਪੋਤੇ-ਪੋਤੀਆਂ ਸਾਂ ਫਰਾਂਸਿਸਕੋ ਬੇਅ ਏਰੀਆ ਦੇ ਹਰਕਿਊਲੀਜ਼ ਵਿੱਚ ਹੀ ਰਹਿ ਗਏ ਹਨ। ਹਰਜੀਤ ਕੌਰ ਉਥੇ ਸਾੜੀਆਂ ਦੀ ਦੁਕਾਨ ਵਿੱਚ ਕੰਮ ਕਰਦੀ ਸੀ। ਹਰਜੀਤ ਕੌਰ ਇਸ ਵੇਲੇ ਮੁਹਾਲੀ ਵਿੱਚ ਆਪਣੇ ਦੂਰ ਦੇ ਰਿਸ਼ਤੇਦਾਰ ਕੋਲ ਰਹਿ ਰਹੀ ਹੈ ਜਿਸ ਨੇ ਉਸ ਨੂੰ ਰਹਿਣ ਲਈ ਥਾਂ ਦਿੱਤਾ।

ਲੰਘੇ ਦਿਨੀਂ ਅਮਰੀਕਾ ਵਿੱਚ ਇੱਕ ਹੋਰ ਪੰਜਾਬੀ ਡਰਾਈਵਰ ਪ੍ਰਤਾਪ ਸਿੰਘ ਨੂੰ ਕਰੀਬ ਇੱਕ ਸਾਲ ਪੁਰਾਣੇ ਸੜਕ ਹਾਦਸੇ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਗ੍ਰਿਫ਼ਤਾਰੀ ਡਰਾਈਵਰ ਹਰਜਿੰਦਰ ਸਿੰਘ ਨੂੰ ਕਥਿਤ ਤੌਰ ਉੱਤੇ 'ਲਾਪਰਵਾਹੀ' ਨਾਲ ਟਰੱਕ ਚਲਾਉਣ ਲਈ ਫੜੇ ਜਾਣ ਤੋਂ ਲਗਭਗ ਇੱਕ ਮਹੀਨਾ ਬਾਅਦ ਕੀਤੀ ਗਈ ਹੈ। ਅਮਰੀਕਾ ਦੇ ਹੋਮਲੈਂਡ ਸਿਕਿਊਰਟੀ ਵਿਭਾਗ ਵੱਲੋਂ ਆਪਣੇ ਤਾਜ਼ਾ ਬਿਆਨ ਵਿੱਚ ਕਿਹਾ ਹੈ ਕਿ ਪ੍ਰਤਾਪ ਸਿੰਘ ਦੇ ਕਾਰਨ ਹੋਏ ਇੱਕ ਹਾਦਸੇ ਵਿੱਚ ਇੱਕ ਪੰਜ ਸਾਲਾਂ ਬੱਚੀ ਬੁਰੀ ਤਰ੍ਹਾਂ ਜ਼ਖਮੀ ਹੋਈ ਸੀ ਅਤੇ ਇਸ ਮਾਮਲੇ ਵਿੱਚ ਪ੍ਰਤਾਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹੋਮਲੈਂਡ ਸਿਕਿਓਰਟੀ ਵਿਭਾਗ ਮੁਤਾਬਕ ਪ੍ਰਤਾਪ ਸਿੰਘ ਨੇ ਅਕਤੂਬਰ 2022 ਵਿੱਚ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਦਾਖਲ ਹੋਣ ਲਈ ਬਾਰਡਰ ਪਾਰ ਕੀਤੀ ਸੀ ਅਤੇ ਬਾਇਡੇਨ ਪ੍ਰਸ਼ਾਸਨ ਵੱਲੋਂ ਉਸ ਨੂੰ ਰਿਹਾਅ ਕਰ ਦਿੱਤਾ ਗਿਆ ਸੀ।

ਅਮਰੀਕਾ ਵਿੱਚ ਇੱਕ ਅੰਦਾਜ਼ੇ ਅਨੁਸਾਰ ਸਿੱਖਾਂ ਦੀ ਆਬਾਦੀ 7,50,000 ਦੇ ਕਰੀਬ ਹੈ ਅਤੇ ਸਭ ਤੋਂ ਵੱਧ ਗਿਣਤੀ ਕੈਲੀਫੋਰਨੀਆ ਵਿੱਚ ਰਹਿੰਦੀ ਹੈ। ਬਹੁਤ ਸਾਰੇ ਲੋਕ ਟਰੱਕਿੰਗ ਅਤੇ ਇਸ ਨਾਲ ਜੁੜੇ ਉਦਯੋਗਾਂ ਵਿੱਚ ਕੰਮ ਕਰਦੇ ਹਨ, ਜਿਵੇਂ ਕਿ ਰੈਸਟੋਰੈਂਟ ਅਤੇ ਟਰੱਕਿੰਗ ਸਕੂਲ ਆਦਿ।

ਨਾਰਥ ਅਮਰੀਕਨ ਪੰਜਾਬੀ ਟਰੱਕਰਸ ਐਸੋਸੀਏਸ਼ਨ ਦੇ ਅਨੁਸਾਰ, ਵੈਸਟ ਕੋਸਟ 'ਤੇ ਲਗਭਗ 40% ਟਰੱਕ ਚਾਲਕ ਸਿੱਖ ਹਨ, ਜਦਕਿ ਦੇਸ਼ ਭਰ ਵਿੱਚ ਇਹ ਅੰਕੜਾ 20% ਦੇ ਕਰੀਬ ਹੈ। ਹਾਲਾਂ ਕਿ, ਇਸ ਦੇ ਅਧਿਕਾਰਕ ਅੰਕੜੇ ਨਹੀਂ ਹਨ।

(ਬਾਕੀ ਸਫ਼ਾ 26 'ਤੇ)

## ਮੇਰੇ ਨਾਲ ਅਮਰੀਕੀ ਸਰਕਾਰ ਵੱਲੋਂ ਬਹੁਤ ਮਾੜਾ ਸਲੂਕ ਕੀਤਾ ਗਿਆ: ਹਰਜੀਤ ਕੌਰ

ਮੀਡੀਆ ਨਾਲ ਗੱਲਬਾਤ ਕਰਦਿਆਂ ਹਰਜੀਤ ਕੌਰ ਨੇ ਕਿਹਾ ਕਿ ਉਸ ਨੂੰ ਗ੍ਰਿਫਤਾਰੀ ਦੌਰਾਨ ਹਥਕੜੀਆਂ ਪਾਈਆਂ ਗਈਆਂ ਅਤੇ ਉਸ ਨੇ ਡਿਟੈਨਸ਼ਨ ਸੈਂਟਰ ਵਿੱਚ ਨਾ ਭੁੱਲਣ ਵਾਲੇ ਅੱਠ ਦਿਨ ਬਿਤਾਏ।

ਹਰਜੀਤ ਕੌਰ ਨੇ ਕਿਹਾ, 'ਮੈਂ ਗੱਡੀ ਵਿੱਚ ਚੜ੍ਹ ਨਹੀਂ ਸਕਦੀ ਸੀ ਕਿਉਂਕਿ ਮੇਰੇ ਗੋਡਿਆਂ ਵਿੱਚ ਦਰਦ ਹੈ ਅਤੇ ਮੇਰੇ ਹੱਥ ਬੰਨ੍ਹੇ ਹੋਏ ਸਨ। ਇੱਕ ਅਧਿਕਾਰੀ ਨੇ ਮੇਰੀ ਹੱਥਕੜੀ ਖੋਲ੍ਹ ਕੇ ਮੈਨੂੰ ਗੱਡੀ ਵਿੱਚ ਬਿਠਾਇਆ। ਡਿਟੈਨਸ਼ਨ ਸੈਂਟਰ ਦਾ ਖਾਣਾ ਬਹੁਤ ਮਾੜਾ ਸੀ ਉਥੇ ਠੰਡੀ ਰੋਟੀ ਤੇ ਮਾਸਾਹਾਰੀ ਭੋਜਨ ਦਿੱਤਾ ਗਿਆ ਜਦਕਿ ਮੈਂ ਸ਼ਾਕਾਹਾਰੀ ਹਾਂ ਤੇ ਚੰਗੀ ਤਰ੍ਹਾਂ ਖਾ ਨਹੀਂ ਸਕਦੀ ਸੀ। ਮੇਰੇ ਕੋਲ ਸੌਣ ਲਈ ਸਿਰਫ਼ ਦੋ ਚਾਦਰਾਂ ਸਨ ਪਰ ਗੱਦਾ ਨਹੀਂ ਸੀ। ਬਹੁਤ ਜ਼ਿਆਦਾ ਠੰਢ ਸੀ ਜਿਸ ਕਾਰਨ ਨੀਂਦ ਨਹੀਂ ਆਈ। ਉਥੇ ਲਗਭਗ 100 ਔਰਤਾਂ ਸਨ। ਕੁਝ ਨੇ ਮੇਰੇ ਉੱਤੇ ਤਰਸ ਖਾ ਕੇ ਕੱਪੜੇ ਦਿੱਤੇ ਕਿ ਮੈਂ ਠੰਡ ਤੋਂ ਬਚ ਸਕਾਂ। ਮੇਰੀਆਂ ਬਾਰ-ਬਾਰ ਬੇਨਤੀਆਂ ਦੇ ਬਾਵਜੂਦ ਮੈਨੂੰ ਦਵਾਈਆਂ ਨਹੀਂ ਦਿੱਤੀਆਂ ਗਈਆਂ। ਮੈਂ ਗੋਡਿਆਂ ਦੇ ਦਰਦ, ਮਾਈਗ੍ਰੇਨ, ਬਲੱਡ ਪ੍ਰੈਸ਼ਰ ਅਤੇ ਦਰਦ ਨਿਵਾਰਕ ਦਵਾਈਆਂ ਲੈਂਦੀ ਹਾਂ।'

ਇਸ ਬਿਰਧ ਔਰਤ ਨੇ ਕਿਹਾ ਕਿ ਜਦੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦਿੱਲੀ ਏਅਰਪੋਰਟ ਉਤਾਰਿਆ ਗਿਆ, ਉਸ ਨੂੰ ਨਹਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਸ ਨੂੰ ਜੇਲ੍ਹ ਵਾਲੇ ਕੱਪੜੇ ਦਿੱਤੇ ਗਏ ਜਿਹੜੇ ਉਸ ਨੇ ਦਿੱਲੀ ਪਹੁੰਚ ਕੇ ਬਦਲੇ। ਉਸ ਨੇ ਕਿਹਾ, 'ਸਰਕਾਰ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨ ਦੇ ਬਾਵਜੂਦ ਮੇਰੇ ਨਾਲ ਅਮਰੀਕੀ ਸਰਕਾਰ ਵੱਲੋਂ ਬਹੁਤ ਮਾੜਾ ਸਲੂਕ ਕੀਤਾ ਗਿਆ।' ਹਰਜੀਤ ਕੌਰ ਹਾਲੇ ਵੀ ਟਰੌਮਾ ਵਿੱਚ ਹੈ ਅਤੇ ਉਸ ਨੂੰ ਆਪਣੇ ਭਵਿੱਖ ਬਾਰੇ ਕੁਝ ਪਤਾ ਨਹੀਂ।

## ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਸਿੱਖ ਡਰਾਇਵਰ



ਸਿੱਖ ਭਾਈਚਾਰੇ ਨਾਲ ਸਬੰਧਿਤ ਲੋਕਾਂ ਅਤੇ ਸੰਸਥਾਵਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਸਿੱਖਾਂ ਦੀ ਸੋਸ਼ਲ ਮੀਡੀਆ ਦੇ ਕਈ ਪਲੇਟਫਾਰਮਾਂ ਅਤੇ ਕੰਮ ਦੀਆਂ ਥਾਂਵਾਂ ਉੱਪਰ ਟ੍ਰੋਲਿੰਗ ਵਧੀ ਹੈ। ਅਮਰੀਕਾ ਵਿੱਚ ਪਿਛਲੇ ਮਹੀਨੇ ਸਿੱਖ ਡਰਾਈਵਰ ਦੇ ਟਰੱਕ ਨਾਲ ਹੋਏ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਤੋਂ ਬਾਅਦ ਭਾਈਚਾਰੇ ਦਾ ਕਹਿਣਾ ਹੈ ਕਿ ਉਨ੍ਹਾਂ ਪ੍ਰਤੀ ਅਮਰੀਕੀਆਂ ਦਾ ਰਵੱਈਆ ਨਕਾਰਤਮਕ ਲੱਗ ਰਿਹਾ ਹੈ। ਇਸ ਦੇ ਨਾਲ ਹੀ ਇੰਟਰਨੈੱਟ ਉੱਪਰ ਟ੍ਰੋਲਿੰਗ ਹੋ ਰਹੀ ਹੈ ਅਤੇ ਸਿੱਖ ਡਰਾਈਵਰਾਂ ਨੂੰ ਚੈਕਿੰਗ ਪੁਆਇੰਟਸ 'ਤੇ ਜ਼ਿਆਦਾ ਰੋਕਿਆ ਜਾਣ ਲੱਗਿਆ ਹੈ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਇਹ ਇੱਕ ਡਰਾਈਵਰ ਦੀ ਗਲਤੀ ਸੀ, ਸਾਰੀ ਕੌਮ ਦੀ ਨਹੀਂ। ਜ਼ਿਕਰਯੋਗ ਹੈ ਕਿ 12 ਅਗਸਤ ਨੂੰ ਅਮਰੀਕਾ ਦੇ ਫਲੋਰੀਡਾ ਵਿੱਚ ਹਰਜਿੰਦਰ ਸਿੰਘ ਦੇ ਟਰੱਕ ਨਾਲ ਹੋਏ ਹਾਦਸੇ ਵਿੱਚ ਤਿੰਨ ਲੋਕ ਮਾਰੇ ਗਏ ਸਨ। ਇਸ ਹਾਦਸੇ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਕਾਫ਼ੀ ਵਾਇਰਲ ਹੋਈ ਸੀ। ਅਮਰੀਕਾ ਦੇ ਕੁਝ ਸਿੱਖ ਟਰੱਕ ਡਰਾਇਵਰ ਕਹਿੰਦੇ ਹਨ ਕਿ ਅੱਜ ਕੱਲ੍ਹ ਤਾਂ ਟਰੱਕਾਂ ਵਿੱਚੋਂ ਸੰਤਾਂ ਦੀਆਂ ਤਸਵੀਰਾਂ ਵੀ ਹਟਾਉਣ ਲਈ ਕਿਹਾ ਜਾ ਰਿਹਾ ਹੈ। ਉਹ ਕਹਿੰਦੇ ਹਨ ਕਿ ਸਿੱਖਾਂ ਤੇ ਭਾਰਤੀਆਂ ਖ਼ਿਲਾਫ਼ ਨਫ਼ਰਤ ਵਧੀ ਹੈ। ਖ਼ਾਸ ਤੌਰ 'ਤੇ ਜਿਨ੍ਹਾਂ ਇਲਾਕਿਆਂ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਾਰਟੀ ਦੀ ਜਿੱਤ ਹੋਈ ਹੈ, ਉੱਥੇ ਹੇਟ (ਨਫ਼ਰਤ) ਜ਼ਿਆਦਾ ਦੇਖਣ ਨੂੰ ਮਿਲਦੀ ਹੈ।

# ਅਮਰੀਕਾ ਸਰਕਾਰ ਵੱਲੋਂ ਡਰਾਈਵਰਾਂ ਲਈ ਨਵੇਂ ਨਿਯਮ ਜਾਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਟ੍ਰਾਂਸਪੋਰਟੇਸ਼ਨ ਵਿਭਾਗ (ਡੀ.ਓ.ਟੀ.) ਅਤੇ ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਿਨਿਸਟ੍ਰੇਸ਼ਨ (ਐਫ਼.ਐਮ.ਸੀ.ਐਸ.ਏ.) ਨੇ ਨਾਨ ਡੋਮੀਸਾਇਲ ਕਮਰਸ਼ੀਅਲ ਡਰਾਈਵਰ ਲਾਇਸੰਸ (ਸੀ.ਡੀ.ਐਲ.) ਅਤੇ ਲਰਨਰ ਪਰਮਿਟ (ਸੀ.ਐਲ.ਪੀ.) ਲਈ ਨਵੇਂ ਨਿਯਮ ਜਾਰੀ ਕੀਤੇ ਹਨ।

ਨਵੇਂ ਨਿਯਮਾਂ ਅਨੁਸਾਰ ਪਰਵਾਸੀ ਨਾਗਰਿਕਾਂ ਲਈ ਹੁਣ ਲਾਜ਼ਮੀ ਹੈ ਕਿ ਉਹ ਰੁਜ਼ਗਾਰ-ਅਧਾਰਤ ਵੀਜ਼ਾ ਸ਼੍ਰੇਣੀ ਵਿੱਚ ਹੀ ਇੱਥੇ ਆਏ ਹੋਣ। ਬਿਨੈਕਾਰ ਨੂੰ ਵੈਲਿਡ ਵਿਦੇਸ਼ੀ ਪਾਸਪੋਰਟ ਅਤੇ ਵੈਲਿਡ ਆਗਮਨ/ਰਵਾਨਗੀ ਰਿਕਾਰਡ (ਆਈ-94) ਦੇਣਾ ਲਾਜ਼ਮੀ ਹੋਵੇਗਾ।

ਇਸ ਤੋਂ ਇਲਾਵਾ ਰਾਜਾਂ ਦੇ ਡਰਾਈਵਰ ਲਾਇਸੰਸ ਵਿਭਾਗਾਂ ਨੂੰ ਐਸ.ਏ.ਵੀ.ਈ.(ਸਿਸਟੇਮੈਟਿਕ ਏਲੀਅਨ ਵੈਰੀਫਿਕੇਸ਼ਨ ਫ਼ਾਰ ਐਨਟਾਈਟਲਮੈਂਟਸ) ਵਰਗੇ ਸਿਸਟਮ ਰਾਹੀਂ ਇਮੀਗ੍ਰੇਸ਼ਨ ਸਟੇਟਸ ਦੀ ਜਾਂਚ ਕਰਨੀ ਪਵੇਗੀ। ਇਹ ਦਸਤਾਵੇਜ਼ ਘੱਟੋ-ਘੱਟ ਦੋ ਸਾਲਾਂ ਲਈ ਸੰਭਾਲ ਕੇ ਰੱਖਣੇ ਪੈਣਗੇ। ਸੀ.ਡੀ.ਐਲ./ਸੀ.ਐਲ.ਪੀ. ਦੀ ਮਿਆਦ ਆਈ-94 ਦੇ ਖਤਮ ਹੋਣ ਦੀ ਮਿਤੀ ਜਾਂ ਇੱਕ ਸਾਲ (ਜੋ ਵੀ ਪਹਿਲਾਂ ਆਵੇ) ਤੱਕ ਹੀ ਰਹੇਗੀ। ਇਸ ਦੀ ਰੀਨਿਊਅਲ ਸਿਰਫ਼ ਸਾਹਮਣੇ ਹਾਜ਼ਰ ਹੋ ਕੇ ਕਰਵਾਈ ਜਾ ਸਕੇਗੀ। ਜੇਕਰ ਕਿਸੇ ਵਿਅਕਤੀ ਦੀ ਇਮੀਗ੍ਰੇਸ਼ਨ ਯੋਗਤਾ ਖਤਮ ਹੋ ਜਾਏ, ਉਸ ਦਾ ਸੀ.ਡੀ.ਐਲ./ਸੀ.ਐਲ.ਪੀ. ਡਾਊਨਗ੍ਰੇਡ ਜਾਂ ਰੱਦ ਕਰ ਦਿੱਤਾ ਜਾਵੇਗਾ। ਇਹ ਨਿਯਮ ਇੰਟਰਇਮ ਫਾਈਨਲ ਰੂਲ ਰਾਹੀਂ ਜਾਰੀ ਹੋਏ ਹਨ ਜੋ ਜਲਦੀ ਹੀ ਫੈਡਰਲ ਰਜਿਸਟਰ ਵਿੱਚ ਪ੍ਰਕਾਸ਼ਤ ਹੋਣਗੇ ਤੇ ਪ੍ਰਕਾਸ਼ਿਤ ਹੋਣ ਮਗਰੋਂ 60 ਦਿਨਾਂ ਦੀ ਪਬਲਿਕ ਕਮੈਂਟ ਪੀਰੀਅਡ



ਹੋਵੇਗੀ। ਡੀ.ਓ.ਟੀ. ਦੇ ਅਨੁਸਾਰ ਕਈ ਕੇਸਾਂ ਵਿੱਚ ਨਾਨ ਡੋਮੀਸਾਇਲ ਸੀ.ਡੀ.ਐਲ. ਉਨ੍ਹਾਂ ਲੋਕਾਂ ਨੂੰ ਜਾਰੀ ਹੋਏ ਜੋ ਹੁਣ ਕਾਨੂੰਨੀ ਸਟੇਟਸ ਵਿੱਚ ਨਹੀਂ ਸਨ ਜਾਂ ਜਿਨ੍ਹਾਂ ਦੇ ਕਾਗਜ਼ਾਤ ਐਕਸਪਾਇਰ ਹੋ ਚੁੱਕੇ ਸਨ।

(ਬਾਕੀ ਸਫ਼ਾ 26 'ਤੇ)

## ਡਰਾਈਵਰ ਲਈ ਗਰੀਨ ਕਾਰਡ ਹੋਲਡਰ ਜਾਂ ਯੂ.ਐਸ.ਸਿਟੀਜਨ ਹੋਣਾ ਲਾਜ਼ਮੀ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਬੀਤੇ ਕੁਝ ਸਮੇਂ ਦੌਰਾਨ ਅਮਰੀਕਾ 'ਚ ਵਾਪਰੇ ਕੁਝ ਭਿਆਨਕ ਹਾਦਸਿਆਂ ਮਗਰੋਂ ਅਮਰੀਕਾ ਪ੍ਰਸ਼ਾਸਨ ਹਰਕਤ 'ਚ ਆ ਗਿਆ ਹੈ। ਡਰਾਈਵਰਾਂ ਲਈ ਨਿਯਮਾਂ ਨੂੰ ਸਖ਼ਤ ਕਰਨ ਦੀ ਤਿਆਰੀ 'ਚ ਟਰੰਪ ਸਰਕਾਰ ਨੇ ਕੱਚੇ ਪਰਵਾਸੀਆਂ ਨੂੰ ਟਰੱਕਿੰਗ ਸੈਕਟਰ ਤੋਂ ਬਾਹਰ ਕੱਢਣ ਲਈ ਟਰੰਪ ਸਰਕਾਰ ਨਵੇਂ ਨਿਯਮ ਲਾਗੂ ਕਰਨ ਜਾ ਰਹੀ ਹੈ। ਨਵੇਂ ਨਿਯਮਾਂ ਮੁਤਾਬਕ ਹੁਣ ਸਿਰਫ਼ ਵਰਕ ਪਰਮਿਟ ਦੇ ਆਧਾਰ 'ਤੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਨਹੀਂ ਮਿਲੇਗਾ। ਡਰਾਈਵਰ ਲਈ ਗਰੀਨ ਕਾਰਡ ਹੋਲਡਰ ਜਾਂ ਯੂ.ਐੱਸ. ਸਿਟੀਜ਼ਨ ਹੋਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਦਾ ਕਹਿਣਾ ਹੈ ਕਿ ਨਵੇਂ ਨਿਯਮਾਂ ਨਾਲ 2 ਲੱਖ ਦੇ ਕਰੀਬ ਮੌਜੂਦਾ ਡਰਾਈਵਰ ਪ੍ਰਭਾਵਿਤ ਹੋਣਗੇ, ਜਦਕਿ 20 ਹਜ਼ਾਰ ਦੇ ਕਰੀਬ ਟ੍ਰੇਨਿੰਗ ਲੈ ਰਹੇ ਡਰਾਈਵਰ ਟਰੱਕ ਨਹੀਂ ਚਲਾ ਸਕਣਗੇ। ਇਸ ਦੇ ਨਾਲ ਅਸਾਇਲਮ ਮੰਗਣ ਵਾਲੇ ਜਾਂ ਅਸਾਇਲਮ ਪ੍ਰਾਪਤ ਕਰ ਚੁੱਕੇ ਲੋਕ ਵੀ ਸੀ.ਡੀ.ਐੱਲ. ਲਈ ਯੋਗ ਨਹੀਂ ਰਹਿਣਗੇ। ਫੈਡਰਲ ਏਜੰਸੀ ਦਾ ਅੰਦਾਜ਼ਾ ਹੈ ਕਿ ਅਮਰੀਕਾ ਦੇ 38 ਲੱਖ ਟਰੱਕ ਡਰਾਈਵਰਾਂ ਵਿੱਚੋਂ 2 ਲੱਖ ਦੇ ਕਰੀਬ ਕੱਚੇ ਹਨ।

(ਬਾਕੀ ਸਫ਼ਾ 26 'ਤੇ)


VOTE
OCTOBER
12, 2025
SAN JOSE
GURDWARA SAHIB
ELECTION
"RESTORE TRANSPARENCY • END DIVISION • SERVE ALL FAMILIES"
ਵਾਹਿਗੁਰੂ ਜੀ ਮਿਹਰ ਕਰਨ ਤੇ ਸਾਧ ਸੰਗਤ ਸਲੇਟ ਨੂੰ ਸੇਵਾ ਦਾ ਮੌਕਾ ਦੇਣ ।
SADH SANGAT SLATE
BHUPINDER SINGH CHEEMA
HARPAL SINGH CHAHAL
KASHMIR SINGH KALKAT
KULWINDER KAUR CHEEMA
JAGJEET SINGH
SATNAM SINGH DHILLON
TRILOCHAN SINGH SRA
GURMAIL SINGH KHALSA
KARNAIL SINGH
DR. SATWINDER SINGH BAJWA
JATINDER KAUR
SUKHWIR SINGH RANDHAWA
AMRIK SINGH LUBANA
GULBAG SINGH LUBANA
RABHUBIR SINGH DHILLON
BALDEV SINGH JANDU
JOGINDER KAUR DHALIWAL
KULWANT KAUR CHAHAL
KAMALJEET SINGH CHEEMA
JAGJIT SINGH MAND
JASPAL SINGH SAINI
VOTE OCTOBER 12, 2025 • SHARE WITH FAMILY
"QUESTIONS? CALL US!"
BHUPINDER SINGH CHEEMA 408-203-8054
HARPAL SINGH CHAHAL 408-981-2842
JAGJEET SINGH 408-223-9900

# ਕਿਉਂ ਸੁਲਗ ਰਿਹੈ ਲੇਹ-ਲੱਦਾਖ?

## ਲੱਦਾਖ ਦੀ ਕੁਦਰਤੀ ਸੁੰਦਰਤਾ ਨੂੰ ਲੱਗਿਆ ਹਿੰਸਾ ਦਾ ਗ੍ਰਹਿਣ



**ਲੇਹ-ਲੱਦਾਖ ਦੇ ਜਿਹੜੇ ਇਲਾਕਿਆਂ 'ਚ ਕੁਝ ਦਿਨ ਪਹਿਲਾਂ ਤਾਜ਼ੀ ਅਤੇ ਖੁਸ਼ਬੂਆਂ ਭਰੀ ਹਵਾ ਰੁਮਕਦੀ ਸੀ, ਉਥੇ ਹੁਣ ਚੁਫ਼ੇਰੇ ਬਾਰੂਦ ਦੀ ਮੁਸ਼ਕ ਫੈਲੀ ਹੋਈ ਹੈ। ਹਿੰਸਾ ਦੀ ਅੱਗ ਦਾ ਸੇਕ ਲੱਦਾਖ ਦੇ ਆਮ ਲੋਕਾਂ ਨੂੰ ਸਭ ਤੋਂ ਜ਼ਿਆਦਾ ਲੱਗ ਰਿਹਾ ਹੈ। ਉਨ੍ਹਾਂ ਨੂੰ ਸਮਝ ਨਹੀਂ ਲੱਗ ਰਹੀ ਕਿ ਇਹ ਸਭ ਕੀ ਹੋ ਰਿਹਾ ਹੈ ? ਉਹਨਾਂ ਨੂੰ ਕਿਸ ਕਸੂਰ ਦੀ ਸਜ਼ਾ ਦਿੱਤੀ ਜਾ ਰਹੀ ਹੈ ? ਆਮ ਲੋਕ ਉਥੇ ਅਮਨ ਸ਼ਾਂਤੀ ਕਾਇਮ ਹੋਣ ਦੀ ਦੁਆ ਕਰ ਰਹੇ ਹਨ।**




**ਜਗਮੋਹਨ ਸਿੰਘ 'ਲੱਕੀ'**

ਲੇਹ-ਲੱਦਾਖ ਦੀ 'ਕੁਦਰਤੀ ਸੁੰਦਰਤਾ' ਦੁਨੀਆ ਭਰ ਵਿੱਚ ਮਸ਼ਹੂਰ ਹੈ ਅਤੇ ਹਰ ਸਾਲ ਦੁਨੀਆ ਭਰ ਤੋਂ ਵੱਡੀ ਗਿਣਤੀ ਵਿੱਚ ਸੈਲਾਨੀ ਇਸ ਦੂਰ-ਦੁਰਾਡੇ ਖੇਤਰ ਦਾ ਦੌਰਾ ਕਰਦੇ ਹਨ। ਕਸ਼ਮੀਰ ਵਾਂਗ ਹੀ ਇਥੇ ਵੀ ਕੁਦਰਤੀ ਸੁੰਦਰਤਾ ਦੇ ਭੰਡਾਰ ਹਨ। ਸੈਲਾਨੀ ਇੱਥੋਂ ਦੀ ਸੁੰਦਰਤਾ ਨੂੰ ਆਪਣੇ ਕੈਮਰਿਆਂ 'ਚ ਕੈਦ ਕਰਕੇ ਲੈ ਜਾਂਦੇ ਹਨ। ਉਹਨਾਂ ਦੇ ਦਿਲਾਂ ਵਿੱਚ ਲੇਹ- ਲੱਦਾਖ ਦੀ ਸੁੰਦਰਤਾ ਦੀਆਂ ਯਾਦਾਂ ਲੰਬਾ ਸਮਾਂ ਤਾਜ਼ਾ ਰਹਿੰਦੀਆਂ ਹਨ। ਲੱਦਾਖ, ਜੋ ਕੁਝ ਦਿਨ ਪਹਿਲਾਂ ਤੱਕ ਆਪਣੇ ਸਕਾਰਾਤਮਕ ਪਹਿਲੂਆਂ ਲਈ ਜਾਣਿਆ ਜਾਂਦਾ ਸੀ, ਹੁਣ ਅਨੇਕਾਂ ਦੁਖਦਾਈ ਘਟਨਾਵਾਂ ਦਾ ਸ਼ਿਕਾਰ ਹੋ ਗਿਆ ਹੈ। ਪਿਛਲੇ ਪੰਜ ਸਾਲਾਂ ਤੋਂ, ਲੇਹ ਆਧਾਰਿਤ ਸੰਗਠਨ ਲੇਹ ਐਪੈਕਸ ਬਾਡੀ (ਐਲ.ਏ.ਬੀ.) ਅਤੇ ਕਾਰਗਿਲ ਡੈਮੋਕ੍ਰੇਟਿਕ ਅਲਾਇੰਸ (ਕੇ.ਡੀ.ਏ.) ਲੱਦਾਖ ਵਿੱਚ ਛੇਵੀਂ ਅਨੁਸੂਚੀ ਦੇ ਤਹਿਤ ਪੂਰਨ ਰਾਜ ਦਾ ਦਰਜਾ ਅਤੇ ਆਦਿਵਾਸੀ ਸੁਰੱਖਿਆ ਦੀ ਮੰਗ ਕਰ ਰਹੇ ਹਨ। ਅੰਦੋਲਨ ਸ਼ਾਂਤੀਪੂਰਨ ਸੀ, ਪਰ ਬੀਤੀ 23 ਸਤੰਬਰ, 2025 ਨੂੰ, ਭੁੱਖ ਹੜਤਾਲ 'ਤੇ ਬੈਠੇ ਇੱਕ 72 ਸਾਲਾ ਵਿਅਕਤੀ ਅਤੇ ਇੱਕ 62 ਸਾਲਾ ਔਰਤ ਦੀ ਸਿਹਤ ਵਿਗੜਨ ਤੋਂ ਬਾਅਦ ਸਥਿਤੀ ਕਾਬੂ ਤੋਂ ਬਾਹਰ ਹੋ ਗਈ। ਐਲ.ਏ.ਬੀ. ਦੇ ਯੁਵਾ ਵਿੰਗ ਨੇ 24 ਸਤੰਬਰ, 2025 ਨੂੰ ਲੇਹ ਵਿੱਚ ਬੰਦ ਦਾ ਸੱਦਾ ਦਿੱਤਾ, ਜਿਸ ਤੋਂ ਬਾਅਦ 2,000 ਤੋਂ 5,000 ਨੌਜਵਾਨ ਸੜਕਾਂ 'ਤੇ ਉਤਰ ਆਏ। ਨਾਅਰੇਬਾਜ਼ੀ ਅਤੇ ਭਾਸ਼ਣਾਂ ਤੋਂ ਬਾਅਦ, ਕੁਝ ਨੌਜਵਾਨ ਹਿੰਸਕ ਹੋ ਗਏ, ਜਿਨ੍ਹਾਂ ਨੇ ਭਾਜਪਾ ਦਫ਼ਤਰ ਅਤੇ ਸੀ.ਆਰ.ਪੀ.ਐਫ਼. ਦੇ ਵਾਹਨਾਂ ਨੂੰ ਅੱਗ ਲਗਾ ਦਿੱਤੀ। ਵਿਦਿਆਰਥੀਆਂ ਦੀ ਪੁਲਿਸ ਅਤੇ ਸੁਰੱਖਿਆ ਬਲਾਂ ਨਾਲ ਝੜਪ ਹੋਈ। ਹਿੰਸਾ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 30 ਜ਼ਖਮੀ ਹੋ ਗਏ। ਇਸ ਤੋਂ ਬਾਅਦ ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਤੋਂ ਬਾਅਦ ਲੇਹ ਵਿੱਚ ਜਨਜੀਵਨ ਠੱਪ ਹੋ ਗਿਆ ਹੈ। ਬਾਜ਼ਾਰ ਬੰਦ ਹਨ, ਸੜਕਾਂ 'ਤੇ ਸੁੰਨ ਪਸਰੀ ਹੋਈ ਹੈ ਅਤੇ ਸਿਰਫ਼ ਨੀਮ ਫ਼ੌਜੀ ਦਲਾਂ ਦੇ ਜਵਾਨ ਹੀ ਖਾਲੀ ਗਲੀਆਂ ਵਿੱਚ ਗਸ਼ਤ ਕਰ ਰਹੇ ਹਨ। ਪਿਛਲੇ ਹਫ਼ਤੇ ਹੀ ਸੈਲਾਨੀਆਂ ਨਾਲ ਭਰੇ ਬਾਜ਼ਾਰ ਹੁਣ ਸੁੰਨਸਾਨ ਹੋ ਗਏ ਹਨ।



ਸ਼੍ਰੀ ਵਾਂਗਚੁਕ, ਜੋ ਪਿਛਲੇ ਕਈ ਦਿਨਾਂ ਤੋਂ ਲੱਦਾਖ ਨੂੰ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਅਤੇ ਪੂਰੇ ਰਾਜ ਦਾ ਦਰਜਾ ਦੇਣ ਦੀ ਮੰਗ ਕਰਦੇ ਹੋਏ ਭੁੱਖ ਹੜਤਾਲ 'ਤੇ ਸਨ, ਨੇ ਹਿੰਸਾ ਤੋਂ ਬਾਅਦ ਆਪਣਾ ਵਰਤ ਤੋੜ ਦਿੱਤਾ ਸੀ ਅਤੇ ਕਿਹਾ ਸੀ, 'ਇਹ ਲੱਦਾਖ ਲਈ ਇੱਕ ਦੁਖਦਾਈ ਦਿਨ ਹੈ। ਅਸੀਂ ਪੰਜ ਸਾਲਾਂ ਤੋਂ ਸ਼ਾਂਤੀ ਦੇ ਰਸਤੇ 'ਤੇ ਚੱਲ ਰਹੇ ਹਾਂ। ਅਸੀਂ ਵਰਤ ਰੱਖਿਆ, ਲੇਹ ਤੋਂ ਦਿੱਲੀ ਤੱਕ ਪੈਦਲ ਚੱਲੇ। ਅੱਜ, ਅਸੀਂ ਸ਼ਾਂਤੀ ਦਾ ਸੁਨੇਹਾ ਅਸਫਲ ਹੁੰਦਾ ਦੇਖ ਰਹੇ ਹਾਂ।' ਵਾਂਗਚੁਕ ਨੇ ਲੇਹ ਲੱਦਾਖ ਨੇ ਨੌਜਵਾਨਾਂ ਨੂੰ ਸ਼ਾਂਤੀ ਦੀ ਅਪੀਲ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸ਼ਾਂਤੀ ਨਾਲ ਹੀ ਸਭ ਮਸਲੇ ਹਲ਼ ਹੋ ਸਕਦੇ ਹਨ ਅਤੇ ਹਿੰਸਾ ਕਿਸੇ ਮਸਲੇ ਦਾ ਹੱਲ ਨਹੀਂ ਹੈ। ਉਹਨਾਂ ਨੌਜਵਾਨਾਂ ਨੂੰ ਹਿੰਸਾ ਤੁਰੰਤ ਬੰਦ ਕਰਨ ਦੀ ਅਪੀਲ ਵੀ ਕੀਤੀ।




ਕੇਂਦਰ ਸਰਕਾਰ ਦਾਅਵਾ ਕਰ ਰਹੀ ਹੈ ਕਿ ਲੱਦਾਖ ਦੇ ਇਸ ਅੰਦੋਲਨ ਵਿੱਚ ਪਾਕਿਸਤਾਨ ਜਾਂ ਚੀਨ ਵਰਗੀਆਂ ਵਿਦੇਸ਼ੀ ਸ਼ਕਤੀਆਂ ਦੀ ਸ਼ਮੂਲੀਅਤ ਹੈ। ਲੱਦਾਖ, ਜੋ ਚੀਨ ਅਤੇ ਪਾਕਿਸਤਾਨ ਦੀ ਸਰਹੱਦ ਨਾਲ ਲਗਦਾ ਹੈ, ਰਣਨੀਤਿਕ ਤੌਰ 'ਤੇ ਮਹੱਤਵਪੂਰਨ ਹੈ ਪਰ ਸੋਨਮ ਵਾਂਗਚੁਕ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਅੰਦੋਲਨ ਨੌਜਵਾਨਾਂ ਦੀ ਨਿਰਾਸ਼ਤਾ ਅਤੇ ਸਰਕਾਰ ਦੀਆਂ ਅਣਪੂਰੀਆਂ ਵਾਅਦਿਆਂ ਦਾ ਨਤੀਜਾ ਹੈ। ਉਨ੍ਹਾਂ ਅਨੁਸਾਰ ਬੇਰੁਜ਼ਗਾਰੀ, ਸੱਭਿਆਚਾਰਕ ਪਛਾਣ ਦਾ ਸੰਕਟ ਅਤੇ ਵਾਤਾਵਰਣਕ ਸੁਰੱਖਿਆ ਦੀ ਘਾਟ ਨੇ ਨੌਜਵਾਨਾਂ ਨੂੰ ਸੜਕਾਂ 'ਤੇ ਉਤਾਰਿਆ ਹੈ।



ਲੇਹ- ਲੱਦਾਖ ਵਿੱਚ ਭੁੱਖ ਹੜਤਾਲ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਲੱਦਾਖ ਨੂੰ ਪੂਰਨ ਰਾਜ ਦਾ ਦਰਜਾ ਦਿੱਤਾ ਜਾਵੇ ਅਤੇ ਛੇਵੀਂ ਅਨੁਸੂਚੀ ਦਾ ਵਿਸਥਾਰ ਕੀਤਾ ਜਾਵੇ। ਭਾਰਤੀ ਸੰਵਿਧਾਨ ਦੀ ਛੇਵੀਂ ਅਨੁਸੂਚੀ ਅਸਾਮ, ਮੇਘਾਲਿਆ, ਤ੍ਰਿਪੁਰਾ ਅਤੇ ਮਿਜ਼ੋਰਮ ਦੇ ਕਬਾਇਲੀ ਖੇਤਰਾਂ ਦੇ ਪ੍ਰਸ਼ਾਸਨ ਲਈ ਸਵੈ-ਸ਼ਾਸਨ ਅਤੇ ਖ਼ੁਦਮੁਖ਼ਤਿਆਰੀ ਦੀ ਵਿਵਸਥਾ ਕਰਦੀ ਹੈ। ਇਸ ਦੇ ਤਹਿਤ, ਖ਼ੁਦਮੁਖ਼ਤਿਆਰ ਜ਼ਿਲ੍ਹਾ ਪ੍ਰੀਸ਼ਦਾਂ ਦੀ ਸਥਾਪਨਾ ਕੀਤੀ ਜਾਂਦੀ ਹੈ, ਜਿਨ੍ਹਾਂ ਕੋਲ ਜ਼ਮੀਨ, ਜੰਗਲ, ਸਮਾਜਿਕ ਰੀਤੀ-ਰਿਵਾਜਾਂ, ਵਿਆਹ, ਤਲਾਕ ਅਤੇ ਹੋਰ ਖਾਸ ਮਾਮਲਿਆਂ 'ਤੇ ਕਾਨੂੰਨ ਬਣਾਉਣ ਦੀ ਸ਼ਕਤੀ ਹੁੰਦੀ ਹੈ। ਉਹ ਪ੍ਰਾਇਮਰੀ ਸਕੂਲ, ਬਾਜ਼ਾਰ, ਸੜਕਾਂ ਅਤੇ ਹੋਰ ਸਥਾਨਕ ਵਿਕਾਸ ਪ੍ਰੋਜੈਕਟਾਂ ਦੀ ਸਥਾਪਨਾ ਅਤੇ ਪ੍ਰਬੰਧਨ ਵੀ ਕਰ ਸਕਦੇ ਹਨ। ਇਹ ਖੇਤਰ ਨੂੰ ਸੁਰੱਖਿਅਤ ਅਤੇ ਕਬਾਇਲੀ ਦਰਜਾ ਪ੍ਰਦਾਨ ਕਰਦਾ ਹੈ। ਲੱਦਾਖ ਦੇ ਲੋਕ ਵੀ ਇਹੀ ਮੰਗ ਕਰ ਰਹੇ ਹਨ, ਤਾਂ ਜੋ ਜ਼ਮੀਨ ਅਤੇ ਰੁਜ਼ਗਾਰ ਦੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਸਕੇ।

ਅਸਲ ਵਿੱਚ ਲੱਦਾਖ ਭਾਰਤ ਦਾ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਹੈ, ਜੋ ਉੱਤਰ ਵਿੱਚ ਕਰਾਕੋਰਮ ਪਹਾੜਾਂ ਅਤੇ ਦੱਖਣ ਵਿੱਚ ਹਿਮਾਲਿਆ ਦੇ ਵਿਚਕਾਰ ਸਥਿਤ ਹੈ। ਇਹ ਭਾਰਤ ਦੇ ਸਭ ਤੋਂ ਘੱਟ ਆਬਾਦੀ ਵਾਲੇ ਹਿੱਸਿਆਂ ਵਿੱਚੋਂ ਇੱਕ ਹੈ। ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ ਦੇ ਪਾਸ ਹੋਣ ਤੋਂ ਬਾਅਦ 31 ਅਕਤੂਬਰ 2019 ਨੂੰ ਲੱਦਾਖ ਨੂੰ ਭਾਰਤ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਵਜੋਂ ਸਥਾਪਿਤ ਕੀਤਾ ਗਿਆ ਸੀ। ਇਸ ਤੋਂ ਪਹਿਲ਼ਾਂ, ਲੱਦਾਖ ਜੰਮੂ ਅਤੇ ਕਸ਼ਮੀਰ ਰਾਜ ਦਾ ਹਿੱਸਾ ਸੀ। ਲੱਦਾਖ ਭਾਰਤ ਦਾ ਸਭ ਤੋਂ ਵੱਡਾ ਅਤੇ ਦੂਜਾ ਸਭ ਤੋਂ ਘੱਟ ਆਬਾਦੀ ਵਾਲਾ ਕੇਂਦਰ ਸ਼ਾਸਿਤ ਪ੍ਰਦੇਸ਼ ਹੈ।

ਜਦੋਂ ਵੀ ਸ਼ਾਂਤੀਪੂਰਨ ਜਨਤਕ ਵਿਰੋਧ ਪ੍ਰਦਰਸ਼ਨਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ, ਤਾਂ ਲੋਕਤੰਤਰ ਦੀਆਂ ਗਲੀਆਂ ਸੜਨ ਲੱਗਦੀਆਂ ਹਨ। ਪਿਛਲੇ ਦਿਨੀਂ ਲੱਦਾਖ ਦੀ ਰਾਜਧਾਨੀ ਲੇਹ ਵਿੱਚ ਵੀ ਕੁਝ ਅਜਿਹਾ ਹੀ ਹੋਇਆ। ਲੱਦਾਖ, ਜਿਸ ਨੂੰ ਕੇਂਦਰ ਸਰਕਾਰ ਨੇ 2019 ਵਿੱਚ 'ਵਿਕਾਸ' ਅਤੇ 'ਸੁਰੱਖਿਆ' ਦੇ ਨਾਮ 'ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਬਦਲ ਦਿੱਤਾ ਸੀ, ਹੁਣ ਉਸੇ ਪ੍ਰਣਾਲੀ ਦੀ ਚੁੱਪੀ ਵਿਰੁੱਧ ਸੜ ਰਿਹਾ ਹੈ। ਲੱਦਾਖ ਦੀ 97% ਆਬਾਦੀ ਆਦਿਵਾਸੀ ਹੈ ਅਤੇ ਉਹ ਆਪਣੀ ਜ਼ਮੀਨ, ਸੱਭਿਆਚਾਰ ਅਤੇ ਕੁਦਰਤੀ ਸਰੋਤਾਂ 'ਤੇ ਆਪਣਾ ਕੰਟਰੋਲ ਚਾਹੁੰਦੇ ਹਨ।

ਕੇਂਦਰ ਸਰਕਾਰ ਨੂੰ ਹੁਣ ਲੱਦਾਖ ਦੀਆਂ ਉੱਚੀਆਂ ਪਹਾੜੀਆਂ 'ਤੇ ਲਿਖਿਆ ਚੰਗੀ ਤਰ੍ਹਾਂ ਪੜ੍ਹ ਲੈਣਾ ਚਾਹੀਦਾ ਹੈ ਅਤੇ ਲੱਦਾਖ ਸਬੰਧੀ ਆਪਣੀ ਨੀਤੀ ਵਿੱਚ ਬਦਲਾਓ ਲਿਆਉਣਾ ਚਾਹੀਦਾ ਹੈ। ਕੇਂਦਰ ਸਰਕਾਰ ਲਈ ਹੁਣ ਮੌਕਾ ਹੈ ਕਿ ਉਹ ਲੱਦਾਖ ਦੇ ਲੋਕਾਂ ਦਾ ਸਤਿਕਾਰ ਸਿਰਫ਼ 'ਸੈਲਾਨੀ ਆਕਰਸ਼ਣ' ਜਾਂ 'ਸਰਹੱਦੀ ਸੁਰੱਖਿਆ ਬਫਰ ਜ਼ੋਨ' ਵਜੋਂ ਨਹੀਂ, ਸਗੋਂ ਇੱਕ ਜੀਵੰਤ, ਜਾਗਰੂਕ ਅਤੇ ਸਿਆਸੀ ਤੌਰ 'ਤੇ ਸ਼ਕਤੀਸ਼ਾਲੀ ਭਾਈਚਾਰੇ ਵਜੋਂ ਕਰੇ। ਜੇਕਰ ਹੁਣ ਵੀ ਕੇਂਦਰ ਸਰਕਾਰ ਨੇ ਮੌਕਾ ਨਾ ਸੰਭਲਿਆ ਤਾਂ ਲੇਹ ਲੱਦਾਖ ਦੀ ਅਗਲੀ ਅੱਗ ਭਾਜਪਾ ਦਫ਼ਤਰ ਤੱਕ ਸੀਮਤ ਨਹੀਂ ਰਹੇਗੀ ਸਗੋਂ ਇਹ ਪੂਰੇ ਲੋਕਤੰਤਰ ਨੂੰ ਵੀ ਸਾੜ ਸਕਦੀ ਹੈ।



# ਪੰਥ ਤੇ ਪੰਜਾਬ ਦੀਆਂ ਰਾਜਸੀ ਅਤੇ ਧਾਰਮਿਕ ਧਿਰਾਂ ਨੂੰ ਪੰਥਕ ਏਕਤਾ ਦੀ ਅਪੀਲ: ਬੀਬੀ ਸਤਵੰਤ ਕੌਰ

## ਜਲਦੀ ਕੀਤਾ ਜਾਵੇਗਾ ਪੰਥਕ ਕੌਂਸਲ ਦਾ ਵਿਸਥਾਰ

ਪੰਥਕ ਭਾਵਨਾਵਾਂ ਅਨੁਸਾਰ ਪਿਛਲੇ ਦਿਨੀਂ ਸਥਾਪਤ ਹੋਈ ਪੰਥਕ ਕੌਂਸਲ ਦੇ ਚੇਅਰਪਰਸਨ ਬੀਬੀ ਸਤਵੰਤ ਕੌਰ ਜੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਥਕ ਕੌਂਸਲ ਦਾ ਪ੍ਰਮੁੱਖ ਮਕਸਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਤਾਬਿਆ ਵਿੱਚ ਪੰਥ ਪ੍ਰਤੀ ਸੁਹਿਰਦ ਰਾਜਸੀ, ਸਮਾਜਿਕ ਅਤੇ ਧਾਰਮਿਕ ਧਿਰਾਂ ਨੂੰ ਮਿਲ ਬੈਠ ਕੇ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਸਾਂਝਾ ਉਪਰਾਲਾ ਕਰਨ ਦੀ ਜੋਦੜੀ ਕਰਨਾ ਹੈ, ਜਿਸ ਦਾ ਪੰਥਕ ਭਾਵਨਾਵਾਂ ਅਨੁਸਾਰ ਜਲਦੀ ਹੀ ਵਿਸਥਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਥਕ ਕੌਂਸਲ ਦੀ ਸਥਾਪਨਾ ਪੰਥ ਅਤੇ ਪੰਜਾਬ ਦੇ ਵਡੇਰੇ ਹਿੱਤਾਂ ਦੀ ਰਾਖੀ ਅਤੇ ਪੰਥ ਦੇ ਹਿੱਤਾਂ ਦੀ ਪਹਿਰੇਦਾਰੀ ਲਈ ਕੀਤੀ ਗਈ ਸੀ। ਇਸ ਲਈ ਮੈਂ ਵੱਖ ਵੱਖ ਧਿਰਾਂ ਦੇ ਰੂਪ ਵਿੱਚ ਕੰਮ ਕਰ ਰਹੀਆਂ ਰਾਜਸੀ ਅਤੇ ਧਾਰਮਿਕ ਸੰਸਥਾਵਾਂ ਨੂੰ ਅਪੀਲ ਕਰਦੀ ਹਾਂ ਕਿ ਪੰਥ ਦੇ ਵਡੇਰੇ ਹਿੱਤਾਂ ਲਈ ਪੰਥ ਅਤੇ ਪੰਜਾਬ ਦੀ ਰਾਜਸੀ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਨਿੱਜੀ ਹਿੱਤਾਂ ਅਤੇ ਲਾਲਸਾਵਾਂ ਨੂੰ ਤਿਆਗ ਕੇ ਸਾਰੀਆਂ ਧਿਰਾਂ ਇੱਕ ਝੰਡੇ ਹੇਠ ਇਕੱਠੀਆਂ ਹੋਣ ਤਾਂ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ 2 ਦਸੰਬਰ 2024 ਨੂੰ ਸੁਣਾਏ ਗਏ ਹੁਕਮਨਾਮਾ ਸਾਹਿਬ ਦੀ ਭਾਵਨਾ ਅਨੁਸਾਰ ਪੰਥਕ ਏਕਤਾ ਕਰ ਕੇ ਇੱਕ ਮਜ਼ਬੂਤ ਪੰਥ ਅਤੇ ਪੰਜਾਬ ਪ੍ਰਸਤ ਪੰਥਕ ਪਲੇਟਫਾਰਮ ਸਿਰਜਿਆ ਜਾ ਸਕੇ। ਬੀਬੀ ਜੀ ਨੇ ਕਿਹਾ ਕਿ ਪੰਜਾਬ ਦੀ ਰਾਜਨੀਤੀ ਅਤੇ ਖਾਸ ਤੌਰ ਤੇ ਸਿੱਖ ਰਾਜਨੀਤੀ ਜੋ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਹੀ ਹੈ ਅਤੇ ਸਿੱਖ ਸ਼ਕਤੀ ਅਨੇਕਾਂ ਧਿਰਾਂ ਵਿੱਚ ਵੰਡੀ ਜਾ ਚੁੱਕੀ ਹੈ, ਇੰਨ੍ਹਾਂ ਹਾਲਾਤਾਂ ਵਿੱਚ ਕਿਸੇ ਵੀ ਧਿਰ ਵੱਲੋਂ ਰਾਜਸੀ ਤੌਰ 'ਤੇ ਪੰਥ ਅਤੇ ਪੰਜਾਬ ਦੀ ਪੰਥ ਪ੍ਰਵਾਨਿਤ ਰਹਿਨੁਮਾਈ ਕਰ ਕੇ ਇੱਕ ਰਾਜਸੀ ਪੰਥ ਪ੍ਰਵਾਨਿਤ ਸ਼ਕਤੀ ਦੇਣ ਦਾ ਮਨੋਰਥ ਪੂਰਾ ਹੁੰਦਾ ਨਜ਼ਰ ਨਹੀਂ



ਆ ਰਿਹਾ। ਇਸ ਲਈ ਸਮੁੱਚੀਆਂ ਪੰਥਕ ਰਾਜਸੀ ਧਿਰਾਂ, ਧਾਰਮਿਕ ਸੰਸਥਾਵਾਂ, ਅਤੇ ਹੋਰ ਪੰਥਕ ਸਫਾਂ ਵਿੱਚ ਪੰਥ ਅਤੇ ਪੰਜਾਬ ਦੇ ਵਡੇਰੇ ਹਿੱਤਾਂ ਲਈ ਸੇਵਾਵਾਂ ਕਰ ਰਹੇ ਬੁੱਧੀਜੀਵੀ, ਧਾਰਮਿਕ ਸਖਸ਼ੀਅਤਾਂ ਅਤੇ ਸਮਾਜ ਸੇਵੀ ਸੰਸਥਾਵਾਂ ਇਕੱਠੇ ਹੋਕੇ ਇਸ ਦਾ ਹੱਲ ਕਰਨ।

ਦਰਅਸਲ ਕੁਝ ਰਾਜਸੀ ਧਿਰਾਂ ਪੰਜਾਬ ਨੂੰ ਘਸਿਆਰਾ ਬਣਾਉਣ ਅਤੇ ਪੰਥਕ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਰਾਹ ਤੁਰੀਆਂ ਹੋਈਆਂ ਹਨ ਅਤੇ ਇਸ ਵਰਤਾਰੇ ਨੂੰ ਰੋਕਣ ਲਈ ਇਕਜੁੱਟਤਾ ਦਾ ਸਬੂਤ ਦੇਣਾ ਕਿਸੇ ਇੱਕ ਨਹੀਂ ਬਲਕਿ ਪੰਜਾਬ ਦੀਆਂ ਸਮੂਹ ਪੰਥਕ ਧਿਰਾਂ ਦੀ ਇਖਲਾਕੀ ਜ਼ਿੰਮੇਵਾਰੀ ਹੈ ਅਤੇ ਇਸ ਇੱਕਜੁਟਤਾ ਦਾ ਸੂਤਰਧਾਰ ਬਣਨ ਲਈ ਪੰਥਕ ਕੌਂਸਲ ਦ੍ਰਿੜ ਅਤੇ ਵਚਨਬੱਧ ਹੈ ਅਤੇ ਇਸ ਲਈ ਸਮੇਂ ਸਮੇਂ ਤੇ ਪੰਥਕ ਕੌਂਸਲ ਵਲੋਂ ਸੁਹਿਰਦ ਯਤਨ ਜਾਰੀ ਰਹਿਣਗੇ।

ਪੰਥ ਦੀ ਨਿਆਰੀ ਅਤੇ ਵਿਲੱਖਣ ਹੋਂਦ ਉੱਪਰ ਜਿਸ ਤਰ੍ਹਾਂ ਦੇ ਬੌਧਿਕ ਹਮਲੇ ਹੋ ਰਹੇ ਹਨ ਅਤੇ ਜਿਸ ਤਰ੍ਹਾਂ ਨਾਲ ਮੌਜੂਦਾ ਹਕੂਮਤ ਅਤੇ ਉਸ ਦੇ ਪੁਲਿਸ ਪ੍ਰਸ਼ਾਸਨ ਤੰਤਰ ਵੱਲੋਂ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ, ਉਸ ਦੇ ਮੱਦੇ ਨਜ਼ਰ ਪੰਥ ਅਤੇ ਪੰਜਾਬ ਪ੍ਰਤੀ ਸੁਹਿਰਦ ਧਿਰਾਂ ਦਾ ਇੱਕ ਮੁੱਠ ਹੋਣਾ ਅਤਿ ਜ਼ਰੂਰੀ ਹੈ।

ਸਮੁੱਚੇ ਸਿੱਖ ਜਗਤ ਅਤੇ ਪੰਜਾਬੀਆਂ ਦੇ ਲੱਖਾਂ ਮੈਂਬਰਾਂ ਦੀ ਤਰਜਮਾਨੀ ਕਰਦੇ ਹੋਏ ਡੈਲੀਗੇਟ ਇਜਲਾਸ ਵਿੱਚ ਸਥਾਪਿਤ ਹੋਈ ਪੰਥ ਪ੍ਰਵਾਨਿਤ ਪੰਥਕ ਕੌਂਸਲ ਦੀ ਪ੍ਰਮੁੱਖ ਸੇਵਾਦਾਰ ਅਤੇ ਪੰਥ ਦੀ ਨਿਮਾਣੀ ਧੀ ਵਜੋਂ ਮੈਂ ਇਸ ਵਿਸ਼ੇ 'ਤੇ ਸਾਰੀਆਂ ਪੰਥਕ ਧਿਰਾਂ ਪਾਸੋਂ ਪੰਥ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਹਾਂ ਪੱਖੀ ਹੁੰਗਾਰਾ ਭਰਨ ਦੀ ਆਸ ਰੱਖਦੀ ਹਾਂ।

ਇਸ ਕਾਰਜ ਲਈ ਪੰਥ ਅਤੇ ਪੰਜਾਬ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਚਿੰਤਨ ਕਰਨ ਵਾਲੀਆਂ ਸਮੂਹ ਪੰਥਕ ਸੁਹਿਰਦ ਧਿਰਾਂ ਪੰਥਕ ਕੌਂਸਲ ਦੀ ਈਮੇਲ ਉੱਪਰ ਆਪਣੇ ਕੀਮਤੀ ਸੁਝਾਅ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

panthikcounsel@gmail.com

# ਟਰੰਪ ਨੇ ਸੱਤ ਅੰਤਹੀਣ ਯੁੱਧ ਖ਼ਤਮ ਕਰਨ ਦਾ ਕੀਤਾ ਦਾਅਵਾ

## ਭਾਰਤ-ਪਾਕਿ ਯੁੱਧ ਖ਼ਤਮ ਕਰਾਉਣ ਬਾਰੇ ਟਰੰਪ ਨੇ ਮਾਰੀ ਡੀਂਗ: ਭਾਰਤ ਨੇ ਫ਼ਿਰ ਖਾਰਜ ਕੀਤਾ

### ਯੂ.ਐੱਨ. 'ਤੇ ਟਰੰਪ ਦਾ ਨਿਸ਼ਾਨਾ ਕਿ ਉਹ ਸਿਰਫ਼ ਪੱਤਰ ਲਿਖਣ ਜੋਗਾ, ਵਿਸ਼ਵ ਸ਼ਾਂਤੀ 'ਚ ਕੋਈ ਭੂਮਿਕਾ ਨਹੀਂ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਸੰਯੁਕਤ ਰਾਸ਼ਟਰ ਮਹਾਸਭਾ (ਯੂ.ਐੱਨ.ਜੀ.ਏ.) ਦੇ 80ਵੇਂ ਸੈਸ਼ਨ ਵਿੱਚ ਇੱਕ ਘੰਟੇ ਤੋਂ ਵੱਧ ਲੰਮਾ ਭਾਸ਼ਣ ਦਿੱਤਾ। ਇਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹਨਾਂ ਨੇ ਸਿਰਫ਼ ਸੱਤ ਮਹੀਨਿਆਂ ਵਿੱਚ ਸੱਤ ਅਜਿਹੇ ਯੁੱਧ ਖਤਮ ਕਰ ਦਿੱਤੇ ਜਿਨ੍ਹਾਂ ਨੂੰ ਹੋਰ ਲੋਕ ਅਸੰਭਵ ਸਮਝਦੇ ਸਨ। ਟਰੰਪ ਨੇ ਕਿਹਾ ਕਿ ਸਿਰਫ਼ ਸੱਤ ਮਹੀਨਿਆਂ ਵਿੱਚ ਮੈਂ ਸੱਤ ਅੰਤਹੀਣ ਯੁੱਧ ਖਤਮ ਕਰ ਦਿੱਤੇ। ਕੁਝ ਯੁੱਧ 31 ਸਾਲਾਂ ਤੋਂ ਚੱਲ ਰਹੇ ਸਨ, ਇੱਕ 36 ਸਾਲ ਤੋਂ। ਸਭ ਖਤਮ ਹੋ ਗਏ ਹਨ। ਉਹਨਾਂ ਨੇ ਵਿਸ਼ਵ ਨੇਤਾਵਾਂ ਨੂੰ ਕਿਹਾ ਕਿ ਇਹ ਯੁੱਧ ਭਿਆਨਕ ਸਨ, ਜਿੱਥੇ ਹਜ਼ਾਰਾਂ ਲੋਕ ਮਰ ਰਹੇ ਸਨ।

ਟਰੰਪ ਦੇ ਅਨੁਸਾਰ, ਇਹਨਾਂ ਯੁੱਧਾਂ ਵਿੱਚ ਕੰਬੋਡੀਆ ਅਤੇ ਥਾਈਲੈਂਡ ਵਿਚਕਾਰ ਲੜਾਈ, ਸਰਬੀਆ ਅਤੇ ਕੋਸੋਵੋ ਵਿਚਕਾਰ ਵਿਵਾਦ, ਕਾਂਗੋ ਅਤੇ ਰਵਾਂਡਾ ਵਿਚਕਾਰ ਲੰਮੇ ਸਮੇਂ ਤੋਂ ਟਕਰਾਅ, ਪਾਕਿਸਤਾਨ ਅਤੇ ਭਾਰਤ ਵਿਚਕਾਰ ਮਈ 2025 ਵਿੱਚ ਹੋਈ ਲੜਾਈ, ਇਜ਼ਰਾਈਲ ਅਤੇ ਇਰਾਨ ਵਿਚਕਾਰ ਤਣਾਅ, ਮਿਸਰ ਅਤੇ ਇਥੋਪੀਆ ਵਿਚਕਾਰ ਨੀਲ ਨਦੀ 'ਤੇ ਵਿਵਾਦ ਅਤੇ ਅਰਮੀਨੀਆ ਅਤੇ ਅਜ਼ਰਬੈਜ਼ਾਨ ਵਿਚਕਾਰ ਨਾਗੋਰਨੋ-ਕਾਰਾਬਾਖ ਖੇਤਰ ਨਾਲ ਜੁੜੀ ਲੜਾਈ ਸ਼ਾਮਲ ਹੈ। ਟਰੰਪ ਨੇ ਇਹ ਵੀ ਕਿਹਾ ਕਿ ਉਹਨਾਂ ਨੇ ਹਰ ਯੁੱਧ ਵਿੱਚ ਦੋਵਾਂ ਦੇਸ਼ਾਂ ਦੇ ਨੇਤਾਵਾਂ ਨਾਲ ਗੱਲਾਂ ਕੀਤੀਆਂ ਅਤੇ ਵਪਾਰਕ ਸਹੂਲਤਾਂ ਦੇ ਬਦਲੇ ਯੁੱਧਬੰਦੀ ਨੂੰ ਕਰਵਾਇਆ। ਉਹਨਾਂ ਨੇ ਭਾਰਤ-ਪਾਕਿਸਤਾਨ ਯੁੱਧ ਨੂੰ ਇੱਕੋ-ਇੱਕ ਵਾਰ ਨਹੀਂ ਬਲਕਿ ਦੋ ਵਾਰ ਜ਼ਿਕਰ ਕੀਤਾ, ਕਿਹਾ ਕਿ ਉਹਨਾਂ ਨੇ ਇਸ ਨੂੰ ਵਪਾਰ ਨਾਲ ਜੋੜ ਕੇ ਰੁਕਵਾਇਆ। ਇਹ ਦਾਅਵਾ ਟਰੰਪ ਨੇ ਪਹਿਲਾਂ ਵੀ ਕੀਤਾ ਸੀ, ਪਰ ਯੂ.ਐੱਨ. ਵਰਗੇ ਵਿਸ਼ਵ ਮੰਚ 'ਤੇ ਇਹ ਪਹਿਲੀ ਵਾਰ ਦਾਅਵਾ ਕੀਤਾ ਹੈ। ਉਹਨਾਂ ਨੇ ਇਸ ਨਾਲ ਇਹ ਵੀ ਕਿਹਾ ਕਿ ਉਹ ਨੋਬਲ ਸ਼ਾਂਤੀ ਪੁਰਸਕਾਰ ਲੈਣ ਦੇ ਅਧਿਕਾਰੀ ਹਨ। ਟਰੰਪ ਨੇ ਕਿਹਾ, 'ਸਭ ਕਹਿੰਦੇ ਹਨ ਕਿ ਮੈਨੂੰ ਹਰ ਯੁੱਧ ਲਈ ਨੋਬਲ ਪ੍ਰਾਈਜ਼ ਮਿਲਣਾ ਚਾਹੀਦਾ।' ਉਹਨਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਜੇ ਉਹ ਰੂਸ-ਯੂਕ੍ਰੇਨ ਯੁੱਧ ਵੀ ਰੋਕ ਦਿੰਦੇ ਹਨ ਤਾਂ ਹੋਰ ਵੀ ਇੱਕ ਪੁਰਸਕਾਰ ਮਿਲੇਗਾ। ਟਰੰਪ ਦਾ ਭਾਸ਼ਣ ਨਾ ਸਿਰਫ਼ ਆਪਣੀ ਪਿੱਠ ਥਪਥਪਾਉਣ ਵਾਲਾ ਸੀ ਬਲਕਿ ਯੂ.ਐੱਨ. 'ਤੇ ਵੀ ਨਿਸ਼ਾਨਾ ਸਾਧਣ ਵਾਲਾ। ਉਹਨਾਂ ਨੇ ਕਿਹਾ, ਯੂ.ਐੱਨ. ਨੇ ਕੋਈ ਮਦਦ ਨਹੀਂ ਕੀਤੀ। ਉਹ ਸਿਰਫ਼ ਖ਼ਤ ਲਿਖਦੇ ਹਨ ਅਤੇ ਕੁਝ ਨਹੀਂ ਕਰਦੇ। ਇਸ ਭਾਸ਼ਣ ਨਾਲ ਵਿਸ਼ਵ ਨੇਤਾਵਾਂ ਵਿੱਚ ਹਲਚਲ ਮੱਚ ਗਈ। ਫ਼ਰਾਂਸੀਸੀ ਰਾਸ਼ਟਰਪਤੀ ਐਮੈਨੂਅਲ ਮੈਕਰਾਂ ਨੇ ਕਿਹਾ ਕਿ



ਜੇ ਟਰੰਪ ਨੂੰ ਨੋਬਲ ਚਾਹੀਦਾ ਹੈ ਤਾਂ ਉਹਨਾਂ ਨੂੰ ਗਾਜ਼ਾ ਵਿੱਚ ਯੁੱਧ ਰੋਕਣਾ ਚਾਹੀਦਾ ਹੈ।

ਟਰੰਪ ਨੇ ਇਹ ਦਾਅਵਾ ਕੀਤਾ ਸੀ ਕਿ ਉਹਨਾਂ ਨੇ ਵਪਾਰਕ ਰਾਹਤ ਦੇ ਬਦਲੇ ਭਾਰਤ ਤੇ ਪਾਕਿ ਯੁੱਧ ਰੁਕਵਾਇਆ। ਪਰ ਭਾਰਤ ਨੇ ਇਸ ਨੂੰ ਸਾਫ਼ ਤੌਰ 'ਤੇ ਨਕਾਰ ਦਿੱਤਾ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਯੁੱਧਬੰਦੀ ਦੋਹਾਂ ਫ਼ੌਜਾਂ ਵਿਚਕਾਰ ਹੋਈ ਅਤੇ ਅਮਰੀਕਾ ਦੀ ਕੋਈ ਭੂਮਿਕਾ ਨਹੀਂ ਸੀ। ਪੀ.ਐੱਮ. ਮੋਦੀ ਨੇ ਟਰੰਪ ਨੂੰ ਫ਼ੋਨ ਕਰਕੇ ਕਿਹਾ ਕਿ ਭਾਰਤ ਕਿਸੇ ਤੀਜੀ ਪਾਰਟੀ ਨੂੰ ਕਸ਼ਮੀਰ 'ਤੇ ਵਿਚੋਲਗੀ ਨੂੰ ਨਹੀਂ ਮੰਨਦਾ। ਪਾਕਿਸਤਾਨ ਨੇ ਟਰੰਪ ਦੇ ਰੋਲ ਨੂੰ ਮੰਨਿਆ, ਪਰ ਭਾਰਤ ਨੇ ਇਸ ਨੂੰ ਨਕਾਰ ਦਿੱਤਾ। ਯੂ.ਐੱਨ. 'ਤੇ ਨਿਸ਼ਾਨਾ ਸਾਧਦੇ ਹੋਏ ਟਰੰਪ ਨੇ ਕਿਹਾ ਕਿ ਮੈਂ ਸੱਤ ਯੁੱਧ ਖਤਮ ਕੀਤੇ, ਹਰ ਦੇਸ਼ ਦੇ ਨੇਤਾ ਨਾਲ ਗੱਲ ਕੀਤੀ, ਪਰ ਯੂ.ਐੱਨ. ਤੋਂ ਇੱਕ ਫ਼ੋਨ ਵੀ ਨਹੀਂ ਆਇਆ। ਟਰੰਪ ਨੇ ਯੂਰਪੀਅਨ ਦੇਸ਼ਾਂ ਨੂੰ ਵੀ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਉਹ ਰੂਸੀ ਤੇਲ ਖਰੀਦ ਕੇ ਪੁਤਿਨ ਦੀ ਯੁੱਧ ਮਸ਼ੀਨ ਨੂੰ ਈਂਧਨ ਦੇ ਰਹੇ ਹਨ। ਉਹਨਾਂ ਨੇ ਭਾਰੀ ਟੈਰਿਫ਼ਾਂ ਦੀ ਧਮਕੀ ਵੀ ਦਿੱਤੀ ਅਤੇ ਕਿਹਾ ਕਿ ਇਹ ਖ਼ੂਨਖਰਾਬਾ ਜਲਦੀ ਰੋਕ ਦੇਣਗੀਆਂ। ਇਹ ਬਿਆਨ ਅਗਸਤ 2025 ਵਿੱਚ ਭਾਰਤੀ ਆਯਾਤ 'ਤੇ 25% ਵਾਧੂ ਟੈਰਿਫ਼ ਲਗਾਉਣ ਤੋਂ ਬਾਅਦ ਆਇਆ, ਜਿਸ ਨਾਲ ਕੁੱਲ ਟੈਰਿਫ਼ 50% ਹੋ ਗਈ। ਭਾਰਤ ਨੇ ਕਿਹਾ ਕਿ ਉਹ ਸਸਤੇ ਤੇਲ ਲਈ ਖਰੀਦ ਜਾਰੀ ਰੱਖੇਗਾ। ਟਰੰਪ ਦਾ ਭਾਰਤ ਅਤੇ ਚੀਨ ਨੂੰ ਯੂਕ੍ਰੇਨ ਯੁੱਧ ਦੇ ਜ਼ਿੰਮੇਵਾਰ ਕਹਿਣ ਵਾਲਾ ਬਿਆਨ ਨਵੀਂ ਦਿੱਲੀ ਲਈ ਚੁਭਣ ਵਾਲਾ ਸੀ। ਉਹਨਾਂ ਨੇ ਕਿਹਾ, 'ਚੀਨ ਅਤੇ ਭਾਰਤ ਰੂਸੀ ਤੇਲ ਖਰੀਦ ਕੇ ਯੁੱਧ ਨੂੰ ਭੜਕਾ ਰਹੇ ਹਨ। ਇਹ ਪੁਤਿਨ ਦੀ ਯੁੱਧ ਮਸ਼ੀਨ ਨੂੰ ਈਂਧਨ ਦੇਣ ਵਾਲਾ ਇੰਜਣ ਹੈ।' ਟਰੰਪ ਨੇ ਨਾਟੋ ਦੇਸ਼ਾਂ ਨੂੰ ਵੀ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਉਹ ਵੀ ਰੂਸੀ ਊਰਜਾ ਖਰੀਦ ਰਹੇ ਹਨ। ਇਹ ਬਿਆਨ ਅਜਿਹੇ ਸਮੇਂ ਆਇਆ ਜਦੋਂ ਭਾਰਤ ਅਮਰੀਕਾ ਨਾਲ ਵਪਾਰਕ ਗੱਲਾਂ ਕਰ ਰਿਹਾ ਹੈ। ਅਗਸਤ ਵਿੱਚ ਅਮਰੀਕਾ ਨੇ ਭਾਰਤ ਨੂੰ ਰੂਸੀ ਤੇਲ ਖਰੀਦਣ ਲਈ ਸਜ਼ਾ ਵਜੋਂ ਟੈਰਿਫ਼ ਵਧਾਏ ਸਨ। ਭਾਰਤ ਨੇ ਜਵਾਬ ਵਿੱਚ ਕਿਹਾ ਕਿ ਉਹ ਆਪਣੀ ਆਰਥਿਕ ਸੁਰੱਖਿਆ ਲਈ ਇਹ ਕਰ ਰਿਹਾ ਹੈ ਅਤੇ ਪੱਛਮੀ ਦੇਸ਼ ਵੀ ਰੂਸੀ ਵਸਤਾਂ ਖਰੀਦ ਰਹੇ ਹਨ। ਯੂਕ੍ਰੇਨੀ ਰਾਸ਼ਟਰਪਤੀ ਵੋਲੋਡੀਮੀਰ ਜ਼ੈਲੇਂਸਕੀ ਨੇ ਕਿਹਾ ਕਿ ਭਾਰਤ ਜ਼ਿਆਦਾਤਰ ਉਹਨਾਂ ਨਾਲ ਹੈ ਅਤੇ ਊਰਜਾ ਚੁਣੌਤੀਆਂ ਨੂੰ ਹੱਲ ਕੀਤਾ ਜਾਣਾ ਚਾਹੀਦਾ। ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਟਰੰਪ ਦੇ ਯੁੱਧ ਖਤਮ ਕਰਨ ਦੇ ਦਾਅਵੇ ਗਲਤ ਹਨ, ਕਿਉਂਕਿ ਕਈਆਂ ਵਿੱਚ ਅਮਰੀਕੀ ਰੋਲ ਸੀ ਪਰ ਯੁੱਧ ਪੂਰੀ ਤਰ੍ਹਾਂ ਖਤਮ ਨਹੀਂ ਹੋਏ। ਉਦਾਹਰਨ ਵਜੋਂ, ਕਾਂਗੋ-ਰਵਾਂਡਾ ਵਿੱਚ ਅਗਸਤ 2025 ਵਿੱਚ ਯੂ.ਐੱਨ. ਦੀ ਰਿਪੋਰਟ ਅਨੁਸਾਰ ਲੜਾਈ ਜਾਰੀ ਹੈ ਅਤੇ ਹਜ਼ਾਰਾਂ ਲੋਕ ਉੱਜੜੇ ਹਨ।

(ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰਤ-ਕੈਨੇਡਾ ਸਬੰਧਾਂ ਵਿਚਾਲੇ ਹੋਈ ਨਵੀਂ ਸ਼ੁਰੂਆਤ

## ਡੋਵਾਲ-ਡਰੁਆਇਨ ਮੁਲਾਕਾਤ ਨੇ ਜਗਾਈ ਉਮੀਦ

## ਖ਼ਾਲਿਸਤਾਨੀ ਵਿਵਾਦ ’ਤੇ ਕੈਨੇਡਾ ਦਾ ਨਰਮ ਰੁਖ਼: ਕੀ ਸੁਧਰੇਗਾ ਭਾਰਤ ਨਾਲ ਰਿਸ਼ਤਾ ?

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਸਰਕਾਰ ਨੇ ਭਾਰਤ ਨਾਲ ਸਬੰਧਾਂ ਨੂੰ ਸੁਧਾਰਨ ਦੇ ਸੰਕੇਤ ਦਿੱਤੇ ਹਨ। ਜਸਟਿਨ ਟਰੂਡੋ ਦੇ ਸਮੇਂ ਵਿੱਚ ਭਾਰਤ ਨਾਲ ਆਏ ਤਣਾਅ ਦੇ ਉਲਟ, ਹੁਣ ਕੈਨੇਡਾ ਵੱਲੋਂ ਸਕਾਰਾਤਮਕ ਰਵੱਈਆ ਅਪਣਾਇਆ ਜਾ ਰਿਹਾ ਹੈ। ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਅਤੇ ਖ਼ੁਫ਼ੀਆ ਸਲਾਹਕਾਰ ਨੈਥਾਲੀ ਡਰੁਆਇਨ ਨੇ ਕਿਹਾ ਹੈ ਕਿ ਭਾਰਤ ਅਤੇ ਕੈਨੇਡਾ ਨੇ ਆਪਸੀ ਚਿੰਤਾਵਾਂ ਨੂੰ ਦੂਰ ਕਰਨ ਅਤੇ ਵਪਾਰਕ ਸਬੰਧਾਂ ’ਤੇ ਗੱਲਬਾਤ ਲਈ ਰਸਤਾ ਲੱਭ ਲਿਆ ਹੈ। ਭਾਰਤੀ ਐੱਨ.ਐੱਸ.ਏ. ਅਜੀਤ ਡੋਵਾਲ ਨਾਲ ਮੁਲਾਕਾਤ ਤੋਂ ਕੁਝ ਦਿਨਾਂ ਬਾਅਦ ਉਨ੍ਹਾਂ ਨੇ ਇਹ ਬਿਆਨ ਜਾਰੀ ਕੀਤਾ ਹੈ। ਇਹ ਵਿਕਾਸ ਦੋਹਾਂ ਦੇਸ਼ਾਂ ਵਿਚਕਾਰ ਲੰਮੇ ਸਮੇਂ ਤੋਂ ਚੱਲ ਰਹੇ ਤਣਾਅ ਨੂੰ ਖਤਮ ਕਰਨ ਵੱਲ ਇੱਕ ਵੱਡਾ ਕਦਮ ਹੈ।

ਗੁਰੂਵਾਰ ਨੂੰ ਡਰੁਆਇਨ ਨੇ ਕਿਹਾ ਕਿ ਬੀਤੇ ਹਫ਼ਤੇ ਡੋਵਾਲ ਨਾਲ ਉਨ੍ਹਾਂ ਦੀ ਮੁਲਾਕਾਤ ਦੇ ਨਤੀਜੇ ਚੰਗੇ ਆਏ ਹਨ। ਕੈਨੇਡਾ ਅਤੇ ਭਾਰਤ ਨੇ ਆਪਣੀਆਂ ਆਪਣੀਆਂ ਚਿੰਤਾਵਾਂ ’ਤੇ ਚਰਚਾ ਲਈ ਸੰਚਾਰ ਮਾਧਿਅਮਾਂ ਨੂੰ ਮੁੜ ਸਥਾਪਿਤ ਕੀਤਾ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਭਾਰਤ ਨੇ ਕੈਨੇਡੀਅਨ ਪੁਲਿਸ ਜਾਂਚ ਵਿੱਚ ਸਹਿਯੋਗ ਕਰੇਗਾ ਅਤੇ ਅੱਤਵਾਦ ਬਾਰੇ ਜਾਣਕਾਰੀ ਸਾਂਝੀ ਕਰਨ ਦੀ ਵਚਨਬੱਧਤਾ ਜ਼ਾਹਰ ਕੀਤੀ ਹੈ। ਹਾਲਾਂ ਕਿ ਉਨ੍ਹਾਂ ਨੇ ਕਿਸੇ ਵਿਸ਼ੇਸ਼ ਕੇਸ ਦੀ ਜਾਂਚ ਦਾ ਜ਼ਿਕਰ ਨਹੀਂ ਕੀਤਾ। ਇਹ ਬਿਆਨ ਕੈਨੇਡੀਅਨ ਖ਼ੁਫ਼ੀਆ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਹੈ, ਜੋ ਇੱਕ ਚੰਗਾ ਰਾਜਨੀਤਕ ਸੰਕੇਤ ਵੀ ਹੈ।

### ਤਣਾਅ ਦੀਆਂ ਜੜ੍ਹਾਂ: ਖ਼ਾਲਿਸਤਾਨੀ ਵਿਵਾਦ ਨੇ ਵਿਗਾੜੇ ਸੀ ਸਬੰਧ

ਭਾਰਤ ਅਤੇ ਕੈਨੇਡਾ ਦੇ ਸਬੰਧ ਪਿਛਲੇ ਕੁਝ ਸਾਲਾਂ ਤੋਂ ਤਣਾਅ ਦੇ ਦੌਰ ਤੋਂ ਲੰਘ ਰਹੇ ਹਨ। ਇਸ ਦੀ ਸ਼ੁਰੂਆਤ 2023 ਵਿੱਚ ਹੋਈ ਸੀ, ਜਦੋਂ ਤਤਕਾਲੀਨ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖੁੱਲ੍ਹੇ ਤੌਰ ’ਤੇ ਭਾਰਤ ਸਰਕਾਰ ’ਤੇ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭੂਮਿਕਾ ਨਿਭਾਉਣ ਦਾ ਇਲਜ਼ਾਮ ਲਗਾਇਆ। ਨਿੱਝਰ, ਜੋ ਕੈਨੇਡਾ ਵਿੱਚ ਰਹਿੰਦੇ ਸਨ ਅਤੇ ਖ਼ਾਲਿਸਤਾਨ ਲਈ ਪ੍ਰਚਾਰ ਕਰਦੇ ਸਨ, ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਭਾਰਤ ਨੇ ਇਸ ਇਲਜ਼ਾਮ ਨੂੰ ਬੇਬੁਨਿਆਦ ਦੱਸਿਆ ਅਤੇ ਕਿਹਾ ਕਿ ਨਿੱਜਰ ਇੱਕ ਖਾੜਕੂ ਸੀ, ਜਿਸ ਨੂੰ ਭਾਰਤ ਨੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਮੰਨਿਆ ਹੋਇਆ ਸੀ। ਇਸ ਘਟਨਾ ਨੇ ਦੋਹਾਂ ਦੇਸ਼ਾਂ ਵਿਚਕਾਰ ਰਾਜਨੀਤਕ ਤੌਰ ’ਤੇ ਵੱਡਾ ਵਿਵਾਦ ਪੈਦਾ ਕਰ ਦਿੱਤਾ ਸੀ।

ਇਸ ਤੋਂ ਬਾਅਦ ਅਕਤੂਬਰ 2024 ਵਿੱਚ ਸਬੰਧ ਹੋਰ ਖ਼ਰਾਬ ਹੋ ਗਏ, ਜਦੋਂ ਕੈਨੇਡੀਅਨ ਪੁਲਿਸ ਨੇ ਭਾਰਤੀ ਸਰਕਾਰੀ ਏਜੰਟਾਂ ਨੂੰ ਕੈਨੇਡਾ ਵਿੱਚ ਹੱਤਿਆਵਾਂ, ਜਬਰਨ ਵਸੂਲੀ ਅਤੇ ਅਪਰਾਧਕ ਗਤੀਵਿਧੀਆਂ ਨਾਲ ਜੋੜਿਆ। ਪੁਲਿਸ ਨੇ ਕਿਹਾ ਕਿ ਭਾਰਤੀ ਏਜੰਟ ਖ਼ਾਲਿਸਤਾਨੀਆਂ ਨੂੰ ਨਿਸ਼ਾਨਾ ਬਣਾ ਰਹੇ ਸਨ। ਭਾਰਤ ਨੇ ਇਸ ਨੂੰ ‘ਝੂਠਾ ਇਲਜ਼ਾਮ’ ਕਿਹਾ ਸੀ ਅਤੇ ਕੈਨੇਡਾ ’ਤੇ ਖ਼ਾਲਿਸਤਾਨੀਆਂ ਨੂੰ ਪਨਾਹ ਦੇਣ ਦਾ ਦੋਸ਼ ਲਗਾਇਆ ਸੀ। ਇਸ ਨਾਲ ਸਬੰਧ ਬਹੁਤ ਹੀ ਵਿਗੜ ਗਏ ਸਨ। ਕੈਨੇਡਾ ਨੇ ਭਾਰਤ ਦੇ ਹਾਈ ਕਮਿਸ਼ਨਰ ਅਤੇ ਪੰਜ ਹੋਰ ਅਧਿਕਾਰੀਆਂ ਨੂੰ ਕੈਨੇਡਾ ਤੋਂ ਬਾਹਰ ਕੱਢ ਕੀਤਾ ਸੀ, ਜਿਸ ਦਾ ਜਵਾਬ ਵਿੱਚ ਭਾਰਤ ਨੇ ਵੀ ਕੈਨੇਡੀਅਨ ਡਿਪਲੋਮੈਟਾਂ ਨੂੰ ਭਾਰਤ ਵਿਚੋਂ ਕੱਢ ਦਿੱਤਾ ਸੀ। ਵਪਾਰਕ ਗੱਲਬਾਤਾਂ ਰੁਕ ਗਈਆਂ ਸਨ ਅਤੇ ਦੋਹਾਂ ਪਾਸਿਆਂ ਨੇ ਇੱਕ ਦੂਜੇ ’ਤੇ ਰਾਜਨੀਤਕ ਦਬਾਅ ਵਧਾਇਆ ਸੀ।



ਭਾਰਤ ਇਸ ਗਿਰਾਵਟ ਦੀ ਵੱਡੀ ਵਜ੍ਹਾ ਖ਼ਾਲਿਸਤਾਨੀ ਗਤੀਵਿਧੀਆਂ ਨੂੰ ਮੰਨਦਾ ਸੀ। ਕੈਨੇਡਾ ਵਿੱਚ ਲਗਭਗ 7 ਲੱਖ ਸਿੱਖ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਕੁਝ ਖ਼ਾਲਿਸਤਾਨ ਲਈ ਪ੍ਰਚਾਰ ਕਰਦੇ ਹਨ। ਭਾਰਤ ਨੂੰ ਚਿੰਤਾ ਹੈ ਕਿ ਕੈਨੇਡਾ ਇਨ੍ਹਾਂ ਖ਼ਾਲਿਸਤਾਨੀਆਂ ਨੂੰ ਸ਼ਹਿ ਦਿੰਦਾ ਹੈ, ਜੋ ਭਾਰਤ ਵਿੱਚ ਹਿੰਸਾ ਨੂੰ ਭੜਕਾਉਂਦੇ ਹਨ। ਭਾਰਤ ਨੇ ਦੋਸ਼ ਲਗਾਏ ਸਨ ਕਿ ਟਰੂਡੋ ਨੇ ਖ਼ਾਲਿਸਤਾਨੀਆਂ ਲਈ ਨਰਮ ਰਵੱਈਆ ਅਪਣਾਇਆ ਸੀ। ਇਸ ਬਾਰੇ ਭਾਰਤ ਨੇ ਕੈਨੇਡਾ ਨੂੰ ਵਾਰ-ਵਾਰ ਚਿਤਾਵਨੀ ਦਿੱਤੀ ਸੀ, ਪਰ ਓਟਾਵਾ ਨੇ ਭਾਰਤ ਦੀ ਪਰਵਾਹ ਨਹੀਂ ਕੀਤੀ ਸੀ। ਇਹ ਤਣਾਅ ਨਾ ਸਿਰਫ਼ ਰਾਜਨੀਤਕ ਸੀ, ਸਗੋਂ ਵਪਾਰ ਅਤੇ ਸੁਰੱਖਿਆ ਨੂੰ ਵੀ ਪ੍ਰਭਾਵਿਤ ਕਰ ਰਿਹਾ ਸੀ। ਭਾਰਤ-ਕੈਨੇਡਾ ਵਪਾਰ 2023 ਵਿੱਚ 80 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਸੀ, ਪਰ ਤਣਾਅ ਨਾਲ ਇਹ ਘਟ ਕੇ ਅੱਧਾ ਰਹਿ ਗਿਆ।

### ਨਵੀਂ ਸਰਕਾਰ ਦੀ ਭਾਰਤ ਪ੍ਰਤੀ ਨਰਮੀ: ਕਾਰਨੀ ਨੇ ਬਦਲੀ ਤਸਵੀਰ

ਜਸਟਿਨ ਟਰੂਡੋ ਦੇ ਰਾਜ ਵਿੱਚ ਖ਼ਾਲਿਸਤਾਨੀਆਂ ਲਈ ਖੁੱਲ੍ਹਾ ਨਰਮ ਰੁਖ਼ ਅਪਣਾਇਆ ਗਿਆ ਸੀ, ਜਿਸ ਨਾਲ ਭਾਰਤ ਨਾਲ ਸਬੰਧਾਂ ਵਿੱਚ ਗਹਿਰੀ ਤਲਖ਼ੀ ਆ ਗਈ। ਪਰ ਮਾਰਕ ਕਾਰਨੀ ਨੇ ਪੀ.ਐੱਮ. ਬਣਨ ਤੋਂ ਬਾਅਦ ਭਾਰਤ ਦੀਆਂ ਚਿੰਤਾਵਾਂ ’ਤੇ ਧਿਆਨ ਦੇਣ ਦੇ ਸੰਕੇਤ ਦਿੱਤੇ ਹਨ। ਕਾਰਨੀ, ਜੋ ਇੱਕ ਸਾਬਕਾ ਕੇਂਦਰੀ ਬੈਂਕਰ ਹਨ, ਨੂੰ ਆਰਥਿਕ ਮਾਹਿਰ ਵਜੋਂ ਜਾਣਿਆ ਜਾਂਦਾ ਹੈ ਅਤੇ ਉਹ ਲਿਬਰਲ ਪਾਰਟੀ ਦੇ ਨੇਤਾ ਵਜੋਂ ਮਾਰਚ 2025 ਵਿੱਚ ਚੋਣ ਜਿੱਤ ਕੇ ਪੀਐੱਮ ਬਣੇ ਸਨ। ਉਨ੍ਹਾਂ ਨੇ ਟਰੂਡੋ ਦੀ ਨੀਤੀਆਂ ਨੂੰ ਬਦਲਣ ਦਾ ਵਾਅਦਾ ਕੀਤਾ ਸੀ, ਖ਼ਾਸ ਕਰਕੇ ਵਿਦੇਸ਼ ਨੀਤੀ ਵਿੱਚ। ਅਗਸਤ 2025 ਵਿੱਚ ਦੋਹਾਂ ਦੇਸ਼ਾਂ ਨੇ ਇੱਕ ਦੂਜੇ ਦੀਆਂ ਰਾਜਧਾਨੀਆਂ ਵਿੱਚ ਨਵੇਂ ਰਾਜਨਯਿਕ ਦੂਤ ਨਿਯੁਕਤ ਕੀਤੇ ਸਨ।

ਜੂਨ 2025 ਵਿੱਚ ਜੀ7 ਸੰਮੇਲਨ ਦੇ ਪੱਖ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਰਨੀ ਵਿਚਕਾਰ ਮੁਲਾਕਾਤ ਹੋਈ ਸੀ, ਜਿੱਥੇ ਉਨ੍ਹਾਂ ਨੇ ਹਾਈ ਕਮਿਸ਼ਨਰਾਂ ਨੂੰ ਵਾਪਸ ਭੇਜਣ ਅਤੇ ਵਪਾਰਕ ਗੱਲਬਾਤਾਂ ਨੂੰ ਤੇਜ਼ ਕਰਨ ’ਤੇ ਸਹਿਮਤੀ ਜ਼ਾਹਿਰ ਕੀਤੀ ਸੀ। ਕਾਰਨੀ ਨੇ ਕਿਹਾ ਕਿ ਭਾਰਤ ਨਾਲ ਸਬੰਧ ਕੈਨੇਡਾ ਦੀ ਵਿਦੇਸ਼ ਨੀਤੀ ਦਾ ਅਹਿਮ ਹਿੱਸਾ ਹੈ ਅਤੇ ਉਹ ਖ਼ਾਲਿਸਤਾਨੀ ਹਿੰਸਾ ਵਿਰੁੱਧ ਸਖਤ ਹਨ।

ਇਸ ਗੱਲਬਾਤ ਨਾਲ ਨਾ ਸਿਰਫ਼ ਰਾਜਨੀਤਕ, ਸਗੋਂ ਆਰਥਿਕ ਪੱਖ ਵੀ ਮਜ਼ਬੂਤ ਹੋਣ ਦੀ ਸੰਭਾਵਨਾ ਹੈ। ਭਾਰਤ ਲਈ ਕੈਨੇਡਾ ਯੂਰੇਨੀਅਮ ਅਤੇ ਕੁਦਰਤੀ ਸਰੋਤਾਂ ਦਾ ਵੱਡਾ ਸਰੋਤ ਹੈ, ਜਦਕਿ ਕੈਨੇਡਾ ਲਈ ਭਾਰਤ ਇੱਕ ਵੱਡਾ ਬਜ਼ਾਰ ਹੈ। ਨਵੀਂ ਸਰਕਾਰ ਨੇ ਇਹ ਵੀ ਸੰਕੇਤ ਦਿੱਤੇ ਹਨ ਕਿ ਉਹ ਅਮਰੀਕਾ ਨਾਲ ਟਰੰਪ ਦੇ ਤਣਾਅ ਵਿੱਚ ਭਾਰਤ ਨੂੰ ਆਪਣਾ ਵਿਸ਼ਵਾਸ ਯੋਗ ਸਾਥੀ ਬਣਾਉਣਾ ਚਾਹੁੰਦੀ ਹੈ। ਇਹ ਬਦਲਾਅ ਨੂੰ ਭਾਰਤ ਵੱਲੋਂ ਵੀ ਸਕਾਰਾਤਮਕ ਮੰਨਿਆ ਜਾ ਰਿਹਾ ਹੈ, ਪਰ ਅਜੇ ਵੀ ਚੁਣੌਤੀਆਂ ਹਨ।

ਸਬੰਧਾਂ ਵਿੱਚ ਨਰਮੀ ਦੇ ਬਾਵਜੂਦ, ਇਹ ਸਪੱਸ਼ਟ ਨਹੀਂ ਹੈ ਕਿ ਦਿੱਲੀ-ਓਟਾਵਾ ਦੇ ਅਧਿਕਾਰੀਆਂ ਦੀਆਂ ਹਾਲੀਆ ਮੁਲਾਕਾਤਾਂ ਨਾਲ ਖ਼ਾਲਿਸਤਾਨੀ ਸ੍. ਨਿੱਝਰ ਦੀ ਹੱਤਿਆ ’ਤੇ ਦੋਹਾਂ ਦੇਸ਼ਾਂ ਦਾ ਕੀ ਰੁਖ਼ ਹੋਵੇਗਾ। ਨਵੀਂ ਦਿੱਲੀ ਨੇ ਸਾਫ਼ ਕਿਹਾ ਹੈ ਕਿ ਨਿੱਝਰ ਹੱਤਿਆ ਵਿੱਚ ਭਾਰਤ ਦੀ ਭੂਮਿਕਾ ਦੀ ਗੱਲ ਬੇਬੁਨਿਆਦ ਹੈ। ਪਰ ਡਰੁਆਇਨ ਦੇ ਬਿਆਨ ਨੇ ਗੱਲਬਾਤ ਦਾ ਰਸਤਾ ਲੱਭਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। 18 ਸਤੰਬਰ 2025 ਨੂੰ ਨਵੀਂ ਦਿੱਲੀ ਵਿੱਚ ਹੋਈ ਉਨ੍ਹਾਂ ਦੀ ਡੋਵਾਲ ਨਾਲ ਮੁਲਾਕਾਤ ਵਿੱਚ ਕਾਊਂਟਰ-ਟੈਰਰਿਜ਼ਮ, ਟ੍ਰਾਂਜ਼ਨੈਸ਼ਨਲ ਕ੍ਰਾਈਮ ਅਤੇ ਖ਼ੁਫ਼ੀਆ ਜਾਣਕਾਰੀ ਸਾਂਝੇ ਕਰਨ ’ਤੇ ਚਰਚਾ ਹੋਈ। ਡਰੁਆਇਨ ਨੇ ਕਿਹਾ ਕਿ ਦੋਹਾਂ ਨੇ ਆਪਸੀ ਸੁਰੱਖਿਆ ਚਿੰਤਾਵਾਂ ਨੂੰ ਸਾਂਝਾ ਕਰਨ ’ਤੇ ਵਚਨਬੱਧਤਾ ਜ਼ਾਹਰ ਕੀਤੀ।

ਪੁਲਿਸ ਜਾਂਚ ਵਿੱਚ ਭਾਰਤ ਦਾ ਸਹਿਯੋਗ ਇੱਕ ਵੱਡਾ ਪ੍ਰਸੰਗ ਹੈ। ਕੈਨੇਡੀਅਨ ਪੁਲਿਸ ਨੇ ਨਿੱਝਰ ਕੇਸ ਵਿੱਚ ਭਾਰਤੀ ਏਜੰਟਾਂ ਨੂੰ ਨਿਸ਼ਾਨਾ ਬਣਾਇਆ ਸੀ, ਪਰ ਹੁਣ ਭਾਰਤ ਨੇ ਜਾਣਕਾਰੀ ਸਾਂਝੀ ਕਰਨ ਦਾ ਵਾਅਦਾ ਕੀਤਾ ਹੈ। ਇਹ ਨਾ ਸਿਰਫ਼ ਨਿੱਝਰ ਕੇਸ ਲਈ, ਸਗੋਂ ਹੋਰ ਖਾੜਕੂ ਗਤੀਵਿਧੀਆਂ ਲਈ ਵੀ ਮਹੱਤਵਪੂਰਨ ਹੈ। ਡਰੁਆਇਨ ਨੇ ਬਿਆਨ ਜਾਰੀ ਕਰਕੇ ਇਹ ਸੰਕੇਤ ਦਿੱਤਾ ਕਿ ਕੈਨੇਡਾ ਨਵੀਂ ਸ਼ੁਰੂਆਤ ਚਾਹੁੰਦਾ ਹੈ ਅਤੇ ਉਹ ਭਾਰਤ ਨਾਲ ਭਰੋਸਾ ਬਣਾਉਣ ਲਈ ਤਿਆਰ ਹੈ। ਇਹ ਬਿਆਨ ਜੀ7 ਸੰਮੇਲਨ ਤੋਂ ਬਾਅਦ ਆਇਆ, ਜਿੱਥੇ ਮੋਦੀ-ਕਾਰਨੀ ਨੇ ਸਹਿਮਤੀ ਕੀਤੀ ਸੀ। ਗੱਲਬਾਤ ਦਾ ਰਸਤਾ ਲੱਭਣ ਨਾਲ ਵਪਾਰਕ ਡਾਇਲਾਗ, ਡਿਫੈਂਸ ਅਤੇ ਐਨਰਜੀ ਨੂੰ ਤੇਜ਼ ਕੀਤਾ ਜਾ ਸਕਦਾ ਹੈ।

(ਬਾਕੀ ਸਫ਼ਾ 27 ’ਤੇ)



# ਕਰਜ਼ੇ ਦੇ ਵੱਡੇ ਸੰਕਟ ਦਾ ਸਾਹਮਣਾ ਕਰ ਰਹੀ ਹੈ ਵਿਸ਼ਵ ਅਰਥ ਵਿਵਸਥਾ




ਕੈਲੀਫ਼ੋਰਨੀਆ/ਏ.ਟੀ. ਨਿਊਜ਼: ਵਿਸ਼ਵ ਅਰਥਵਿਵਸਥਾ ਇੱਕ ਵੱਡੇ ਕਰਜ਼ੇ ਦੇ ਸੰਕਟ ਦਾ ਸਾਹਮਣਾ ਕਰ ਰਹੀ ਜਾਪਦੀ ਹੈ। ਇੰਸਟੀਚਿਊਟ ਆਫ਼ ਇੰਟਰਨੈਸ਼ਨਲ ਫਾਈਨੈਂਸ (ਆਈ.ਆਈ.ਐਫ਼.) ਦੀ ਤਿਮਾਹੀ ਰਿਪੋਰਟ ਦੇ ਅਨੁਸਾਰ, ਦੂਜੀ ਤਿਮਾਹੀ ਦੇ ਅੰਤ ਤੱਕ ਵਿਸ਼ਵ ਕਰਜ਼ਾ 337.7 ਟ੍ਰਿਲੀਅਨ ਡਾਲਰ ਜਾਂ ਲਗਭਗ 30,000 ਲੱਖ ਕਰੋੜ ਰੁਪਏ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ। ਜੇਕਰ ਇਹ ਕਰਜ਼ਾ ਦੁਨੀਆ ਦੀ ਕੁੱਲ ਆਬਾਦੀ 8.24 ਬਿਲੀਅਨ ਵਿੱਚ ਬਰਾਬਰ ਵੰਡਿਆ ਜਾਂਦਾ ਹੈ ਤਾਂ ਹਰੇਕ ਵਿਅਕਤੀ 'ਤੇ ਲਗਭਗ 3.634 ਮਿਲੀਅਨ ਰੁਪਏ ਦਾ ਕਰਜ਼ਾ ਹੋਵੇਗਾ।

ਰਿਪੋਰਟ ਦੇ ਅਨੁਸਾਰ, ਇਸ ਸਾਲ ਵਿਸ਼ਵ ਕਰਜ਼ੇ 'ਚ ਸਭ ਤੋਂ ਵੱਧ ਵਾਧਾ ਚੀਨ, ਸੰਯੁਕਤ ਰਾਜ, ਫਰਾਂਸ, ਜਰਮਨੀ, ਯੂਨਾਈਟਿਡ ਕਿੰਗਡਮ ਅਤੇ ਜਾਪਾਨ ਵਿੱਚ ਹੋਇਆ ਹੈ। ਡਾਲਰ ਦੀ ਕਮਜ਼ੋਰੀ ਅਤੇ ਵੱਖ-ਵੱਖ ਕੇਂਦਰੀ ਬੈਂਕਾਂ ਦੁਆਰਾ ਵਿਆਜ ਦਰਾਂ ਵਿੱਚ ਕਟੌਤੀ ਨੇ ਵੀ ਕਰਜ਼ੇ ਦੇ ਵਾਧੇ ਵਿੱਚ ਯੋਗਦਾਨ ਪਾਇਆ। ਆਈ.ਆਈ.ਐਫ਼. ਨੇ ਕਿਹਾ ਕਿ ਇਸ ਵਾਧੇ ਦਾ ਪੈਮਾਨਾ ਕੋਵਿਡ-19 ਮਹਾਂਮਾਰੀ ਦੌਰਾਨ ਦੇਖੇ ਗਏ ਵਾਧੇ ਦੇ ਮੁਕਾਬਲੇ ਸੀ।

ਗਲੋਬਲ ਕਰਜ਼ਾ-ਤੋਂ-ਉਤਪਾਦਨ ਅਨੁਪਾਤ, ਭਾਵੇਂ ਹੌਲੀ-ਹੌਲੀ ਘਟ ਰਿਹਾ ਹੈ, 324 ਫੀਸਦੀ ਤੋਂ ਥੋੜ੍ਹਾ ਉੱਪਰ ਬਣਿਆ ਹੋਇਆ ਹੈ, ਜਦੋਂ ਕਿ ਉੱਭਰ ਰਹੇ ਬਾਜ਼ਾਰਾਂ ਵਿੱਚ ਇਹ 242.4 ਫੀਸਦੀ ਤੱਕ ਪਹੁੰਚ ਗਿਆ ਹੈ। ਉੱਭਰ ਰਹੇ ਬਾਜ਼ਾਰਾਂ ਵਿੱਚ ਕੁੱਲ ਕਰਜ਼ਾ ਦੂਜੀ ਤਿਮਾਹੀ ਵਿੱਚ 3.4 ਟ੍ਰਿਲੀਅਨ ਡਾਲਰ ਵਧਿਆ ਹੈ ਅਤੇ 109 ਟ੍ਰਿਲੀਅਨ ਡਾਲਰ ਤੋਂ ਵੱਧ ਦੇ ਰਿਕਾਰਡ ਉੱਚੇ ਪੱਧਰ 'ਤੇ ਹੈ।

ਆਈ.ਆਈ.ਐਫ਼. ਨੇ ਚਿਤਾਵਨੀ ਦਿੱਤੀ ਹੈ ਕਿ ਉਭਰ ਰਹੇ ਬਾਜ਼ਾਰਾਂ ਨੂੰ 2025 ਦੇ ਬਾਕੀ ਸਮੇਂ ਦੌਰਾਨ ਲਗਭਗ 3.2 ਟ੍ਰਿਲੀਅਨ ਡਾਲਰ ਬਾਂਡ ਅਤੇ ਕਰਜ਼ਾ ਮੁਕਤੀ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਾਪਾਨ, ਜਰਮਨੀ ਅਤੇ ਫਰਾਂਸ ਵਰਗੇ ਦੇਸ਼ਾਂ ਨੂੰ ਵਧੇ ਹੋਏ ਵਿੱਤੀ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਨਿਵੇਸ਼ਕਾਂ ਨੂੰ 'ਬਾਂਡ ਵਿਜੀਲੈਂਟ' ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।

ਰਿਪੋਰਟ 'ਚ ਅਮਰੀਕੀ ਕਰਜ਼ੇ ਬਾਰੇ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ। ਥੋੜ੍ਹੇ ਸਮੇਂ ਦਾ ਕਰਜ਼ਾ ਹੁਣ ਕੁੱਲ ਸਰਕਾਰੀ ਕਰਜ਼ੇ ਦਾ ਲਗਭਗ 20 ਫੀਸਦੀ ਤੇ ਖਜ਼ਾਨਾ ਜਾਰੀ ਕਰਨ ਦਾ 80 ਫੀਸਦੀ ਹੈ। ਥੋੜ੍ਹੇ ਸਮੇਂ ਦੇ ਕਰਜ਼ੇ 'ਤੇ ਇਹ ਵਧੀ ਹੋਈ ਨਿਰਭਰਤਾ ਕੇਂਦਰੀ ਬੈਂਕਾਂ 'ਤੇ ਵਿਆਜ ਦਰਾਂ ਨੂੰ ਘੱਟ ਰੱਖਣ ਲਈ ਰਾਜਨੀਤਿਕ ਦਬਾਅ ਵਧਾ ਸਕਦੀ ਹੈ, ਜਿਸ ਨਾਲ ਮੁਦਰਾ ਨੀਤੀ ਦੀ ਆਜ਼ਾਦੀ ਨੂੰ ਖ਼ਤਰਾ ਹੋ ਸਕਦਾ ਹੈ।

# ਡੇਅਟਨ (ਅਮਰੀਕਾ) ਦੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਸ਼ੇਖ਼ ਫ਼ਰੀਦ ਜੀ ਦਾ ਆਗਮਨ ਪੁਰਬ ਮਨਾਇਆ

ਡੇਅਟਨ/ਏ.ਟੀ.ਨਿਊਜ਼ : ਗੁਰਦੁਆਰਾ ਸਿੱਖ ਸੁਸਾਇਟੀ ਆਫ ਡੇਅਟਨ ਦੇ ਗੁਰੂ ਘਰ ਵਿਖੇ ਬੀਤੇ ਦਿਨ ਨੌਜੁਆਨ ਸਭਾ ਵੱਲੋਂ ਬਾਬਾ ਸ਼ੇਖ਼ ਫ਼ਰੀਦ ਜੀ ਦਾ ਆਗਮਨ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਉਪਰੰਤ ਪਹਿਲਾਂ ਬੱਚਿਆਂ ਵੱਲੋਂ ਤੇ ਫਿਰ ਗੁਰੂ ਘਰ ਦੇ ਜਥੇ ਭਾਈ ਪ੍ਰੇਮ ਸਿੰਘ ਤੇ ਭਾਈ ਹੇਮ ਸਿੰਘ ਦੇ ਜਥੇ ਨੇ ਗੁਰਬਾਨੀ ਦਾ ਮਨੋਹਰ ਕੀਰਤਨ ਕੀਤਾ।



ਇਸ ਉਪਰੰਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਬਾਬਾ ਸ਼ੇਖ਼ ਫ਼ਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਉਹਨਾਂ ਕਿਹਾ ਕਿ ਇਸ ਸਾਲ ਬਾਬਾ ਸ਼ੇਖ਼ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਪੰਜਾਬੀ ਭਾਸ਼ਾ ਦਿਵਸ ਦੇ ਤੌਰ 'ਤੇ ਸੰਸਾਰ ਵਿੱਚ ਮਨਾਇਆ ਗਿਆ ਕਿਉਂਕਿ ਬਾਬਾ ਸ਼ੇਖ਼ ਫ਼ਰੀਦ ਜੀ ਦੀ ਬਾਣੀ, ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਹ ਸਭ ਤੋਂ ਪੁਰਾਣੀ ਹੈ। ਉਹਨਾਂ ਸੰਗਤ ਨੂੰ ਅਪੀਲ ਕੀਤੀ ਕਿ ਅਮਰੀਕਾ ਵਿੱਚ ਰਹਿੰਦੇ ਹੋਏ ਸਾਨੂੰ ਆਪਣੇ ਬੱਚਿਆਂ ਨੂੰ ਗੁਰਮੁੱਖੀ ਜ਼ਰੂਰ ਪੜ੍ਹਾਉਣੀ ਚਾਹੀਦੀ ਹੈ। ਅੰਗਰੇਜ਼ੀ ਤਾਂ ਇਸ ਦੇਸ਼ ਦੀ ਭਾਸ਼ਾ ਹੈ, ਉਹ ਤਾਂ ਬੱਚਿਆਂ ਨੇ ਸਿੱਖ ਲੈਣੀ ਹੈ, ਪਰ ਪੰਜਾਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਸਾਡੇ ਬੱਚੇ ਤਾਂ ਹੀ ਸਮਝਣਗੇ ਜੇ ਅਸੀਂ ਘਰ ਵਿੱਚ ਪੰਜਾਬੀ ਬੋਲੀਏ ਤੇ ਜਦ ਵੱਡੇ ਹੋਣ ਤਾਂ ਉਹਨਾਂ ਨੂੰ ਗੁਰਮੁੱਖੀ ਪੜ੍ਹਾਈਏ। ਉਹਨਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਪੰਜਾਬੀ ਪੜ੍ਹਨ ਤੇ ਲਿਖਣ ਦੀਆਂ ਕਲਾਸਾਂ ਲਗਦੀਆਂ ਹਨ। ਉਹਨਾਂ ਵਿੱਚ ਬੱਚਿਆਂ ਨੂੰ ਭੇਜਿਆ ਕਰੋ। ਉਹਨਾਂ ਕਿਹਾ ਕਿ ਕੀਰਤਨ ਕਰਨਾ ਵੀ ਗੁਰੂ ਘਰ ਵਿੱਚ ਸਿਖਾਇਆ ਜਾਂਦਾ ਹੈ। ਉਸ ਵਿੱਚ ਵੀ ਬੱਚਿਆਂ ਨੂੰ ਹਿੱਸਾ ਲੈਣ ਲਈ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ। ਛੁੱਟੀਆਂ ਵਿੱਚ ਸਿੱਖ ਕੈਂਪ ਲਗਦੇ ਹਨ, ਉਹਨਾਂ ਵਿਚ ਵੀ ਹਿੱਸਾ ਲੈਣ ਲਈ ਬੱਚਿਆਂ ਨੂੰ ਭੇਜਣਾ ਚਾਹੀਦਾ ਹੈ ਤਾਂ ਜੁ ਉਹ ਸਿੱਖ ਧਰਮ ਬਾਰੇ ਤੇ ਸਿੱਖੀ ਰਹਿਣੀ ਬਾਰੇ ਜਾਚ ਸਮਝ ਸਕਣ।

ਸ. ਅਵਤਾਰ ਸਿੰਘ ਸਪਰਿੰਗਫ਼ੀਲਡ ਨੇ ਨੌਜੁਆਨ ਸਭਾ, ਸੰਗਤ, ਗੁਰੂ ਘਰ ਦੇ ਗ੍ਰੰਥੀ ਸਿੰਘਾਂ ਤੇ ਬੱਚਿਆਂ ਵੱਲੋਂ ਅਖੰਡ ਪਾਠ ਵਿੱਚ ਯੋਗਦਾਨ ਪਾਉਣ, ਕੀਰਤਨ ਕਰਨ, ਲੰਗਰ ਆਦਿ ਦੀ ਸੇਵਾ ਲਈ ਧੰਨਵਾਦ ਕੀਤਾ। ਕਮੇਟੀ ਮੈਂਬਰ ਕਰਤਾਰ ਸਿੰਘ ਨੇ ਪੰਜਾਬ ਵਿੱਚ ਆਏ ਹੜ੍ਹਾਂ ਦੇ ਪੀੜਤ ਲੋਕਾਂ ਲਈ ਵੱਧ ਤੋਂ ਵੱਧ ਮਾਇਆ ਭੇਟ ਕਰਨ ਲਈ ਅਪੀਲ ਕੀਤੀ। ਉਨ੍ਹਾਂ ਨੇ ਦਾਨੀ ਸੱਜਣਾਂ ਦੇ ਨਾਂ ਵੀ ਦੱਸੇ ਤੇ ਅਗਲੇ ਪ੍ਰੋਗਰਾਮਾਂ ਬਾਰੇ ਚਾਨਣਾ ਪਾਇਆ।

# ਯੂਕ੍ਰੇਨ ਨੂੰ ਵਾਪਸ ਮਿਲ ਸਕਦੇ ਨੇ ਰੂਸ ਵੱਲੋਂ ਖੋਹੇ ਸਾਰੇ ਇਲਾਕੇ : ਟਰੰਪ



ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਯੂਕ੍ਰੇਨ, ਰੂਸ ਹੱਥੋਂ ਗੁਆ ਚੁੱਕੇ ਸਾਰੇ ਖ਼ਿੱਤਿਆਂ ਨੂੰ ਵਾਪਸ ਹਾਸਲ ਕਰ ਸਕਦਾ ਹੈ। ਇਹ ਬਿਆਨ ਉਨ੍ਹਾਂ ਦੇ ਪਹਿਲਾਂ ਦੇ ਰਵੱਈਏ ਤੋਂ ਵੱਖਰਾ ਹੈ ਜਦੋਂ ਉਨ੍ਹਾਂ ਵਾਰ-ਵਾਰ ਜੰਗ ਖ਼ਤਮ ਕਰਨ ਲਈ ਕੀਵ ਨੂੰ ਰਿਆਇਤਾਂ ਦੇਣ ਦੀ ਅਪੀਲ ਕੀਤੀ ਸੀ। ਸੰਯੁਕਤ ਰਾਸ਼ਟਰ ਮਹਾਸਭਾ 'ਚ ਆਲਮੀ ਆਗੂਆਂ ਦੀ ਮੀਟਿੰਗ ਤੋਂ ਵੱਖ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਮੁਲਾਕਾਤ ਮਗਰੋਂ ਟਰੰਪ ਨੇ ਸੋਸ਼ਲ ਮੀਡੀਆ 'ਤੇ ਟਿੱਪਣੀ ਕੀਤੀ। ਟਰੰਪ ਨੇ ਲਿਖਿਆ, "ਮੈਨੂੰ ਲਗਦਾ ਹੈ ਕਿ ਯੂਰਪੀ ਯੂਨੀਅਨ ਦੀ ਹਮਾਇਤ ਨਾਲ ਯੂਕਰੇਨ ਉਸ ਹਾਲਤ 'ਚ ਹੈ ਜਿਥੇ ਉਹ ਲੜ ਕੇ ਅਤੇ ਜਿੱਤ ਕੇ ਆਪਣੇ ਸਾਰੇ ਖ਼ਿੱਤਿਆਂ ਨੂੰ ਵਾਪਸ ਹਾਸਲ ਕਰ ਸਕਦਾ ਹੈ। ਸਮਾਂ, ਸੰਜਮ ਅਤੇ ਯੂਰਪ ਤੇ ਖਾਸ ਕਰਕੇ ਨਾਟੋ ਦੇ ਵਿੱਤੀ ਸਹਿਯੋਗ ਨਾਲ

(ਬਾਕੀ ਸਫ਼ਾ 26 'ਤੇ)

# ਚਰਚ ਵਿੱਚ ਪ੍ਰਾਰਥਨਾ ਸਭਾ ਵਿੱਚ ਅੰਧਾਧੁੰਦ ਗੋਲੀਬਾਰੀ, 2 ਮੌਤਾਂ ਤੇ 8 ਜ਼ਖ਼ਮੀ

## ਪੁਲਿਸ ਦੀ ਗੋਲੀ ਨਾਲ ਹਮਲਾਵਰ ਵੀ ਮਾਰਿਆ ਗਿਆ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਕੇਂਦਰੀ ਮਿਸ਼ੀਗਨ ਵਿੱਚ ਇੱਕ ਚਰਚ ਵਿੱਚ ਹੋ ਰਹੀ ਪ੍ਰਾਰਥਨਾ ਸਭਾ ਵਿੱਚ ਦਾਖਲ ਹੋ ਕੇ ਇੱਕ ਹਮਲਾਵਰ ਵੱਲੋਂ ਕੀਤੀ ਅੰਧਾਧੁੰਦ ਗੋਲੀਬਾਰੀ ਵਿੱਚ 2 ਵਿਅਕਤੀ ਮਾਰੇ ਗਏ ਤੇ 8 ਹੋਰ ਜ਼ਖਮੀ ਹੋ ਗਏ। ਮੌਕੇ ਉੱਪਰ ਪੁੱਜੀ ਪੁਲਿਸ ਵੱਲੋਂ ਕੀਤੀ ਕਾਰਵਾਈ ਵਿੱਚ ਹਮਲਾਵਰ ਵੀ ਮਾਰਿਆ ਗਿਆ। ਗਰੈਂਡ ਬਲੈਂਕ ਟਾਊਨਸ਼ਿੱਪ ਪੁਲਿਸ ਮੁਖੀ ਵਿਲੀਅਮ ਰੇਨਵੇ ਅਨੁਸਾਰ ਸ਼ੱਕੀ ਹਮਲਾਵਰ ਦੀ ਪਛਾਣ 40 ਸਾਲਾ ਥਾਮਸ ਜੈਕੋਬ ਸੈਨਫ਼ੋਰਡ ਵੱਜੋਂ ਹੋਈ ਹੈ ਜੋ ਬਰਟਨ ਸ਼ਹਿਰ ਦਾ ਰਹਿਣਾ ਵਾਸੀ ਹੈ। ਉਨ੍ਹਾਂ ਕਿਹਾ ਕਿ ਹਮਲਾਵਰ ਸੈਨਫ਼ੋਰਡ ਅਫ਼ਸਰਾਂ ਨਾਲ ਹੋਏ ਮੁਕਾਬਲੇ ਵਿੱਚ ਮਾਰਿਆ ਗਿਆ। ਪੁਲਿਸ ਮੁਖੀ ਅਨੁਸਾਰ ਫ਼ਲਿੰਟ, ਮਿਸ਼ੀਗਨ ਦੇ ਨੀਮ ਸ਼ਹਿਰੀ ਖੇਤਰ ਗਰੈਂਡ ਬਲੈਂਕ ਦੇ ਇੱਕ ਚਰਚ ਵਿੱਚ ਸੈਂਕੜੇ ਲੋਕ ਪ੍ਰਾਰਥਨਾ ਸਭਾ ਵਿੱਚ ਹਾਜਰ ਸਨ, ਜਦੋਂ ਸ਼ੱਕੀ ਇੱਕ ਕਾਰ ਵਿੱਚ ਆਇਆ ਤੇ ਉਸ ਨੇ ਆਉਂਦੇ ਸਾਰ ਹੀ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਸ ਨੇ ਆਪਣੀ ਅਸਾਲਟ ਰਾਈਫ਼ਲ ਨਾਲ ਗੋਲੀਆਂ ਦੀ ਵਾਛੜ ਕਰ ਦਿੱਤੀ ਜਿਸ ਦੌਰਾਨ ਅਫ਼ਰਾਤਫ਼ਰੀ ਦਾ ਮਾਹੌਲ ਬਣ ਗਿਆ। ਲੋਕ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਭੱਜੇ। ਰੇਨਵੇ ਅਨੁਸਾਰ 2 ਲੋਕਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਇੱਕ ਦੀ ਹਾਲਤ ਗੰਭੀਰ ਹੈ।

# ਸ਼ਾਹਬਾਜ਼ ਸ਼ਰੀਫ਼ ਨੇ ਯੂ.ਐੱਨ. 'ਚ ਭਾਰਤ 'ਤੇ ਹਿੰਦੂ ਕੱਟੜਵਾਦ ਵਿਰੁੱਧ ਲਗਾਏ ਇਲਜ਼ਾਮ

## ਸੱਤ ਜਹਾਜ਼ ਡੇਗਣ ਦਾ ਪਾਕਿ ਦਾਅਵਾ: ਕੀ ਹੈ ਸੱਚ ?


## ਪਾਕਿਸਤਾਨ ਨੇ ਟਰੰਪ ਦੇ ਸਿਰ ਉੱਪਰ ਸੀਜ਼ਫ਼ਾਇਰ ਦਾ ਸਿਹਰਾ

ਨਿਊਯਾਰਕ/ਏ.ਟੀ.ਨਿਊਜ਼: ਸੰਯੁਕਤ ਰਾਸ਼ਟਰ ਦੀ ਮਹਾਸਭਾ ਦੇ 80ਵੇਂ ਸ਼ੈਸ਼ਨ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਫ਼ਿਰ ਤੋਂ ਭਾਰਤ ਵਿਰੋਧੀ ਬਿਆਨਬਾਜ਼ੀ ਕੀਤੀ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਭਾਰਤ ਵਿੱਚ ਵਧ ਰਹੇ ਹਿੰਦੂ ਕੱਟੜਵਾਦ ਦੀ ਤਿੱਖੀ ਆਲੋਚਨਾ ਕੀਤੀ ਤੇ ਵਿਸ਼ਵ ਲਈ ਖ਼ਤਰਾ ਦਸਿਆ। ਸ਼ਰੀਫ਼ ਨੇ ਕਿਹਾ ਕਿ ਭਾਰਤ ਵਿੱਚ ਕੱਟੜ ਹਿੰਦੂਤਵ ਦੀ ਵਿਚਾਰਧਾਰਾ ਤੇਜ਼ੀ ਨਾਲ ਫ਼ੈਲ ਰਹੀ ਹੈ, ਜੋ ਮੁਸਲਿਮਾਂ ਵਿਰੁੱਧ ਨਫ਼ਰਤ ਅਤੇ ਭੇਦਭਾਵ ਨੂੰ ਵਧਾਉਂਦੀ ਹੈ। ਉਨ੍ਹਾਂ ਨੇ ਵਿਸ਼ਵ ਭਾਈਚਾਰੇ ਨੂੰ ਹਿੰਦੂਤਵ ਤੋਂ ਬਚਾਉਣ ਲਈ ਕਾਰਵਾਈ ਕਰਨ ਦੀ ਅਪੀਲ ਕੀਤੀ।

ਸ਼ਰੀਫ਼ ਦੇ ਭਾਸ਼ਣ ਵਿੱਚ ਭਾਰਤ ਨੂੰ ਨਿਸ਼ਾਨਾ ਬਣਾਉਣ ਵਾਲੇ ਹਿੱਸੇ ਨੇ ਵਿਸ਼ਵ ਮੰਚ 'ਤੇ ਫ਼ਿਰ ਤੋਂ ਤਣਾਅ ਪੈਦਾ ਕਰ ਦਿੱਤਾ। ਉਨ੍ਹਾਂ ਨੇ ਕਿਹਾ, 'ਦੁਨੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਨਫ਼ਰਤ ਨੂੰ ਜਗ੍ਹਾ ਨਹੀਂ ਮਿਲਣੀ ਚਾਹੀਦੀ। ਕਿਸੇ ਵੀ ਵਿਅਕਤੀ ਜਾਂ ਭਾਈਚਾਰੇ ਵਿਰੁੱਧ ਭੇਦਭਾਵ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਪਰ ਭਾਰਤ ਵਿੱਚ ਅਜਿਹਾ ਹੋ ਰਿਹਾ ਹੈ।' ਉਨ੍ਹਾਂ ਨੇ ਭਾਰਤ ਵਿੱਚ 20 ਕਰੋੜ ਮੁਸਲਿਮਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਨੀਤੀਆਂ, ਹਿਜ਼ਾਬ ਪਾਬੰਦੀਆਂ, ਮਸਜਿਦਾਂ ਤੇ ਹਮਲੇ ਅਤੇ ਹਿੰਦੂ ਗਰੋਹਾਂ ਵੱਲੋਂ ਲਿੰਚਿੰਗ ਨੂੰ ਉਦਾਹਰਣਾਂ ਵਜੋਂ ਗਿਣਾਇਆ।

ਭਾਸ਼ਣ ਦੌਰਾਨ ਸ਼ਰੀਫ਼ ਨੇ ਕਸ਼ਮੀਰ ਮੁੱਦੇ ਨੂੰ ਵੀ ਉਠਾਇਆ ਅਤੇ ਭਾਰਤ ਵੱਲੋਂ ਆਰਟੀਕਲ 370 ਨੂੰ ਖਤਮ ਕਰਨ ਨੂੰ 'ਬਸਤੀਵਾਦੀ ਯੋਜਨਾ' ਕਰਾਰ ਦਿੱਤਾ। ਦੂਸਰੇ ਪਾਸੇ ਭਾਰਤ ਨੇ ਇਸ ਨੂੰ 'ਪਾਕਿਸਤਾਨੀ ਪ੍ਰਚਾਰ' ਕਹਿ ਕੇ ਖਾਰਜ ਕੀਤਾ।

ਭਾਰਤ-ਪਾਕਿਸਤਾਨ ਟਕਰਾਅ ਵਿੱਚ ਪਾਕਿਸਤਾਨ ਵੱਲੋਂ ਜਹਾਜ਼ ਡੇਗਣ ਦੇ ਦਾਅਵੇ: ਕਿੰਨੀ ਕੁ ਸੱਚਾਈ ?



ਸ਼ਾਹਬਾਜ਼ ਸ਼ਰੀਫ਼ ਨੇ ਯੂ.ਐੱਨ.ਜੀ.ਏ. ਵਿੱਚ 7 ਤੋਂ 10 ਮਈ 2025 ਨੂੰ ਹੋਏ ਭਾਰਤ-ਪਾਕਿਸਤਾਨ ਫ਼ੌਜੀ ਟਕਰਾਅ ਦਾ ਜ਼ਿਕਰ ਕਰਕੇ ਪਾਕਿਸਤਾਨੀ ਫ਼ੌਜ ਦੀ ਤਾਰੀਫ਼ ਕੀਤੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਭਾਰਤ ਦੇ ਸੱਤ ਲੜਾਕੂ ਜਹਾਜ਼ ਡੇਗ ਕੇ ਭਾਰੀ ਝਟਕਾ ਦਿੱਤਾ, ਜੋ ਓਪਰੇਸ਼ਨ ਸਿੰਦੂਰ ਦੌਰਾਨ ਹੋਇਆ। ਇਹ ਦਾਅਵਾ ਪਾਕਿਸਤਾਨੀ ਲੀਡਰਾਂ ਵੱਲੋਂ ਲਗਾਤਾਰ ਦੁਹਰਾਇਆ ਜਾਂਦਾ ਰਿਹਾ ਹੈ, ਪਰ ਭਾਰਤ ਨੇ ਇਸ ਨੂੰ ਸਰਾਸਰ ਝੂਠਾ ਅਤੇ ਪ੍ਰਚਾਰ ਕਰਾਰ ਦਿੱਤਾ ਹੈ।

ਟਕਰਾਅ ਦੀ ਸ਼ੁਰੂਆਤ ਅਪ੍ਰੈਲ 2025 ਵਿੱਚ ਭਾਰਤੀ ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲੇ ਨਾਲ ਹੋਈ, ਜਿਸ ਵਿੱਚ 26 ਲੋਕ, ਜ਼ਿਆਦਾਤਰ ਹਿੰਦੂ ਸੈਲਾਨੀ ਮਾਰੇ ਗਏ। ਭਾਰਤ ਨੇ 7 ਮਈ ਨੂੰ ਪਾਕਿਸਤਾਨ ਅਤੇ ਪੀ.ਓ.ਕੇ. ਵਿੱਚ ਨੌਂ ਅੱਤਵਾਦੀ ਟਿਕਾਣਿਆਂ ਤੇ ਮਿਸਾਈਲ ਅਤੇ ਹਵਾਈ ਹਮਲੇ ਕੀਤੇ। ਪਾਕਿਸਤਾਨ ਨੇ ਜਵਾਬ ਵਿੱਚ ਦਾਅਵਾ ਕੀਤਾ ਕਿ ਉਸ ਨੇ ਭਾਰਤੀ ਰਾਫ਼ੇਲ, ਮਿਗ-29 ਅਤੇ ਐੱਸ.ਯੂ-30 ਐੱਮ.ਕੇ.ਆਈ. ਵਰਗੇ ਜਹਾਜ਼ ਡੇਗੇ ਸਨ। ਪਾਕਿਸਤਾਨੀ ਫ਼ੌਜ ਨੇ ਕਿਹਾ ਕਿ ਇਹ ਲੜਾਈ ਵਿੱਚ 125 ਤੋਂ ਵੱਧ ਜਹਾਜ਼ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਭਾਰਤ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ।

ਪਰ ਭਾਰਤ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਭਾਰਤੀ ਡਿਫ਼ੈਂਸ ਚੀਫ਼ ਜਨਰਲ ਅਨਿਲ ਚੌਹਾਨ ਨੇ 31 ਮਈ ਨੂੰ ਮੰਨਿਆ ਸੀ ਕਿ ਭਾਰਤ ਨੇ ਕੁਝ ਜਹਾਜ਼ ਗੁਆਏ, ਪਰ ਪਾਕਿਸਤਾਨ ਦੇ ਛੇ ਜਾਂ ਸੱਤ ਜਹਾਜ਼ ਡੇਗਣ ਦੇ ਦਾਅਵੇ ਨੂੰ 'ਬਿਲਕੁਲ ਗਲਤ' ਕਿਹਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਨੁਕਸਾਨ ਸ਼ੁਰੂਆਤੀ ਪੜਾਅ ਵਿੱਚ ਹੋਇਆ ਅਤੇ ਭਾਰਤ ਨੇ ਤੁਰੰਤ ਰਣਨੀਤੀ ਬਦਲ ਕੇ ਪਾਕਿਸਤਾਨ ਨੂੰ ਭਾਰੀ ਝਟਕਾ ਦਿੱਤਾ ਸੀ। ਭਾਰਤ ਨੇ ਖੁਦ ਦਾਅਵਾ ਕੀਤਾ ਕਿ ਉਸ ਨੇ ਪੰਜ ਪਾਕਿਸਤਾਨੀ ਜਹਾਜ਼ ਅਤੇ ਇੱਕ ਵੱਡਾ ਏਅਰਬੋਰਨ ਵਾਰਨਿੰਗ ਐਂਡ ਕੰਟਰੋਲ ਏਅਰਕਰਾਫ਼ਟ ਤਬਾਹ ਕੀਤਾ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਜੁਲਾਈ ਵਿੱਚ ਕਿਹਾ ਕਿ ਪਾਕਿਸਤਾਨ ਨੇ ਪੰਜ ਭਾਰਤੀ ਜਹਾਜ਼ ਡੇਗੇ, ਪਰ ਭਾਰਤ ਨੇ ਇਸ ਨੂੰ ਵੀ ਖਾਰਜ ਕੀਤਾ ਸੀ।

ਟਕਰਾਅ ਚਾਰ ਦਿਨਾਂ ਵਿੱਚ ਸੀਜ਼ਫ਼ਾਇਰ ਨਾਲ ਖਤਮ ਹੋ ਗਿਆ ਸੀ, ਪਰ ਦੋਵੇਂ ਦੇਸ਼ਾਂ ਨੇ ਜਿੱਤ ਦਾ ਦਾਅਵਾ ਕੀਤਾ ਸੀ।

ਪਾਕਿਸਤਾਨ ਵੱਲੋਂ ਟਰੰਪ ਦਾ ਧੰਨਵਾਦ ਅਤੇ ਚੀਨ-ਸਾਊਦੀ ਅਰਬ ਦਾ ਸਮਰਥਨ

ਸ਼ਾਹਬਾਜ਼ ਸ਼ਰੀਫ਼ ਨੇ ਯੂ.ਐੱਨ.ਜੀ.ਏ. ਵਿੱਚ ਭਾਰਤ ਪਾਕਿ ਜੰਗੀ ਟਕਰਾਅ ਦੌਰਾਨ ਸੀਜ਼ਫ਼ਾਇਰ ਨੂੰ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਉਦਮ ਨਾਲ ਜੋੜਿਆ। ਉਨ੍ਹਾਂ ਨੇ ਕਿਹਾ ਕਿ ਜੇ ਟਰੰਪ ਨੇ ਦਖਲਅੰਦਾਜ਼ੀ ਨਾ ਕੀਤੀ ਹੁੰਦੀ ਤਾਂ ਯੁੱਧ ਨਿਊਕਲੀਅਰ ਵਿਨਾਸ਼ ਵੱਲ ਜਾ ਸਕਦਾ ਸੀ।

## ਅਮਰੀਕਾ ਵਿੱਚ ਸਰਕਾਰੀ ਸੰਕਟ

# ਫੰਡਾਂ ਦੀ ਘਾਟ ਨੇ ਰੋਕੇ ਕੰਮ, ਲੱਖਾਂ ਮੁਲਾਜ਼ਮ ਘਰ ਬੈਠੇ

**ਰਿਪਬਲੀਕਨ ਅਤੇ ਡੈਮੋਕਰੈਟਸ ਪਾਰਟੀਆਂ ਵਿਚਕਾਰ ਬਜਟ ਨੂੰ ਲੈ ਕੇ ਗੰਭੀਰ ਅੜਿੱਕਾ ਪੈਦਾ ਹੋਇਆ**

**ਦੋਵੇਂ ਪਾਰਟੀਆਂ ਵਿੱਚ ਸਿਹਤ ਸੇਵਾਵਾਂ ਅਤੇ ਸਮਾਜਿਕ ਪ੍ਰੋਗਰਾਮਾਂ 'ਤੇ ਖ਼ਰਚ ਨੂੰ ਲੈ ਕੇ ਸਹਿਮਤੀ ਨਾ ਬਣੀ**



ਅਮਰੀਕਾ ਵਿੱਚ ਸਰਕਾਰੀ ਕੰਮ-ਕਾਜ ਠੱਪ ਹੋ ਗਏ ਹਨ ਕਿਉਂਕਿ ਅਮਰੀਕੀ ਕਾਂਗਰਸ ਵਿੱਚ ਰਿਪਬਲੀਕਨ ਅਤੇ ਡੈਮੋਕਰੈਟਸ ਪਾਰਟੀਆਂ ਵਿਚਕਾਰ ਬਜਟ ਨੂੰ ਲੈ ਕੇ ਗੰਭੀਰ ਅੜਿੱਕਾ ਪੈਦਾ ਹੋ ਗਿਆ। ਹਰ ਸਾਲ 1 ਅਕਤੂਬਰ ਤੋਂ ਨਵਾਂ ਵਿੱਤੀ ਸਾਲ ਸ਼ੁਰੂ ਹੁੰਦਾ ਹੈ, ਜਿਸ ਲਈ ਸਰਕਾਰ ਨੂੰ ਕੰਮ ਜਾਰੀ ਰੱਖਣ ਲਈ ਫੰਡਿੰਗ ਬਿੱਲ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਇਸ ਵਾਰ ਦੋਵੇਂ ਪਾਰਟੀਆਂ ਸਿਹਤ ਸੇਵਾਵਾਂ ਅਤੇ ਸਮਾਜਿਕ ਪ੍ਰੋਗਰਾਮਾਂ 'ਤੇ ਖਰਚ ਨੂੰ ਲੈ ਕੇ ਸਹਿਮਤੀ ਨਹੀਂ ਬਣਾ ਸਕੀਆਂ। ਨਤੀਜੇ ਵਜੋਂ, ਫੰਡਿੰਗ ਬਿੱਲ ਪਾਸ ਨਾ ਹੋਣ ਕਾਰਨ ਸਰਕਾਰੀ ਖਰਚੇ ਲਈ ਕਾਨੂੰਨੀ ਮਨਜ਼ੂਰੀ ਨਹੀਂ ਮਿਲੀ ਅਤੇ ਸਰਕਾਰ ਨੂੰ 'ਸ਼ਟਡਾਊਨ' ਦਾ ਸਾਹਮਣਾ ਕਰਨਾ ਪਿਆ।

**ਅੜਿਕੇ ਦਾ ਮੁੱਖ ਕਾਰਨ: ਸਿਹਤ ਸੇਵਾਵਾਂ 'ਤੇ ਅਸਹਿਮਤੀ**

ਇਸ ਅੜਿਕੇ ਦਾ ਮੁੱਖ ਕਾਰਨ ਸਿਹਤ ਸੇਵਾਵਾਂ ਨਾਲ ਜੁੜਿਆ ਹੈ। ਡੈਮੋਕਰੈਟਸ ਚਾਹੁੰਦੇ ਸਨ ਕਿ ਅਸਥਾਈ ਫੰਡਿੰਗ ਬਿੱਲ ਵਿੱਚ 'ਓਬਾਮਾਕੇਅਰ' ਦੀਆਂ ਸਬਸਿਡੀਆਂ ਨੂੰ ਸਥਾਈ ਤੌਰ 'ਤੇ ਵਧਾਇਆ ਜਾਵੇ ਅਤੇ ਹਾਲ ਹੀ ਵਿੱਚ ਹੋਈਆਂ ਸਿਹਤ ਸੇਵਾਵਾਂ ਵਿੱਚ ਕਟੌਤੀਆਂ ਨੂੰ ਵਾਪਸ ਲਿਆ ਜਾਵੇ। ਰਿਪਬਲੀਕਨ ਨੇ ਇਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਫੰਡਿੰਗ ਬਿੱਲ ਨੂੰ ਸਿਆਸੀ ਮੁੱਦਿਆਂ ਤੋਂ ਵੱਖ ਰੱਖਣਾ ਚਾਹੀਦਾ ਹੈ। ਦੋਵੇਂ ਧਿਰਾਂ ਆਪਣੇ-ਆਪਣੇ ਅੜੀਅਲ ਰੁਖ 'ਤੇ ਕਾਇਮ ਰਹੀਆਂ, ਜਿਸ ਕਾਰਨ ਸੀਨੇਟ ਵਿੱਚ ਰਿਪਬਲੀਕਨ ਵੱਲੋਂ ਪੇਸ਼ ਕੀਤਾ ਅਸਥਾਈ ਫੰਡਿੰਗ ਬਿੱਲ 60 ਵੋਟਾਂ ਦੀ ਥਾਂ ਸਿਰਫ 55 ਵੋਟਾਂ ਹਾਸਲ ਕਰ ਸਕਿਆ। ਡੈਮੋਕਰੈਟਸ ਨੇ ਸਪੱਸ਼ਟ ਕਰ ਦਿੱਤਾ ਕਿ ਸਿਹਤ ਸੇਵਾਵਾਂ ਦੀ ਫੰਡਿੰਗ ਬਿਨਾਂ ਉਹ ਕਿਸੇ ਵੀ ਬਿੱਲ ਨੂੰ ਸਮਰਥਨ ਨਹੀਂ ਦੇਣਗੇ।

**ਸ਼ਟਡਾਊਨ ਦਾ ਅਸਰ: ਮੁਲਾਜ਼ਮ ਅਤੇ ਅਰਥਵਿਵਸਥਾ 'ਤੇ ਸੰਕਟ**

ਸ਼ਟਡਾਊਨ ਕਾਰਨ ਲੱਖਾਂ ਸਰਕਾਰੀ ਮੁਲਾਜ਼ਮਾਂ 'ਤੇ ਸਿੱਧਾ ਅਸਰ ਪਿਆ ਹੈ। ਲਗਪਗ 7.5 ਲੱਖ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਦੇ ਕੰਮ ਕਰਨਾ ਪਵੇਗਾ ਜਾਂ ਘਰ ਬੈਠਣਾ ਪਵੇਗਾ। ਜ਼ਰੂਰੀ ਸੇਵਾਵਾਂ ਜਿਵੇਂ ਫੌਜ ਅਤੇ ਕੁਝ ਮਹੱਤਵਪੂਰਨ ਸੇਵਾਵਾਂ ਜਾਰੀ ਰਹਿਣਗੀਆਂ, ਪਰ ਉਨ੍ਹਾਂ ਦੀਆਂ ਤਨਖਾਹਾਂ ਵੀ ਰੋਕੀਆਂ ਜਾ ਸਕਦੀਆਂ ਹਨ। ਇਸ ਨਾਲ ਅਮਰੀਕੀ ਅਰਥਵਿਵਸਥਾ ਅਤੇ ਡਾਟਾ ਸਪਲਾਈ 'ਤੇ ਵੀ ਮਾੜਾ ਅਸਰ ਪਵੇਗਾ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੈਮੋਕਰੈਟਸ 'ਤੇ ਨਿਸ਼ਾਨਾ ਸਾਧਦਿਆਂ ਸੋਸ਼ਲ ਮੀਡੀਆ 'ਤੇ ਕਿਹਾ ਕਿ ਵਿਰੋਧੀ ਧਿਰ ਚੋਣਾਂ ਹਾਰਨ ਤੋਂ ਬਾਅਦ ਵੀ ਨਹੀਂ ਸੁਧਰੀ। ਪਰ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਟਰੰਪ ਸਖਤ ਰੁਖ 'ਤੇ ਅੜੇ ਰਹੇ, ਤਾਂ ਜਨਤਾ ਦਾ ਗੁੱਸਾ ਉਨ੍ਹਾਂ 'ਤੇ ਉਤਰ ਸਕਦਾ ਹੈ। ਸੀਨੇਟ ਡੈਮੋਕਰੈਟਿਕ ਆਗੂ ਚੱਕ ਸ਼ੂਮਰ ਨੇ ਰਿਪਬਲੀਕਨ ਨੂੰ 'ਗੁੰਡਾਗਰਦੀ' ਦਾ ਦੋਸ਼ ਲਾਇਆ ਅਤੇ ਸਿਹਤ ਸੇਵਾਵਾਂ ਅਤੇ ਸਮਾਜਿਕ ਸੁਰੱਖਿਆ ਮੁੱਦਿਆਂ ਨੂੰ ਸ਼ਾਮਲ ਨਾ ਕਰਨ 'ਤੇ ਸਮਰਥਨ ਨਾ ਦੇਣ ਦੀ ਚਿਤਾਵਨੀ ਦਿੱਤੀ। **ਸਿੱਟਾ :** ਅਮਰੀਕੀ ਸਰਕਾਰ ਦਾ ਸ਼ਟਡਾਊਨ ਨਾ ਸਿਰਫ ਸਰਕਾਰੀ ਮੁਲਾਜ਼ਮਾਂ, ਸਗੋਂ ਅਰਥਵਿਵਸਥਾ ਅਤੇ ਵਿਕਾਸ ਦੇ ਕੰਮਾਂ 'ਤੇ ਵੀ ਭਾਰੀ ਅਸਰ ਪਾਉਣ ਵਾਲਾ ਹੈ। ਜੇ ਸਮਝੌਤਾ ਨਾ ਹੋਇਆ, ਤਾਂ ਇਹ ਸੰਕਟ ਹੋਰ ਡੂੰਘਾ ਹੋ ਸਕਦਾ ਹੈ।

# ਕੈਨੇਡਾ ਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨਿਆ

**ਕੰਜ਼ਰਵੇਟਿਵ ਤੇ ਐਨ.ਡੀ.ਪੀ. ਨੇਤਾਵਾਂ ਦੀਆਂ ਮੰਗਾਂ ਤੋਂ ਬਾਅਦ ਸਰਕਾਰ ਨੇ ਲਿਆ ਫ਼ੈਸਲਾ**



ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧਾਂ ਵਿੱਚ ਸੁਧਾਰ ਦੀਆਂ ਕੋਸ਼ਿਸ਼ਾਂ ਦੇ ਵਿਚਕਾਰ, ਕੈਨੇਡੀਅਨ ਸਰਕਾਰ ਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕਰ ਦਿੱਤਾ ਹੈ। ਇਹ ਫੈਸਲਾ ਕੰਜ਼ਰਵੇਟਿਵ ਅਤੇ ਐਨਡੀਪੀ ਨੇਤਾਵਾਂ ਦੀਆਂ ਮੰਗਾਂ ਤੋਂ ਬਾਅਦ ਲਿਆ ਗਿਆ ਸੀ।

ਕੈਨੇਡੀਅਨ ਸਰਕਾਰ ਦੇ ਇਸ ਫੈਸਲੇ ਦਾ ਮੁੱਖ ਕਾਰਨ ਪਿਛਲੇ ਸਾਲ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਵੱਲੋਂ ਲਾਏ ਗਏ ਦੋਸ਼ ਹਨ। ਆਰ.ਸੀ.ਐਮ.ਪੀ. ਨੇ ਦੋਸ਼ ਲਗਾਇਆ ਸੀ ਕਿ ਭਾਰਤ ਸਰਕਾਰ ਕੈਨੇਡਾ ਵਿੱਚ ਵਸਦੇ ਸਿੱਖ ਭਾਈਚਾਰੇ, ਖਾਸ ਕਰਕੇ ਖ਼ਾਲਿਸਤਾਨ ਦੀ ਵਕਾਲਤ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾਉਣ ਲਈ ਲਾਰੈਂਸ ਬਿਸ਼ਨੋਈ ਗੈਂਗ ਦੀ ਵਰਤੋਂ ਕਰ ਰਹੀ ਹੈ। ਇਨ੍ਹਾਂ ਦੋਸ਼ਾਂ ਵਿੱਚ ਕਿਹਾ ਗਿਆ ਸੀ ਕਿ ਇਹ ਗਿਰੋਹ ਕਤਲ, ਜਬਰਦਸਤੀ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੈ। ਹਾਲਾਂਕਿ,ਉਸ ਵੇਲੇ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ 'ਬੇਬੁਨਿਆਦ' ਕਰਾਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਹ ਖੁਦ ਇਸ ਗਿਰੋਹ ਦੀਆਂ ਗਤੀਵਿਧੀਆਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ।

ਕੈਨੇਡੀਅਨ ਸਰਕਾਰ ਨੇ ਆਪਣੇ ਫੈਸਲੇ ਵਿੱਚ ਸਪੱਸ਼ਟ ਕੀਤਾ ਹੈ ਕਿ ਬਿਸ਼ਨੋਈ ਗੈਂਗ ਦੀਆਂ ਹਿੰਸਕ ਗਤੀਵਿਧੀਆਂ ਅਤੇ ਜਨਤਕ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਕਾਰਵਾਈਆਂ ਕਾਰਨ ਇਸ ਨੂੰ ਅੱਤਵਾਦੀ ਸੰਗਠਨ ਐਲਾਨਿਆ ਗਿਆ ਹੈ। ਜਨਤਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਨੇ ਕਿਹਾ, 'ਕੈਨੇਡਾ ਵਿੱਚ ਹਿੰਸਾ ਅਤੇ ਅੱਤਵਾਦ ਦੀ ਕੋਈ ਥਾਂ ਨਹੀਂ ਹੈ, ਖਾਸ ਕਰਕੇ ਜਦੋਂ ਇਹ ਖਾਸ ਭਾਈਚਾਰਿਆਂ ਨੂੰ ਡਰਾਉਣ-ਧਮਕਾਉਣ ਲਈ ਨਿਸ਼ਾਨਾ ਬਣਾਉਂਦੇ ਹਨ।' ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕ ਰਹੀ ਹੈ ਕੈਨੇਡਾ ਦੇ ਕ੍ਰਿਮੀਨਲ ਕੋਡ ਦੇ ਤਹਿਤ, ਲਾਰੈਂਸ ਬਿਸ਼ਨੋਈ ਗੈਂਗ ਨੂੰ ਹੁਣ 'ਅੱਤਵਾਦੀ ਸਮੂਹ' ਦੀ ਕਾਨੂੰਨੀ ਪਰਿਭਾਸ਼ਾ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਕੈਨੇਡਾ ਵਿੱਚ ਇਸ ਸੰਗਠਨ ਨਾਲ ਜੁੜੀ ਕੋਈ ਵੀ ਜਾਇਦਾਦ, ਵਿੱਤੀ ਲੈਣ-ਦੇਣ ਜਾਂ ਗਤੀਵਿਧੀਆਂ 'ਤੇ ਸਖ਼ਤ ਪਾਬੰਦੀਆਂ ਲੱਗ ਜਾਣਗੀਆਂ। ਅਜਿਹੀਆਂ ਗਤੀਵਿਧੀਆਂ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਸਜ਼ਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਯੂ.ਕੇ. 'ਚ ਕੰਮ ਲੈਣ ਸਬੰਧੀ ਨਵੇਂ ਨਿਯਮ ਲਾਗੂ



ਲੰਡਨ/ਏ.ਟੀ.ਨਿਊਜ਼ : ਯੂ. ਕੇ. 'ਚ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਨੂੰ ਕੰਮ ਪ੍ਰਾਪਤ ਕਰਨ ਲਈ ਇੱਕ ਲਾਜ਼ਮੀ ਡਿਜੀਟਲ ਪਛਾਣ ਪੱਤਰ ਪੇਸ਼ ਕਰਨਾ ਜ਼ਰੂਰੀ ਹੋਵੇਗਾ। ਬ੍ਰਿਟਿਸ਼ ਸਰਕਾਰ ਨੇ ਪਿਛਲੇ ਦਿਨੀਂ ਇਸ ਦਾ ਐਲਾਨ ਕੀਤਾ ।ਸਰਕਾਰ ਨੇ ਕਿਹਾ ਕਿ ਇਹ ਯੋਜਨਾ ਲੋਕਾਂ ਲਈ ਗੈਰ-ਰਸਮੀ ਅਰਥਵਿਵਸਥਾ 'ਚ ਕੰਮ ਕਰਨਾ ਔਖਾ ਬਣਾ ਦੇਵੇਗੀ, ਜਿਸ ਨਾਲ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਘਟਾਉਣ 'ਚ ਮਦਦ ਮਿਲੇਗੀ।

ਸਰਕਾਰ ਨੇ ਇਹ ਵੀ ਕਿਹਾ ਕਿ ਇਹ ਲੋਕਾਂ ਲਈ ਸਿਹਤ ਸੰਭਾਲ, ਭਲਾਈ ਪ੍ਰੋਗਰਾਮਾਂ, ਬੱਚਿਆਂ ਦੀ ਦੇਖਭਾਲ ਅਤੇ ਹੋਰ ਜਨਤਕ ਸੇਵਾਵਾਂ ਤੱਕ ਪਹੁੰਚ ਆਸਾਨ ਬਣਾ ਦੇਵੇਗੀ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ, 'ਇਸ ਨਾਲ ਦੇਸ਼ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਕਰਨਾ ਔਖਾ ਹੋ ਜਾਵੇਗਾ, ਸਰਹੱਦਾਂ ਨੂੰ ਹੋਰ ਸੁਰੱਖਿਅਤ ਬਣਾਇਆ ਜਾਵੇਗਾ ਅਤੇ ਆਮ ਨਾਗਰਿਕਾਂ ਨੂੰ ਕਈ ਲਾਭ ਵੀ ਪ੍ਰਦਾਨ ਕੀਤੇ ਜਾਣਗੇ।'

# ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ ਲਗਾਈ ਇੰਟਰਨੈੱਟ ਉੱਪਰ ਪਾਬੰਦੀ

**43 ਮਿਲੀਅਨ ਲੋਕਾਂ ਦੀ ਦੁਨੀਆਂ ਨਾਲ ਸੰਪਰਕ ਟੁਟੇਗਾ**



ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ ਇੱਕ ਵਾਰ ਫ਼ਿਰ ਆਪਣੀ ਦਮਨਕਾਰੀ ਨੀਤੀ ਨੂੰ ਅਮਲ ਵਿੱਚ ਲਿਆਂਦਾ ਹੈ। 43 ਮਿਲੀਅਨ ਤੋਂ ਵੱਧ ਨਾਗਰਿਕਾਂ ਨੂੰ ਦੁਨੀਆਂ ਨਾਲ ਜੋੜਨ ਵਾਲੀ ਇੰਟਰਨੈੱਟ ਸੇਵਾ 'ਤੇ ਪੂਰਨ ਪਾਬੰਦੀ ਲਾ ਦਿੱਤੀ ਗਈ ਹੈ। ਇੰਟਰਨੈੱਟ ਨਿਗਰਾਨੀ ਸੰਸਥਾ ਨੈੱਟਬਲਾਕਸ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਟੈਲੀਫ਼ੋਨ ਸੇਵਾਵਾਂ ਦੇ ਨਾਲ-ਨਾਲ ਦੇਸ਼ ਵਿੱਚ ਇੰਟਰਨੈੱਟ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਤਾਲਿਬਾਨ ਨੇ ਇਸ ਨੂੰ 'ਨੈਤਿਕਤਾ ਸੰਬੰਧੀ ਉਪਾਅ' ਦੱਸਿਆ ਹੈ।

ਤਾਲਿਬਾਨ ਦੇ ਸਰਵਉੱਚ ਆਗੂ ਮੌਲਵੀ ਹਿਬਤੁੱਲਾ ਅਖੁੰਦਜਾਦਾ ਦੇ ਹੁਕਮ ਨਾਲ 'ਫ਼ਾਈਬਰ-ਆਪਟਿਕ ਕੇਬਲ' 'ਤੇ ਪੂਰਨ ਪਾਬੰਦੀ ਲਾਈ ਗਈ ਹੈ। ਉੱਤਰੀ ਬਾਲਖ ਸੂਬੇ ਦੇ ਗਵਰਨਰ ਹਾਜੀ ਜੈਦ ਨੇ ਕਿਹਾ ਕਿ ਇਹ ਪਾਬੰਦੀ 'ਅਨੈਤਿਕ ਗਤੀਵਿਧੀਆਂ' ਰੋਕਣ ਲਈ ਹੈ, ਪਰ ਇਹਨਾਂ ਗਤੀਵਿਧੀਆਂ ਦੀ ਸਪੱਸ਼ਟ ਵਿਆਖਿਆ ਨਹੀਂ ਕੀਤੀ। ਇਸ ਨਾਲ ਮੀਡੀਆ ਅਤੇ ਆਮ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

(ਬਾਕੀ ਸਫ਼ਾ 26 'ਤੇ)

# ਯੂਕ੍ਰੇਨ ਦੇ ਡਰੋਨ ਹਮਲਿਆਂ ਕਾਰਨ ਰੂਸ ਦੇ 100 ਬਿਲੀਅਨ ਡਾਲਰ ਦੀ ਹੋਈ ਤਬਾਹੀ



ਯੂਕ੍ਰੇਨ ਅਤੇ ਰੂਸ ਵਿਚਕਾਰ ਚੱਲ ਰਹੀ ਲੜਾਈ ਹੁਣ ਤਿੰਨ ਸਾਲ ਤੋਂ ਜ਼ਿਆਦਾ ਸਮੇਂ ਤੱਕ ਚੱਲ ਰਹੀ ਹੈ। ਇਸ ਵਾਰ ਯੂਕ੍ਰੇਨ ਨੇ ਆਪਣੀ ਰਣਨੀਤੀ ਵਿੱਚ ਇੱਕ ਨਵਾਂ ਮੋੜ ਲਿਆ ਹੈ। ਰਾਸ਼ਟਰਪਤੀ ਵਲੋਦੀਮੀਰ ਜ਼ੇਲੰਸਕੀ ਨੇ ਰੂਸ ਦੇ ਤੇਲ ਅਤੇ ਗੈਸ ਵਾਲੇ ਵੱਡੇ ਸਾਮਰਾਜ ਨੂੰ ਨਿਸ਼ਾਨਾ ਬਣਾਉਣ ਲਈ ਲੰਮੀ ਦੂਰੀ ਵਾਲੇ ਡਰੋਨ ਹਮਲੇ ਸ਼ੁਰੂ ਕਰ ਦਿੱਤੇ ਹਨ। ਇਹ ਹਮਲੇ ਰੂਸ ਦੀ ਅਰਥ-ਵਿਵਸਥਾ ਦੀ ਗੀੜ੍ਹ ਦੀ ਹੱਡੀ ਨੂੰ ਤੋੜਨ ਵਾਲੇ ਹਨ। ਰੂਸ ਦੇ ਤੇਲ ਰਿਫਾਈਨਰੀਆਂ ਅਤੇ ਗੈਸ ਪਲਾਂਟਾਂ ਨੂੰ ਨਿਸ਼ਾਨਾ ਬਣਾ ਕੇ ਯੂਕ੍ਰੇਨ ਨੇ ਰੂਸ ਨੂੰ ਘੱਟੋ ਘੱਟ 100 ਬਿਲੀਅਨ ਡਾਲਰ ਦਾ ਨੁਕਸਾਨ ਪਹੁੰਚਾਇਆ ਹੈ। ਇਹ ਨੁਕਸਾਨ ਨਾ ਸਿਰਫ਼ ਰੂਸ ਦੀ ਯੁੱਧ ਵਾਲੇ ਯੰਤਰਾਂ ਨੂੰ ਕਮਜ਼ੋਰ ਕਰ ਰਿਹਾ ਹੈ, ਸਗੋਂ ਉਸ ਦੀ ਆਮ ਜਨਤਕ ਜ਼ਿੰਦਗੀ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਯੂਕ੍ਰੇਨੀ ਫੌਜ ਨੇ ਅਗਸਤ 2025 ਤੋਂ ਸੈਪਟੈਂਬਰ ਤੱਕ ਰੂਸ ਦੀਆਂ 16 ਤੋਂ ਵੱਧ ਰਿਫਾਈਨਰੀਆਂ ਨੂੰ ਨਿਸ਼ਾਨਾ ਬਣਾਇਆ ਹਸੀ, ਜਿਸ ਨਾਲ ਰੂਸ ਦੀ ਡੀਜ਼ਲ ਨਿਰਯਾਤ 2020 ਤੋਂ ਘੱਟ ਪੱਧਰ 'ਤੇ ਆ ਗਈ ਸੀ। ਇਹ ਹਮਲੇ ਰੂਸ ਦੇ ਤੇਲ ਨੂੰ ਕੱਚੇ ਤੇਲ ਤੋਂ ਤਿਆਰ ਮਾਲ ਵਿੱਚ ਬਦਲਣ ਵਾਲੀਆਂ ਵਡੀਆਂ ਯੂਨਿਟਾਂ ਨੂੰ ਤਬਾਹ ਕਰ ਰਹੇ ਹਨ, ਜਿਨ੍ਹਾਂ ਦੀ ਮੁੜ ਨਿਰਮਾਣ ਲਈ ਪੱਛਮੀ ਤਕਨੀਕ ਦੀ ਲੋੜ ਹੈ। ਰੂਸ ਉਪਰ ਪੱਛਮੀ ਪਾਬੰਦੀਆਂ ਕਾਰਨ ਇਹ ਪੁਰਜੇ ਨਹੀਂ ਮਿਲ ਰਹੇ। ਇੱਕ ਸਸਤਾ ਯੂਕ੍ਰੇਨੀ ਡਰੋਨ ਵੀ ਇੱਕ ਰਿਫਾਈਨਰੀ ਨੂੰ ਮਹੀਨਿਆਂ ਲਈ ਬੰਦ ਕਰ ਸਕਦਾ ਹੈ ਅਤੇ ਅਰਬਾਂ ਡਾਲਰ ਦਾ ਨੁਕਸਾਨ ਪਹੁੰਚਾ ਸਕਦਾ ਹੈ। ਇਸ ਨਾਲ ਰੂਸ ਨੂੰ ਆਪਣੇ ਨਿਰਯਾਤ ਰੋਕਣੇ ਪਏ ਅਤੇ ਘਰੇਲੂ ਬਾਜ਼ਾਰ ਨੂੰ ਸਥਿਰ ਕਰਨ ਲਈ ਸਖ਼ਤ ਫ਼ੈਸਲੇ ਲੈਣੇ ਪਏ। ਯੂਕ੍ਰੇਨ ਦੇ ਡਰੋਨ ਹਮਲੇ ਰੂਸ ਦੇ ਵੱਡੇ ਤੇਲ ਅਤੇ ਗੈਸ ਸਾਮਰਾਜ ਨੂੰ ਤਬਾਹ ਕਰ ਰਹੇ ਹਨ। ਇਹ ਰਣਨੀਤੀ ਰੂਸ ਦੀ ਲਾਈਫ਼ਲਾਈਨ ਨੂੰ ਤੋੜਨ ਵਾਲੀ ਹੈ, ਜੋ ਉਸ ਦੇ ਯੁੱਧ ਨੂੰ ਚਲਾਉਂਦੀ ਹੈ। ਰੂਸ ਦੀ ਅਰਥਵਿਵਸਥਾ ਤੇਲ ਅਤੇ ਗੈਸ ਨਿਰਯਾਤ ਤੇ ਨਿਰਭਰ ਹੈ। ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਰੂਸ ਦੇ ਕੁੱਲ ਬਜਟ ਦਾ 40 ਫ਼ੀਸਦੀ ਹਿੱਸਾ ਤੇਲ ਅਤੇ ਗੈਸ ਵੇਚ ਕੇ ਆਉਂਦਾ ਸੀ।

(ਬਾਕੀ ਸਫ਼ਾ 26 'ਤੇ)


# ਡੇਰਾ ਬਿਆਸ ਮੁਖੀ ਦੀ ਮਜੀਠੀਆ ਨਾਲ ਜੇਲ੍ਹ ਮੁਲਾਕਾਤ ਪਿੱਛੇ ਸਿਆਸੀ ਸੰਦੇਸ਼ ਕੀ ਹੈ ?

## ਸੁਖਬੀਰ ਦੀ ਮਜੀਠੀਆ ਨਾਲ ਮੁਲਾਕਾਤ: ਅਕਾਲੀ ਦਲ ਦੀ ਸਿਆਸਤ ਵਿੱਚ ਨਵਾਂ ਮੋੜ

## ਪੰਥਕ ਲੀਡਰਸ਼ਿਪ 'ਤੇ ਸਵਾਲ: ਅਕਾਲੀਆਂ ਦੀ ਡੇਰਾ ਮੁਖੀ ਨਾਲ ਨਜ਼ਦੀਕੀ ਕਿੰਨੀ ਜਾਇਜ਼ ?







ਬੀਤੇ ਦਿਨੀਂ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਬਿਕਰਮ ਸਿੰਘ ਮਜੀਠੀਆ ਨਾਲ ਨਾਭਾ ਜੇਲ੍ਹ ਵਿੱਚ ਮੁਲਾਕਾਤ, ਨੇ ਪੰਜਾਬ ਦੀ ਸਿਆਸਤ ਵਿੱਚ ਹਲਚਲ ਮਚਾਈ ਹੋਈ ਹੈ। ਇਥੇ ਜ਼ਿਕਰਯੋਗ ਹੈ ਕਿ 25 ਜੂਨ ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਘਰੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ। ਸਰਕਾਰ ਮੁਤਾਬਕ, ਮਜੀਠੀਆ 'ਤੇ 540 ਕਰੋੜ ਰੁਪਏ ਦੀ ਬੇਹਿਸਾਬ ਜਾਇਦਾਦ ਦਾ ਦੋਸ਼ ਹੈ। ਮਜੀਠੀਆ ਦਾ ਕਹਿਣਾ ਹੈ ਕਿ ਇਹ ਮਾਮਲਾ ਪੂਰੀ ਤਰ੍ਹਾਂ ਮਨਘੜਤ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਉਨ੍ਹਾਂ ਨਾਲ ਸਿਆਸੀ ਦੁਸ਼ਮਣੀ ਕੱਢ ਰਹੀ ਹੈ। ਹੁਣ ਮਜੀਠੀਆ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਜ਼ਮਾਨਤ ਅਰਜ਼ੀ ਦਾਖਲ ਕੀਤੀ ਹੈ, ਜਿਸ ਦੀ ਸੁਣਵਾਈ 14 ਅਕਤੂਬਰ ਨੂੰ ਹੋਵੇਗੀ। ਸੁਖਬੀਰ ਸਿੰਘ ਬਾਦਲ ਨੇ ਬੀਤੇ ਸ਼ੁੱਕਰਵਾਰ ਨੂੰ ਜੇਲ੍ਹ ਵਿੱਚ ਮਜੀਠੀਆ ਨਾਲ ਮੁਲਾਕਾਤ ਕੀਤੀ ਸੀ, ਪਰ ਸਭ ਤੋਂ ਵੱਧ ਚਰਚਾ ਬੀਤੇ ਮੰਗਲਵਾਰ ਨੂੰ ਡੇਰਾ ਬਿਆਸ ਦੇ ਮੁਖੀ ਦੀ ਮੁਲਾਕਾਤ ਨੇ ਪੈਦਾ ਕੀਤੀ। ਇਹ ਮੁਲਾਕਾਤ ਨਾ ਸਿਰਫ਼ ਸਿਆਸੀ ਹਲਕਿਆਂ ਵਿੱਚ, ਸਗੋਂ ਆਮ ਲੋਕਾਂ ਵਿੱਚ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੀ ਮਜੀਠੀਆ ਨਾਲ ਮੁਲਾਕਾਤ ਨੂੰ ਸਿਰਫ਼ ਇੱਕ ਪਰਿਵਾਰਕ ਮੁਲਾਕਾਤ ਦੱਸਿਆ ਜਾ ਰਿਹਾ ਹੈ, ਕਿਉਂਕਿ ਉਹ ਮਜੀਠੀਆ ਦੀ ਪਤਨੀ ਅਤੇ ਮੌਜੂਦਾ ਮਜੀਠਾ ਤੋਂ ਵਿਧਾਇਕ ਗਨੀਵ ਕੌਰ ਦੇ ਰਿਸ਼ਤੇਦਾਰ ਹਨ। ਪਰ ਇਸ ਮੁਲਾਕਾਤ ਦੇ ਪਿੱਛੇ ਲੁਕਿਆ ਸਿਆਸੀ ਸੰਦੇਸ਼ ਸਾਫ਼ ਨਜ਼ਰ ਆਉਂਦਾ ਹੈ। ਡੇਰਾ ਬਿਆਸ, ਜਿਸ ਦੇ ਲੱਖਾਂ ਅਨੁਯਾਈ ਹਨ, ਹਮੇਸ਼ਾ ਤੋਂ ਸਿਆਸਤ ਤੋਂ ਦੂਰ ਰਿਹਾ ਹੈ। ਪਰ ਹੁਣ ਉਹ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੈ। ਇਸ ਡੇਰਾ ਮੁਖੀ ਦਾ ਜੇਲ੍ਹ ਜਾ ਕੇ ਮਜੀਠੀਆ ਨਾਲ ਮੁਲਾਕਾਤ ਕਰਨਾ ਅਜਿਹਾ ਅਨੋਖਾ ਕਦਮ ਹੈ, ਜਿਸ ਨੂੰ ਸਿਆਸੀ ਹਲਕੇ ਇੱਕ ਵੱਡੇ ਸੰਕੇਤ ਵਜੋਂ ਦੇਖ ਰਹੇ ਹਨ।

ਸੂਤਰਾਂ ਮੁਤਾਬਕ, ਡੇਰਾ ਮੁਖੀ ਅਤੇ ਮਜੀਠੀਆ ਦੀ ਇਹ ਮੁਲਾਕਾਤ ਅੱਧੇ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ। ਜਦੋਂ ਤੱਕ ਬਾਬਾ ਗੁਰਿੰਦਰ ਸਿੰਘ ਜੇਲ੍ਹ ਤੋਂ ਬਾਹਰ ਨਿਕਲੇ, ਉਦੋਂ ਤੱਕ ਉਨ੍ਹਾਂ ਦੀ ਮੌਜੂਦਗੀ ਦੀ ਖ਼ਬਰ ਫ਼ੈਲ ਚੁੱਕੀ ਸੀ। ਉਨ੍ਹਾਂ ਦੇ ਅਨੁਯਾਈ ਜੇਲ੍ਹ ਦੇ ਬਾਹਰ ਇਕੱਠੇ ਹੋ ਗਏ, ਜੋ ਉਨ੍ਹਾਂ ਦੀ ਇੱਕ ਝਲਕ ਪਾਉਣ ਲਈ ਬੇਤਾਬ ਸਨ।

ਇਹ ਮੁਲਾਕਾਤ ਇਸ ਲਈ ਵੀ ਖਾਸ ਮੰਨੀ ਜਾ ਰਹੀ ਹੈ ਕਿਉਂਕਿ ਪਿਛਲੇ ਦੋ ਮਹੀਨਿਆਂ ਵਿੱਚ ਅਕਾਲੀ ਦਲ ਦੇ ਕਈ ਵੱਡੇ ਆਗੂਆਂ ਨੂੰ ਮਜੀਠੀਆ ਨਾਲ ਮੁਲਾਕਾਤ ਦੀ ਇਜਾਜ਼ਤ ਨਹੀਂ ਦਿੱਤੀ ਗਈ। ਮਜੀਠੀਆ 'ਤੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਜਾਇਦਾਦ ਰੱਖਣ ਦਾ ਦੋਸ਼ ਹੈ। ਸੁਖਬੀਰ ਬਾਦਲ ਦੀ ਪਤਨੀ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਜੋ ਮਜੀਠੀਆ ਦੀ ਭੈਣ ਹਨ, ਨੂੰ ਰੱਖੜੀ ਦੇ ਦਿਨ ਕਈ ਅਰਜ਼ੀਆਂ ਤੋਂ ਬਾਅਦ ਮੁਲਾਕਾਤ ਦੀ ਇਜਾਜ਼ਤ ਮਿਲੀ ਸੀ। ਗਨੀਵ ਕੌਰ ਅਤੇ ਹਰਸਿਮਰਤ ਤੋਂ ਇਲਾਵਾ ਕਿਸੇ ਹੋਰ ਅਕਾਲੀ ਆਗੂ ਨੂੰ ਮਜੀਠੀਆ ਨਾਲ ਮੁਲਾਕਾਤ ਦੀ ਮਨਜ਼ੂਰੀ ਨਹੀਂ ਦਿੱਤੀ ਗਈ।ਬੀਤੇ ਸ਼ੁੱਕਰਵਾਰ ਨੂੰ ਪਹਿਲੀ ਵਾਰ ਸੁਖਬੀਰ ਸਿੰਘ ਬਾਦਲ ਨੇ ਖੁਦ ਜੇਲ੍ਹ ਜਾ ਕੇ ਮਜੀਠੀਆ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਹਰਸਿਮਰਤ ਅਤੇ ਭਰਜਾਈ ਗਨੀਵ ਕੌਰ ਵੀ ਸਨ। ਜੇਲ੍ਹ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਸੁਖਬੀਰ ਨੇ ਕਿਹਾ, ਪੰਜਾਬ ਸਰਕਾਰ ਨੇ ਸਾਡੀਆਂ ਕਈ ਅਰਜ਼ੀਆਂ ਰੱਦ ਕਰ ਦਿੱਤੀਆਂ ਸਨ। ਹਰਸਿਮਰਤ ਨੂੰ ਜਦੋਂ ਮੁਲਾਕਾਤ ਦੀ ਇਜਾਜ਼ਤ ਮਿਲੀ, ਤਾਂ ਸਿਰਫ਼ ਚੰਦ ਮਿੰਟਾਂ ਲਈ। ਮੈਂ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੂੰ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਰਵੱਈਆ ਇੱਕ ਅਫ਼ਸਰ ਦੇ ਲਾਇਕ ਨਹੀਂ।

ਸੀਨੀਅਰ ਅਕਾਲੀ ਆਗੂ ਜਿਵੇਂ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਮਹੇਸ਼ ਇੰਦਰ ਗਰੇਵਾਲ ਅਤੇ ਵਿਰਸਾ ਸਿੰਘ ਵਲਟੋਹਾ ਨੂੰ ਸਰਕਾਰ ਨੇ ਇਸ ਆਧਾਰ 'ਤੇ ਮੁਲਾਕਾਤ ਦੀ ਮਨਜ਼ੂਰੀ ਨਹੀਂ ਦਿੱਤੀ ਕਿ ਸਿਰਫ਼ ਨਜ਼ਦੀਕੀ ਪਰਿਵਾਰਕ ਮੈਂਬਰ ਹੀ ਮਜੀਠੀਆ ਨਾਲ ਜੇਲ੍ਹ ਵਿੱਚ ਮਿਲ ਸਕਦੇ ਹਨ।

ਇੱਕ ਸੀਨੀਅਰ ਜੇਲ੍ਹ ਅਧਿਕਾਰੀ ਮੁਤਾਬਕ, ਗੁਰਿੰਦਰ ਸਿੰਘ ਢਿੱਲੋਂ ਨੂੰ ਮਜੀਠੀਆ ਪਰਿਵਾਰ ਵੱਲੋਂ ਪਰਿਵਾਰਕ ਮੈਂਬਰਾਂ ਦੀ ਸੂਚੀ ਵਿੱਚ ਦਰਜ ਕੀਤਾ ਗਿਆ ਸੀ, ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਮੁਲਾਕਾਤ ਦੀ ਇਜਾਜ਼ਤ ਮਿਲੀ। ਪਰ ਜਾਣਕਾਰਾਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਡੇਰਾ ਮੁਖੀ ਨੂੰ ਮੁਲਾਕਾਤ ਤੋਂ ਰੋਕਦੀ, ਤਾਂ ਇਹ ਸਿਆਸੀ ਤੌਰ 'ਤੇ ਆਤਮਘਾਤੀ ਸਾਬਤ ਹੁੰਦਾ। ਪੰਜਾਬ ਵਿੱਚ ਡੇਰਾ ਬਿਆਸ ਦਾ ਪ੍ਰਭਾਵ ਦੂਜੇ ਸਾਰੇ ਡੇਰਿਆਂ ਨਾਲੋਂ ਕਿਤੇ ਜ਼ਿਆਦਾ ਹੈ। ਉਨ੍ਹਾਂ ਦੀ ਕਿਸੇ ਵੀ ਅਰਜ਼ ਨੂੰ ਨਜ਼ਰ-ਅੰਦਾਜ਼ ਕਰਨਾ ਸਿੱਧਾ ਉਨ੍ਹਾਂ ਦੇ ਅਨੁਯਾਈਆਂ ਨੂੰ ਨਾਰਾਜ਼ ਕਰਨਾ ਹੁੰਦਾ।

## ਪੰਥਕ ਲੀਡਰਸ਼ਿਪ 'ਤੇ ਸਵਾਲ ਖੜ੍ਹੇ ਹੋਏ



ਡੇਰਾ ਬਿਆਸ ਮੁਖੀ ਦੀ ਮੁਲਾਕਾਤ ਨੇ ਪੰਥਕ ਸਿਆਸਤ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਡੇਰਾ ਰਾਧਾ ਸਵਾਮੀ ਸਤਸੰਗ ਗੁਰਮਤਿ ਦੇ ਸਿਧਾਂਤਾਂ ਦੇ ਉਲਟ ਪ੍ਰਚਾਰ ਕਰਦਾ ਹੈ। ਇਹ ਡੇਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਗੁਰੂ ਮੰਨਣ ਦੀ ਬਜਾਏ ਆਪਣੇ ਮੁਖੀ ਨੂੰ ਸਤਿਗੁਰੂ ਮੰਨਦਾ ਹੈ। ਡੇਰਾ ਬਿਆਸ, ਜੋ ਰਾਧਾ ਸਵਾਮੀ ਸਤਸੰਗ ਵਜੋਂ ਜਾਣਿਆ ਜਾਂਦਾ ਹੈ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਣਨ ਕੀਤੇ ਗੁਰਮਤਿ ਸਿਧਾਂਤਾਂ ਅਨੁਸਾਰ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਪਰੰਪਰਾ ਵਿੱਚ ਗੁਰੂ ਨੂੰ ਅੰਤਿਮ ਅਧਿਕਾਰੀ ਮੰਨਿਆ ਗਿਆ ਹੈ, ਅਤੇ ਉਹਨਾਂ ਨੇ ਆਪਣੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰੂਗੱਦੀ ਦਿੱਤੀ ਸੀ। ਪਰ ਡੇਰਾ ਬਿਆਸ ਵਰਗੇ ਸੰਸਥਾਨ ਇਸ ਸਿਧਾਂਤ ਦੇ ਉਲਟ ਭੁਗਤਦੇ ,ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਗੁਰੂ ਸਿਧਾਂਤ ਉਲਟ ਵਿਆਖਿਆ ਕਰਦੇ ਹਨ, ਜਿਸ ਨਾਲ ਸਿੱਖ ਪੰਥ ਵਿੱਚ ਇਸ ਡੇਰੇ ਨੂੰ ਅਹਿਮੀਅਤ ਨਹੀਂ ਦਿੱਤੀ ਗਈ ਸੀ। ਅਜਿਹੇ ਵਿੱਚ ਪੰਥਕ ਆਗੂਆਂ ਦਾ ਡੇਰਾ ਮੁਖੀ ਨਾਲ ਮੁਲਾਕਾਤ ਕਰਨਾ ਅਤੇ ਉਸ ਨੂੰ ਮਾਨਤਾ ਦੇਣਾ ਸਿੱਖ ਸਿਧਾਂਤਾਂ ਦੇ ਉਲਟ ਮੰਨਿਆ ਜਾ ਰਿਹਾ ਹੈ। ਆਮ ਸਿੱਖਾਂ ਦਾ ਸੋਸ਼ਲ ਮੀਡੀਆ ਉਪਰ ਮੰਨਣਾ ਹੈ ਕਿ ਅਜਿਹੇ ਡੇਰਾ ਮੁਖੀਆਂ ਨੂੰ ਮਾਨਤਾ ਦੇਣ ਵਾਲੇ ਆਗੂ ਖ਼ਾਲਸਾ ਪੰਥ ਦੇ ਵਿਸ਼ਵਾਸਘਾਤੀ ਹਨ। ਇਹ ਨਾ ਸਿਰਫ਼ ਗੁਰਮਤਿ ਦਾ ਉਲੰਘਣ ਹੈ, ਸਗੋਂ ਪੰਥ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਵੀ ਹੈ। ਡੇਰਾ ਮੁਖੀ ਪਹਿਲਾਂ ਵੀ ਖ਼ਾਲਿਸਤਾਨੀ ਆਗੂ ਸਿਮਰਨਜੀਤ ਸਿੰਘ ਮਾਨ, ਨਿਹੰਗ ਮੁਖੀ ਬਲਬੀਰ ਸਿੰਘ ਅਤੇ ਹੋਰ ਪੰਥਕ ਆਗੂਆਂ ਨਾਲ ਮੁਲਾਕਾਤਾਂ ਕਰ ਚੁੱਕੇ ਹਨ। ਕੀ ਅਕਾਲ ਤਖ਼ਤ ਇਸ 'ਤੇ ਕੋਈ ਸਖ਼ਤ ਕਦਮ ਚੁੱਕੇਗਾ ?

ਡੇਰਾ ਬਿਆਸ ਮੁਖੀ ਦੀ ਮੁਲਾਕਾਤ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਮੁਲਾਕਾਤ ਸਿਰਫ਼ ਇੱਕ ਪਰਿਵਾਰਕ ਮਿਲਣੀ ਨਹੀਂ, ਸਗੋਂ ਇੱਕ ਵੱਡਾ ਸਿਆਸੀ ਸੰਦੇਸ਼ ਹੈ। ਇਹ ਮੁਲਾਕਾਤ ਅਕਾਲੀ ਦਲ, ਭਾਜਪਾ ਅਤੇ ਆਪ ਸਰਕਾਰ ਦਰਮਿਆਨ ਚੱਲ ਰਹੀ ਸਿਆਸੀ ਜੰਗ ਦਾ ਨਵਾਂ ਮੋੜ ਵੀ ਦਰਸਾਉਂਦੀ ਹੈ। ਜਿਵੇਂ-ਜਿਵੇਂ 2027 ਦੀਆਂ ਵਿਧਾਨ ਸਭਾ ਚੋਣਾਂ ਨਜ਼ਦੀਕ ਆਉਣਗੀਆਂ, ਇਸ ਮੁਲਾਕਾਤ ਦੇ ਅਸਰ ਅਤੇ ਸਿਆਸੀ ਮੰਤਵ ਸਾਫ਼ ਹੋਣਗੇ।

ਪਰ ਸਵਾਲ ਇਹ ਵੀ ਹੈ ਕਿ ਪੰਥਕ ਸਿਆਸਤ ਅਤੇ ਸਿੱਖ ਸਿਧਾਂਤਾਂ ਦੇ ਮੱਦੇਨਜ਼ਰ ਅਕਾਲੀ ਆਗੂਆਂ ਦਾ ਡੇਰਾ ਮੁਖੀ ਨਾਲ ਮੁਲਾਕਾਤ ਕਰਨਾ ਕਿੰਨਾ ਜਾਇਜ਼ ਹੈ ? ਕੀ ਇਹ ਸਿੱਖ ਪੰਥ ਨਾਲ ਧੋਖਾ ਨਹੀਂ ? ਇਹ ਸਵਾਲ ਪੰਜਾਬ ਦੀ ਸਿਆਸਤ ਅਤੇ ਸਮਾਜ ਵਿੱਚ ਚਰਚਾ ਦਾ ਵਿਸ਼ਾ ਬਣੇ ਰਹਿਣਗੇ।

## ਡੇਰਾ ਬਿਆਸ ਦੀ ਅਹਿਮੀਅਤ

ਰਾਧਾ ਸਵਾਮੀ ਸਤਸੰਗ ਡੇਰਾ ਬਿਆਸ ਲਗਭਗ 3,000 ਏਕੜ ਵਿੱਚ ਫ਼ੈਲਿਆ ਹੋਇਆ ਹੈ ਅਤੇ ਇਸ ਦੇ ਭਾਰਤ ਵਿੱਚ 5,000 ਤੋਂ ਵੱਧ ਅਤੇ ਵਿਦੇਸ਼ਾਂ ਵਿੱਚ 90 ਤੋਂ ਜ਼ਿਆਦਾ ਕੇਂਦਰ ਹਨ। ਬਿਆਸ ਸਥਿਤ ਮੁੱਖ ਦਫ਼ਤਰ ਆਪਣੇ ਆਪ ਵਿੱਚ ਇੱਕ ਮਿੰਨੀ ਟਾਊਨਸ਼ਿਪ ਹੈ, ਜਿੱਥੇ ਵਿਸ਼ਾਲ ਸਤਸੰਗ ਪਰਿਸਰ, ਰਿਹਾਇਸ਼ੀ ਇਲਾਕਾ, ਸਕੂਲ ਅਤੇ ਹਸਪਤਾਲ ਮੌਜੂਦ ਹਨ।

ਭਾਵੇਂ ਡੇਰਾ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੈਰ-ਸਿਆਸੀ ਦੱਸਦਾ ਹੈ, ਪਰ ਚੋਣਾਂ ਦੇ ਸਮੇਂ ਸਿਆਸੀ ਆਗੂ ਇੱਥੇ ਪਹੁੰਚਦੇ ਰਹਿੰਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਨਵੰਬਰ 2022 ਵਿੱਚ ਹਿਮਾਚਲ ਚੋਣਾਂ ਤੋਂ ਪਹਿਲਾਂ ਡੇਰੇ ਦਾ ਦੌਰਾ ਕੀਤਾ ਸੀ। ਢਿੱਲੋਂ ਨੇ ਫ਼ਰਵਰੀ 2022 ਵਿੱਚ ਦਿੱਲੀ ਵਿੱਚ ਪੀਐਮ ਮੋਦੀ ਨਾਲ ਮੁਲਾਕਾਤ ਕੀਤੀ ਸੀ। ਉਸੇ ਸਾਲ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਡੇਰੇ ਗਏ ਸਨ।

ਨਵੰਬਰ 2024 ਵਿੱਚ ਡੇਰਾ ਮੁਖੀ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ। ਉਹ ਪੰਜਾਬ ਦੇ ਰਾਜਪਾਲ ਗੁਲਾਬਚੰਦ ਕਟਾਰੀਆ ਨਾਲ ਵੀ ਮਿਲ ਚੁੱਕੇ ਹਨ। 2024 ਵਿੱਚ ਉਨ੍ਹਾਂ ਨੇ ਸੂਫ਼ੀ ਗਾਇਕ ਮਹਾਤਮਾ ਬੀਰੇਂਦਰ ਸਿੰਘ ਨੂੰ ਹਿਸਾਰ ਸਥਿਤ ਡੇਰਾ ਜਗਮਾਲਵਾਲੀ ਦਾ ਮੁਖੀ ਮੰਨਦਿਆਂ ਉਸ ਨੂੰ ਪੱਗ ਬੰਨ੍ਹੀ।

ਪਿਛਲੇ ਸਾਲ ਦਸੰਬਰ ਵਿੱਚ ਢਿੱਲੋਂ ਨੇ ਅਕਾਲੀ ਦਲ ਦੇ ਬਾਗੀ ਧੜੇ ਦੇ ਆਗੂ ਸੁਰਜੀਤ ਸਿੰਘ ਰੱਖੜਾ ਅਤੇ ਦਮਦਮਾ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ ਸੀ। ਇਸ ਨੂੰ ਅਕਾਲੀ ਦਲ ਅਤੇ ਬਾਗੀ ਧੜੇ ਵਿਚਕਾਰ ਸਮਝੌਤੇ ਦੀ ਕੋਸ਼ਿਸ਼ ਮੰਨਿਆ ਗਿਆ ਸੀ। ਇਸ ਸਾਲ ਫ਼ਰਵਰੀ ਵਿੱਚ ਉਹ ਆਮ ਆਦਮੀ ਪਾਰਟੀ ਦੇ ਪੰਜਾਬ ਮੁਖੀ ਅਮਨ ਅਰੋੜਾ ਨਾਲ ਉਨ੍ਹਾਂ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਮਿਲੇ ਸਨ।

ਡੇਰਾ ਮੁਖੀ ਦੀ ਮੁਲਾਕਾਤ ਦੇ ਸਿਆਸੀ ਮਾਇਨੇ

ਡੇਰਾ ਮੁਖੀ ਦੀ ਕੇਂਦਰ ਸਰਕਾਰ ਨਾਲ ਨਜ਼ਦੀਕੀਆਂ ਨੂੰ ਦੇਖਦਿਆਂ ਇਸ ਮੁਲਾਕਾਤ ਨੂੰ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸੰਭਾਵੀ ਗਠਜੋੜ ਦੀਆਂ ਅਟਕਲਾਂ ਨਾਲ ਵੀ ਜੋੜਿਆ ਜਾ ਰਿਹਾ ਹੈ। ਇਹ ਮੁਲਾਕਾਤ ਅਜਿਹੇ ਸਮੇਂ ਹੋਈ ਹੈ, ਜਦੋਂ ਸੁਖਬੀਰ ਬਾਦਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮਦਦ ਪਹੁੰਚਾ ਕੇ ਅਕਾਲੀ ਦਲ ਨੂੰ ਮੁੜ ਸਰਗਰਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਾਰਟੀ ਦਾ ਬਾਗੀ ਧੜਾ ਭਾਵੇਂ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਡੇਰਾ ਮੁਖੀ ਦਾ ਆਸ਼ੀਰਵਾਦ ਅਤੇ ਸੁਖਬੀਰ ਦੀ ਵਧਦੀ ਸਰਗਰਮੀ ਨੇ ਅਕਾਲੀ ਦਲ ਨੂੰ ਸਿਆਸੀ ਚਰਚਾ ਵਿੱਚ ਲਿਆ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਭਾਜਪਾ ਅਤੇ ਮਜੀਠੀਆ ਵਿਚਕਾਰ ਕਿਸੇ ਸਮਝੌਤੇ ਦਾ ਸੰਕੇਤ ਵੀ ਹੋ ਸਕਦਾ ਹੈ। ਇਹ ਆਪ ਸਰਕਾਰ ਲਈ ਵੀ ਇਸ਼ਾਰਾ ਹੈ ਕਿ ਡੇਰੇ ਦੀ ਹਮਦਰਦੀ ਕਿਸ ਵੱਲ ਹੈ। ਮਜੀਠੀਆ ਨੇ ਆਪਣੇ ਐਕਸ ਅਕਾਊਂਟ 'ਤੇ ਡੇਰਾ ਮੁਖੀ ਦੀ



ਮੁਲਾਕਾਤ ਦੀ ਅਹਿਮੀਅਤ ਨੂੰ ਸਵੀਕਾਰਦਿਆਂ ਲਿਖਿਆ, ਮੇਰੇ ਕੋਲ ਨਾ ਤਾਂ ਉਹ ਦਰਜਾ ਹੈ, ਨਾ ਹੀ ਸਮਰੱਥਾ। ਮੈਂ ਤਾਂ ਇੱਕ ਸਾਧਾਰਨ ਇਨਸਾਨ ਹਾਂ। ਨਾਭਾ ਜੇਲ੍ਹ ਵਿੱਚ ਬਿਆਸ ਡੇਰੇ ਦੇ ਪੂਜਨੀਕ ਬਾਬਾ ਜੀ ਖੁਦ ਮੈਨੂੰ ਹੌਸਲਾ ਦੇਣ ਆਏ, ਇਹ ਮੇਰੇ ਲਈ ਭਾਵੁਕ ਪਲ ਹੈ। ਜ਼ਿੰਦਗੀ ਦੇ ਸਭ ਤੋਂ ਮੁਸ਼ਕਿਲ ਸਮੇਂ ਵਿੱਚ ਬਾਬਾ ਜੀ ਨੇ ਹਮੇਸ਼ਾ ਮੇਰਾ ਹੱਥ ਫ਼ੜਿਆ ਹੈ। ਮੈਂ ਉਨ੍ਹਾਂ ਦਾ ਅਤੇ ਸੰਗਤ ਦਾ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਦੀਆਂ ਦੁਆਵਾਂ ਮੈਨੂੰ ਹਮੇਸ਼ਾ ਮਜ਼ਬੂਤ ਕਰਦੀਆਂ ਹਨ।

ਇਹ ਮੁਲਾਕਾਤ ਅਕਾਲੀ ਦਲ ਦੇ ਅੰਦਰ ਮਜੀਠੀਆ ਦੀ ਅਹਿਮੀਅਤ ਨੂੰ ਵੀ ਉਜਾਗਰ ਕਰਦੀ ਹੈ। ਭਾਵੇਂ ਪਾਰਟੀ ਦਾ ਬਾਗੀ ਧੜਾ ਸੁਖਬੀਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਮਜੀਠੀਆ ਦੀ ਸਿਆਸੀ ਤਾਕਤ ਅਤੇ ਡੇਰੇ ਦੀ ਹਮਾਇਤ ਨੇ ਅਕਾਲੀ ਦਲ ਨੂੰ ਮੁੜ ਸੁਰਖੀਆਂ ਵਿੱਚ ਲੈ ਆਉਂਦਾ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਸੁਪਰੀਮ ਕੋਰਟ ਦਾ ਨਿਆਂਕਾਰੀ ਫ਼ੈਸਲਾ: ਮੋਗਾ ਬੇਅਦਬੀ ਕੇਸ ਸਬੰਧੀ ਚੰਡੀਗੜ੍ਹ ਤਬਦੀਲੀ 'ਤੇ ਲਗਾਈ ਰੋਕ

## ਪੰਥਕ ਆਗੂਆਂ ਵੱਲੋਂ ਸਰਕਾਰ 'ਤੇ ਦੋਸ਼: ਸਰਕਾਰ ਤੇ ਦੋਸ਼ੀਆਂ ਵਿਚਾਲੇ ਮਿਲੀ-ਭੁਗਤ

ਸਿੱਖ ਕੌਮ ਲਈ ਬਹੁਤ ਅਹਿਮ ਸਾਬਿਤ ਹੋਣ ਵਾਲੇ ਮੋਗਾ ਬੇਅਦਬੀ ਕੇਸ ਵਿੱਚ ਵੱਡਾ ਟਵਿਸਟ ਆ ਗਿਆ ਹੈ। ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 17 ਮਾਰਚ 2025 ਨੂੰ ਦਿੱਤੇ ਗਏ ਉਸ ਆਦੇਸ਼ 'ਤੇ ਰੋਕ ਲਾ ਦਿੱਤੀ ਹੈ ਜਿਸ ਵਿੱਚ ਮੋਗਾ ਸਮੇਤ ਛੇ ਬੇਅਦਬੀ ਮਾਮਲਿਆਂ ਨੂੰ ਚੰਡੀਗੜ੍ਹ ਕੋਰਟ ਵਿੱਚ ਤਬਦੀਲ ਕਰਨ ਦਾ ਹੁਕਮ ਸੀ। ਸਰਬਉੱਚ ਅਦਾਲਤ ਨੇ ਆਦੇਸ਼ ਦਿੱਤਾ ਹੈ ਕਿ ਫਿਲਹਾਲ ਸਥਿਤੀ ਜਿਵੇਂ ਦੀ ਤਿਉਂ ਰੱਖੀ ਜਾਵੇ ਅਤੇ ਅਗਲੀ ਸੁਣਵਾਈ 13 ਅਕਤੂਬਰ ਨੂੰ ਹੋਵੇਗੀ। ਇਹ ਫੈਸਲਾ ਮੋਗਾ ਦੇ ਰਹਿਣ ਵਾਲੇ ਗੁਰਸੇਵਕ ਸਿੰਘ ਵੱਲੋਂ ਦਾਖਲ ਅਰਜ਼ੀ 'ਤੇ ਆਇਆ ਹੈ, ਜਿਸ ਨੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ, ਜੋ 2015 ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਵਾਪਰੇ ਸਨ, ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਚੋਰੀ ਅਤੇ ਇਤਰਾਜ਼ਯੋਗ ਭੜਕਾਊ ਪੋਸਟਰ ਲਗਾਉਣ ਵਰਗੀਆਂ ਘਟਨਾਵਾਂ ਸ਼ਾਮਲ ਹਨ। ਮੋਗਾ ਕੇਸ ਵਿਸ਼ੇਸ਼ ਤੌਰ 'ਤੇ ਅਹਿਮ ਹੈ, ਕਿਉਂਕਿ ਇਸ ਵਿੱਚ ਡੇਰਾ ਸੌਦਾ ਨਾਲ ਜੁੜੇ ਨਾਮਜ਼ਦ ਦੋਸ਼ੀ ਸ਼ਾਮਲ ਸਨ। ਯਾਦ ਰਹੇ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 17 ਮਾਰਚ 2025 ਨੂੰ ਇਹ ਆਦੇਸ਼ ਜਾਰੀ ਕੀਤਾ ਸੀ ਕਿ ਇਹ ਛੇ ਕੇਸ ਚੰਡੀਗੜ੍ਹ ਵਿੱਚ ਤਬਦੀਲ ਕੀਤੇ ਜਾਣ। ਹਾਈ ਕੋਰਟ ਦਾ ਮੁੱਖ ਤਰਕ ਸੀ ਕਿ ਪੰਜਾਬ ਵਿੱਚ ਮਾਹੌਲ ਅਨੁਕੂਲ ਨਹੀਂ ਹੈ। ਉਨ੍ਹਾਂ ਨੇ ਕਿਹਾ ਸੀ ਕਿ ਦੋਸ਼ੀਆਂ ਨੂੰ ਧਮਕੀਆਂ ਮਿਲ ਰਹੀਆਂ ਹਨ ਅਤੇ ਇੱਕ ਦੋਸ਼ੀ ਪਰਦੀਪ ਸਿੰਘ ਕਟਾਰੀਆ ਨੂੰ ਗੋਲੀ ਮਾਰ ਦਿੱਤੀ ਗਈ ਸੀ। ਹਾਈ ਕੋਰਟ ਨੇ ਇਹ ਵੀ ਨੋਟ ਕੀਤਾ ਕਿ ਪਿਛਲੇ ਫੈਸਲਿਆਂ ਵਿੱਚ ਵੀ ਡੇਰਾ ਫੋਲੋਅਰਾਂ ਨੂੰ ਸੁਰੱਖਿਆ ਲਈ ਤਬਦੀਲੀ ਦੀ ਲੋੜ ਹੈ। ਇਸ ਤਰ੍ਹਾਂ, ਹਾਈ ਕੋਰਟ ਨੇ ਚੰਡੀਗੜ੍ਹ ਨੂੰ ਵਧੀਆ ਬਦਲ ਮੰਨਿਆ ਸੀ।

ਸੁਪਰੀਮ ਕੋਰਟ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹੇ ਅਹਿਮ ਮਾਮਲਿਆਂ ਵਿੱਚ ਨਿਆਂ ਨੂੰ ਜਗ੍ਹਾ ਤਬਦੀਲ ਕਰਕੇ ਰੋਕਿਆ ਨਹੀਂ ਜਾ ਸਕਦਾ। ਜਸਟਿਸ ਬੀ.ਆਰ. ਗਵਾਈ ਅਤੇ ਕੇ.ਵੀ. ਵਿਸ਼ਵਨਾਥਨ ਦੀ ਬੈਂਚ ਨੇ ਆਦੇਸ਼ ਦਿੱਤਾ ਕਿ ਦੋਸ਼ੀਆਂ ਨੂੰ ਪੰਜਾਬ ਪੁਲਿਸ ਪੂਰੀ ਸੁਰੱਖਿਆ ਦੇਵੇ ਅਤੇ ਕੇਸ ਨੂੰ ਤੇਜ਼ੀ ਨਾਲ ਚਲਾਇਆ ਜਾਵੇ। ਇਹ ਫੈਸਲਾ ਪਿਛਲੇ ਕਈ ਫੈਸਲਿਆਂ ਨਾਲ ਜੁੜਿਆ ਹੈ, ਜਿਵੇਂ ਕਿ 2023 ਵਿੱਚ ਬਰਗਾੜੀ ਕੇਸ ਨੂੰ ਫ਼ਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕੀਤਾ ਗਿਆ ਸੀ ਪਰ ਹੁਣ ਇਸ ਨੂੰ ਵਾਪਸ ਪੰਜਾਬ ਲਿਆਂਦਾ ਗਿਆ ਹੈ।ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਰਾਜ ਨੂੰ ਅਜਿਹੇ ਮਾਮਲਿਆਂ ਵਿੱਚ ਰਾਜਨੀਤੀ ਨਹੀਂ ਕਰਨੀ ਚਾਹੀਦੀ। ਇਸ ਨਾਲ ਨਿਆਂ ਵਿਭਾਗ ਨੂੰ ਮਜ਼ਬੂਤੀ ਮਿਲੀ ਹੈ ਅਤੇ ਦੋਸ਼ੀਆਂ ਨੂੰ ਵੀ ਨਵਾਂ ਸੁਨੇਹਾ ਮਿਲਿਆ ਹੈ ਕਿ ਉਹ ਕਾਨੂੰਨ ਦੇ ਕੱਟੋੜੇ ਤੋਂ ਬਚ ਨਹੀਂ ਸਕਦੇ।

ਗੁਰਸੇਵਕ ਸਿੰਘ, ਜੋ ਮੋਗਾ ਦੇ ਇੱਕ ਸਾਧਾਰਨ ਨਾਗਰਿਕ ਹਨ, ਨੇ ਸੁਪਰੀਮ ਕੋਰਟ ਨੂੰ ਦਿੱਤੀ ਆਪਣੀ ਅਰਜ਼ੀ ਵਿੱਚ ਕਿਹਾ ਸੀ ਕਿ ਬੇਅਦਬੀ ਦੇ ਦੋਸ਼ੀ ਪੰਜਾਬ ਵਿੱਚ ਖੁੱਲ੍ਹੇ ਘੁੰਮਦੇ ਹਨ ਅਤੇ ਆਪਣੇ ਸਮਾਗਮ ਵੀ ਕਰਦੇ ਹਨ, ਪਰ ਜਿਵੇਂ ਹੀ ਕੇਸ ਦੀ ਸੁਣਵਾਈ ਹੁੰਦੀ ਹੈ ਤਾਂ ਉਹ ਮਾਹੌਲ ਵਿਗਾੜਨ ਦੀਆਂ ਸਾਜਿਸ਼ਾਂ ਬਣਾਉਂਦੇ ਹਨ ਤੇ ਗਵਾਹਾਂ ਨੂੰ ਧਮਕਾਉਂਦੇ ਹਨ। ਇਸ ਕਾਰਨ ਸ਼ਿਕਾਇਤਕਰਤਾ ਨੂੰ ਚੰਡੀਗੜ੍ਹ ਆਉਣਾ ਪੈਂਦਾ ਹੈ, ਜੋ ਨਾ ਸਿਰਫ਼ ਅਸੁਵਿਧਾਜਨਕ ਹੈ ਬਲਕਿ ਨਿਆਂ ਪ੍ਰਕਿਰਿਆ ਨੂੰ ਵੀ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਵੱਲੋਂ ਪੈਰਵੀ ਕਰ ਰਹੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਇਹ ਫੈਸਲਾ ਸਿੱਖ ਕੌਮ ਦੀ ਜਿੱਤ ਹੈ ਅਤੇ ਹੁਣ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਵਿੱਚ ਸਰਗਰਮ ਭੂਮਿਕਾ ਨਿਭਾਏ। ਫੂਲਕਾ ਨੇ ਐਲਾਨ ਕੀਤਾ ਕਿ ਉਹ ਪੰਜਾਬ ਸਰਕਾਰ ਨੂੰ ਚਿੱਠੀ ਲਿਖਣਗੇ ਕਿ ਸਰਕਾਰ ਖੁਦ ਸੁਪਰੀਮ ਕੋਰਟ ਵਿੱਚ ਪਹੁੰਚੇ ਅਤੇ ਸਪੱਸ਼ਟ ਕਰੇ ਕਿ ਪੰਜਾਬ ਦਾ ਮਾਹੌਲ ਵਿਗੜਿਆ ਨਹੀਂ ਹੈ। ਉਨ੍ਹਾਂ ਨੇ ਸਿੱਖਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਿਆਂ ਲਈ ਸਰਕਾਰ ਤੇ ਦਬਾਅ ਬਣਾਉਣ।

# ਦਿੱਲੀ ਵਿੱਚ ਕੇਰਲਾ-ਬੰਗਾਲੀ ਲੋਕਾਂ 'ਤੇ ਜ਼ੁਲਮ: ਦਿੱਲੀ ਪੁਲਿਸ ਅਣਮਨੁੱਖੀ ਕਰਤੂਤਾਂ ਉੱਪਰ ਉਤਰੀ

## ਕੇਰਲਾ ਦੇ ਨੌਜਵਾਨਾਂ ਨੂੰ ਲੁੰਗੀ ਪਹਿਨਣ ਤੇ ਹਿੰਦੀ ਨਾ ਬੋਲਣ 'ਤੇ ਕੁੱਟਿਆ

## ਮਮਤਾ ਬੈਨਰਜੀ ਨੇ ਮੋਦੀ ਸਰਕਾਰ ਉੱਪਰ ਲਗਾਏ ਦੋਸ਼

ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਬੰਗਾਲੀ ਭਾਸ਼ਾਈ ਲੋਕਾਂ ਨੂੰ ਬੰਗਲਾਦੇਸ਼ੀ ਘੁਸਪੈਠੀਏ ਕਹਿ ਕੇ ਤੰਗ ਕਰਨ ਅਤੇ ਬੰਗਲਾਦੇਸ਼ ਭੇਜਣ ਦੀਆਂ ਖਬਰਾਂ ਤਾਂ ਪਹਿਲਾਂ ਹੀ ਚਰਚਾ ਵਿੱਚ ਸਨ, ਪਰ ਹੁਣ ਇਹੀ ਜ਼ੁਲਮ ਕੇਰਲਾ ਦੇ ਨੌਜਵਾਨਾਂ ਤੱਕ ਪਹੁੰਚ ਗਿਆ ਹੈ। ਸੀ.ਪੀ.ਐਮ. ਦੇ ਸੰਸਦ ਮੈਂਬਰ ਜੌਨ ਬ੍ਰਿਟਾਸ ਨੇ ਦਿੱਲੀ ਪੁਲਿਸ ਕਮਿਸ਼ਨਰ ਸਤੀਸ਼ ਗੋਲਚਾ ਨੂੰ ਪੱਤਰ ਲਿਖ ਕੇ ਗੰਭੀਰ ਸ਼ਿਕਾਇਤ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਦਿੱਲੀ ਪੁਲਿਸ ਨੇ ਕੇਰਲ ਦੇ ਦੋ ਵਿਦਿਆਰਥੀਆਂ ਨੂੰ ਬੇਲੋੜੀ ਚੋਰੀ ਦੇ ਇਲਜ਼ਾਮ ਲਗਾ ਕੇ ਨਾ ਸਿਰਫ਼ ਕੁਟਿਆ, ਸਗੋਂ ਉਨ੍ਹਾਂ ਨੂੰ ਹਿੰਦੀ ਬੋਲਣ ਲਈ ਮਜਬੂਰ ਵੀ ਕੀਤਾ ਅਤੇ ਰਵਾਇਤੀ ਲੁੰਗੀ ਪਹਿਨਣ ਤੇ ਵੀ ਨਿਸ਼ਾਨਾ ਬਣਾਇਆ। ਇਹ ਘਟਨਾ ਲਾਲ ਕਿਲ੍ਹੇ ਦੇ ਨੇੜੇ 24 ਸਤੰਬਰ ਨੂੰ ਵਾਪਰੀ ਸੀ, ਜਿਸ ਨਾਲ ਕੇਰਲ ਵਿੱਚ ਭਾਜਪਾ ਵਿਰੋਧੀ ਮੁਹਿੰਮ ਤੇਜ਼ ਹੋ ਗਈ ਹੈ।ਇਹ ਮਾਮਲਾ ਇੱਕੋ ਨਹੀਂ, ਸਗੋਂ ਇੱਕ ਵੱਡੇ ਭਗਵੇਂਵਾਦੀ ਸਿਆਸਤ ਦਾ ਪੈਟਰਨ ਲੱਗਦਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਈ ਵਾਰ ਭਾਜਪਾ ਸਰਕਾਰਾਂ ਵਿਰੁੱਧ ਦੋਸ਼ ਲਾਏ ਹਨ ਕਿ ਦਿੱਲੀ ਅਤੇ ਐੱਨ.ਸੀ.ਆਰ. ਵਿੱਚ ਬੰਗਾਲੀ ਲੋਕਾਂ ਨੂੰ ਬੰਗਲਾਦੇਸ਼ੀ ਘੁਸਪੈਠੀਏ ਕਹਿ ਕੇ ਤੰਗ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਬੇਘਰ ਕੀਤਾ



ਜਾ ਰਿਹਾ ਹੈ। ਜੁਲਾਈ ਵਿੱਚ ਉਨ੍ਹਾਂ ਨੇ ਵਸੰਤ ਕੁੰਜ ਦੇ ਜੈ ਹਿੰਦ ਕਲੋਨੀ ਵਿੱਚ ਬੰਗਾਲੀ ਵਸੇਬਿਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲਗਾਏ ਸਨ, ਜਿੱਥੇ ਪਾਣੀ ਬੰਦ ਕਰਕੇ ਕੇ ਉਨ੍ਹਾਂ ਨੂੰ ਖਾਲੀ ਕਰਵਾਇਆ ਗਿਆ ਸੀ। ਮਮਤਾ ਨੇ ਐੱਕਸ 'ਤੇ ਲਿਖਿਆ ਸੀ, 'ਬੰਗਾਲੀ ਬੋਲਣ ਨਾਲ ਕੋਈ ਬੰਗਲਾਦੇਸ਼ੀ ਨਹੀਂ ਬਣ ਜਾਂਦਾ। ਇਹ ਲੋਕ ਭਾਰਤ ਦੇ ਨਾਗਰਿਕ ਹਨ।' ਉਨ੍ਹਾਂ ਨੇ ਗੁਜਰਾਤ, ਮਹਾਰਾਸ਼ਟਰ, ਓਡੀਸ਼ਾ ਅਤੇ ਮੱਧ ਪ੍ਰਦੇਸ਼ ਵਿੱਚ ਵੀ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ। ਹਾਲਾਂਕਿ ਭਾਜਪਾ ਨੇ ਇਨ੍ਹਾਂ ਦੋਸ਼ਾਂ ਨੂੰ ਰਾਜਨੀਤਕ ਰੰਗ ਦਿੱਤਾ ਕਹਿ ਕੇ ਖਾਰਜ ਕੀਤਾ ਹੈ, ਪਰ ਹਿਊਮਨ ਰਾਈਟਸ ਵਾਚ ਨੇ ਵੀ ਰਿਪੋਰਟ ਵਿੱਚ ਕਿਹਾ ਕਿ ਬੀ.ਜੇ.ਪੀ. ਸਰਕਾਰਾਂ ਵੱਲੋਂ ਬੰਗਾਲੀਆਂ ਉਪਰ ਜ਼ੁਲਮ ਕੀਤਾ ਜਾ ਰਿਹਾ ਹੈ। ਅਗਲੇ ਸਾਲ ਕੇਰਲ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਸੱਤਾਧਾਰੀ ਖੱਬੇ ਪੱਖੀ ਗੱਠਜੋੜ ਇਸ ਮੁੱਦੇ ਨੂੰ ਜ਼ਰੂਰ ਉਠਾਏਗਾ। ਐੱਸ.ਐਫ.ਆਈ. (ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ) ਨੇ ਵੀ ਵਿਦਿਆਰਥੀਆਂ ਲਈ ਨਿਆਂ ਦੀ ਮੰਗ ਕੀਤੀ ਹੈ ਅਤੇ ਇਸ ਨੂੰ ਨਸਲੀ ਵਿਤਕਰੇ ਨਾਲ ਜੋੜਿਆ ਹੈ। ਕੇਰਲ ਵਿੱਚ ਇਹ ਮਾਮਲਾ ਮਲਿਆਲਮ ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜਿਆ ਹੋਇਆ ਹੈ, ਜੋ ਭਾਜਪਾ ਲਈ ਵੱਡੀ ਚੁਣੌਤੀ ਬਣ ਸਕਦਾ ਹੈ। ਭਾਜਪਾ ਨੇ ਅਜੇ ਤੱਕ ਇਸ 'ਤੇ ਕੋਈ ਬਿਆਨ ਨਹੀਂ ਦਿੱਤਾ, ਪਰ ਪਹਿਲਾਂ ਵਾਲੇ ਮਾਮਲਿਆਂ ਵਿੱਚ ਉਹ ਇਨ੍ਹਾਂ ਨੂੰ ਰਾਜਨੀਤਕ ਸਾਜ਼ਿਸ਼ ਕਹਿ ਕੇ ਟਾਲਦੇ ਰਹੇ ਹਨ।

ਇਸ ਤੋਂ ਪਹਿਲਾਂ ਬਿਹਾਰ, ਉੱਤਰਾਖੰਡ ਅਤੇ ਐੱਨ.ਸੀ.ਆਰ. ਵਿੱਚ ਬੰਗਲਾ ਭਾਸ਼ਾਈ ਲੋਕਾਂ ਨੂੰ ਬੰਗਲਾਦੇਸ਼ੀ ਕਹਿ ਕੇ ਤੰਗ ਕੀਤੇ ਜਾਣ ਦੀਆਂ ਖਬਰਾਂ ਆਈਆਂ ਸਨ।

# ਪੰਜਾਬ ਦਾ ਪਾਣੀ-ਹਵਾ ਜ਼ਹਿਰੀਲੇ: ਸੀਸਾ, ਯੂਰੇਨੀਅਮ ਨੇ ਵਧਾਈ ਸਿਹਤ ਦੀ ਚਿੰਤਾ

## ਰੋਪੜ 'ਚ ਸੀਸੇ ਦਾ ਪੱਧਰ 80 ਗੁਣਾ ਵੱਧ: ਬੱਚਿਆਂ ਦੇ ਖ਼ੂਨ ਵਿੱਚ ਜ਼ਹਿਰ ਦੀ ਘੁਸਪੈਠ

## ਬਠਿੰਡਾ ਵਿੱਚ ਯੂਰੇਨੀਅਮ ਦਾ ਖ਼ਤਰਾ: ਥਰਮਲ ਪਲਾਂਟਾਂ ਦੀ ਰਾਖ ਨੇ ਸਾਹ ਘੁੱਟਿਆ

ਪੰਜਾਬ ਦੇ ਹਰੇ-ਭਰੇ ਖੇਤਾਂ ਅਤੇ ਨਦੀਆਂ ਵਾਲੇ ਸੂਬੇ ਵਿੱਚ ਹੁਣ ਜ਼ਹਿਰ ਨਾਲ ਭਰੀਆਂ ਹਵਾਵਾਂ, ਪਾਣੀ ਅਤੇ ਮਿੱਟੀ ਨੇ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਇੱਕ ਨਵੀਂ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਬਠਿੰਡਾ, ਰੋਪੜ ਅਤੇ ਚੰਡੀਗੜ੍ਹ ਵਿੱਚ ਬੱਚਿਆਂ ਦੇ ਖ਼ੂਨ ਵਿੱਚ ਸੀਸਾ (ਲੈੱਡ) ਅਤੇ ਯੂਰੇਨੀਅਮ ਵਰਗੇ ਭਾਰੀ ਧਾਤੂ ਦੇ ਪੱਧਰ ਮਨੁੱਖੀ ਸਰੀਰ ਤੱਕ ਪਹੁੰਚ ਗਏ ਹਨ। ਬੱਚਿਆਂ ਦੇ ਵਾਲਾਂ ਅਤੇ ਖ਼ੂਨ ਵਿੱਚ ਵੀ ਇਹਨਾਂ ਤੱਤਾਂ ਦੀ ਮੌਜੂਦਗੀ ਨੇ ਸਾਬਤ ਕੀਤਾ ਕਿ ਇਹ ਜ਼ਹਿਰ ਸਿੱਧੇ ਮਨੁੱਖੀ ਸਰੀਰ ਵਿੱਚ ਪਹੁੰਚ ਰਹੇ ਹਨ। ਇਹ ਰਿਪੋਰਟ ਪੰਜਾਬ ਯੂਨੀਵਰਸਿਟੀ ਦੇ ਜੀਓ-ਐਨਵਾਇਰਨਮੈਂਟਲ ਰਿਸਰਚ ਲੈਬੋਰੇਟਰੀ ਅਤੇ ਫ਼ਰੀਦਕੋਟ ਦੇ ਬਾਬਾ ਫ਼ਰੀਦ ਸੈਂਟਰ ਫਾਰ ਸਪੈਸ਼ਲ ਚਿਲਡਰਨ (ਐੱਨਜੀਓ) ਵੱਲੋਂ ਸਾਂਝੇ ਤੌਰ ਤੇ ਕੀਤੇ ਗਏ ਪਾਇਲਟ ਸਟੱਡੀ ਦਾ ਹਿੱਸਾ ਹੈ। ਇਸ ਨੇ ਨਾ ਸਿਰਫ਼






ਲੋਕਾਂ ਵਿੱਚ ਡਰ ਪੈਦਾ ਕੀਤਾ ਹੈ, ਸਗੋਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਇਸ ਨੂੰ ਚਿੰਤਾਜਨਕ ਕਰਾਰ ਦਿੰਦਿਆਂ ਸਰਕਾਰ ਤੋਂ ਵਿਸਥਾਰ ਨਾਲ ਜਵਾਬ ਮੰਗ ਲਿਆ ਹੈ। ਇਹ ਸਥਿਤੀ ਪੰਜਾਬ ਦੇ ਵਾਤਾਵਰਣ ਨੂੰ ਜ਼ਹਿਰੀਲਾ ਬਣਾਉਣ ਵਾਲੀਆਂ ਕਾਰਨਾਂ ਨੂੰ ਉਜਾਗਰ ਕਰਦੀ ਹੈ, ਜਿਵੇਂ ਰਸਾਇਣਕ ਖਾਦਾਂ, ਉਦਯੋਗਿਕ ਕੂੜਾ, ਪਾਵਰ ਪਲਾਂਟਾਂ ਦੀ ਉੱਡਦੀ ਰਾਖ ਅਤੇ ਵਾਹਨਾਂ ਦੇ ਧੂੰਏਂ। ਇਹ ਰਿਪੋਰਟ 28 ਸਤੰਬਰ 2025 ਨੂੰ ਜਾਰੀ ਹੋਈ, ਜਿਸ ਵਿੱਚ ਬੱਚਿਆਂ ਦੇ 149 ਖ਼ੂਨ ਦੇ ਨਮੂਨੇ, 137 ਵਾਲਾਂ ਦੇ ਨਮੂਨੇ ਅਤੇ 37 ਭੂਜਲ ਪਾਣੀ ਦੇ ਨਮੂਨਿਆਂ ਦੀ ਜਾਂਚ ਕੀਤੀ ਗਈ। ਨਤੀਜੇ ਡਰਾਉਣੇ ਹਨ। ਬਠਿੰਡਾ ਵਿੱਚ 32.62 ਫ਼ੀਸਦੀ ਬੱਚਿਆਂ ਦੇ ਖ਼ੂਨ ਵਿੱਚ ਸੀਸੇ ਦਾ ਪੱਧਰ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੀ ਸੀਮਾ ਤੋਂ ਵੱਧ ਮਿਲਿਆ, ਜਦਕਿ ਰੋਪੜ ਵਿੱਚ 19.35 ਫ਼ੀਸਦੀ ਅਤੇ ਚੰਡੀਗੜ੍ਹ ਵਿੱਚ 26.32 ਫ਼ੀਸਦੀ ਨਮੂਨੇ ਅਸੁਰੱਖਿਅਤ ਨਿਕਲੇ। ਜ਼ਮੀਨ ਦੋਜ ਪਾਣੀ ਵਿੱਚ ਯੂਰੇਨੀਅਮ ਦਾ ਪੱਧਰ ਬਠਿੰਡਾ ਵਿੱਚ ਡਬਲਯੂਐੱਚਓ ਦੀ 30 ਮਾਈਕ੍ਰੋਗ੍ਰਾਮ ਪ੍ਰਤੀ ਲੀਟਰ ਵਾਲੀ ਹੱਦ ਤੋਂ 5.9 ਗੁਣਾ ਵੱਧ ਮਿਲਿਆ। ਇਸ ਨਾਲ ਬੱਚਿਆਂ ਵਿੱਚ ਨਿਊਰੋਲਾਜੀਕਲ ਸਮੱਸਿਆਵਾਂ, ਕਿਡਨੀ ਦੀਆਂ ਬਿਮਾਰੀਆਂ ਅਤੇ ਕੈਂਸਰ ਵਰਗੇ ਖ਼ਤਰੇ ਵਧ ਗਏ ਹਨ। ਪੰਜਾਬ ਹਿਊਮਨ ਰਾਈਟਸ ਕਮਿਸ਼ਨ ਨੇ ਇਸ ਨੂੰ 'ਗੰਭੀਰ ਜਨ ਸਿਹਤ ਸੰਕਟ' ਕਿਹਾ ਹੈ ਅਤੇ ਸਰਕਾਰ ਨੂੰ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ ਹਨ।

ਪੰਜਾਬ ਸਰਕਾਰ ਨੂੰ ਹੁਣ ਤੁਰੰਤ ਕਾਰਵਾਈ ਕਰਨੀ ਪਵੇਗੀ, ਨਹੀਂ ਤਾਂ ਇਹ ਜ਼ਹਿਰੀਲਾਪਣ ਪੂਰੇ ਸੂਬੇ ਨੂੰ ਗੰਭੀਰ ਸਿਹਤ ਸੰਕਟ ਵਿੱਚ ਧਕੇਲ ਦੇਵੇਗਾ। ਪੰਜਾਬ ਹਿਊਮਨ ਰਾਈਟਸ ਕਮਿਸ਼ਨ ਨੇ ਚੀਫ਼ ਸਕੱਤਰਾਂ ਨੂੰ ਹੁਕਮ ਦਿੱਤੇ ਹਨ ਕਿ ਭਾਰੀ ਧਾਤੂ ਦੇ ਪ੍ਰਦੂਸ਼ਣ ਨੂੰ ਖੋਜਣ ਲਈ ਵਿਸਥਾਰ ਵਾਲੀ ਯੋਜਨਾ ਬਣਾਈ ਜਾਵੇ, ਜਿਸ ਵਿੱਚ ਹੌਟਸਪੌਟਸ ਦੀ ਪਛਾਣ, ਟੈਸਟਿੰਗ ਪ੍ਰੋਟੋਕਾਲ ਅਤੇ ਰਿਮੀਡੀਅਲ ਐਕਸ਼ਨ ਲਈ ਸਮਾਂ-ਸਾਰਣੀ ਸ਼ਾਮਲ ਹੋਵੇ। ਹੈਲਥ ਵਿਭਾਗ ਨੂੰ ਚੈਲੇਸ਼ਨ ਥੈਰੇਪੀ ਦਵਾਈਆਂ ਜ਼ਰੂਰੀ ਤੌਰ ਤੇ ਉਪਲਬਧ ਕਰਵਾਉਣੀਆਂ ਪੈਣਗੀਆਂ ਅਤੇ ਜ਼ਿਲ੍ਹਾ ਹਸਪਤਾਲਾਂ ਵਿੱਚ ਟੌਕਸੀਕੌਲੌਜੀ ਵਿਭਾਗ ਖੋਲ੍ਹਣੇ ਪੈਣਗੇ।

ਆਂਗਣਵਾੜੀਆਂ ਅਤੇ ਪੇਂਡੂ ਘਰਾਂ ਵਿੱਚ ਆਰ.ਓ. ਸਿਸਟਮਾਂ ਦੀ ਜਾਂਚ ਅਤੇ ਰੱਖ-ਰਖਾਵ ਕਰਨਾ ਹੋਵੇਗਾ।

(**ਬਾਕੀ ਸਫ਼ਾ 27 'ਤੇ**)

# ਭਾਰਤ ’ਚ ਡਿਜੀਟਲ ਧਰਮ ਦੀ ਪਰੰਪਰਾ ਆਸਥਾ ਜਾਂ ਵਪਾਰ ?

## ਡਿਜੀਟਲ ਦਾਨ ਭਗਤੀ ਅਨੁਸ਼ਠਾਨਾਂ ਦਾ ਸਫ਼ਰ ਕਿਉ ਸ਼ੁਰੂ ਹੋਇਆ ?

## ਸਿੱਖ ਸਾਧਾਂ ਦੇ ਡੇਰਿਆਂ ਨੇ ਅਖੰਡ ਪਾਠਾਂ ਦੀ ਆਨਲਾਈਨ ਰੀਤ ਸ਼ੁਰੂ ਕੀਤੀ

## ਕੀ ਆਨਲਾਈਨ ਗੁਰਮਤਿ ਪ੍ਰਚਾਰ ਨਾਲ ਸਿੱਖ ਸੰਗਤ ਸਿੱਖ ਧਰਮ ਨਾਲ ਜੁੜ ਸਕੇਗੀ ?




© DW/Sri Mandir



ਭਾਰਤ ਵਿੱਚ ਧਰਮ ਅਤੇ ਆਸਥਾ ਦਾ ਜੀਵਨ ਨਾਲ ਡੂੰਘਾ ਸਬੰਧ ਰਿਹਾ ਹੈ। ਪ੍ਰਾਚੀਨ ਕਾਲ ਤੋਂ ਹੀ ਲੋਕ ਪੂਜਾ-ਪਾਠ, ਦਾਨ ਅਤੇ ਅਨੁਸ਼ਠਾਨਾਂ ਨਾਲ ਆਪਣੀ ਭਗਤੀ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਂਦੇ ਆ ਰਹੇ ਹਨ। ਪਰ ਅੱਜ ਦੇ ਡਿਜੀਟਲ ਯੁੱਗ ਵਿੱਚ ਇਹ ਸਭ ਕੁਝ ਸਮਾਰਟਫ਼ੋਨਾਂ ਅਤੇ ਐਪਸਸ ਵਿੱਚ ਸਮਾ ਗਿਆ ਹੈ। ਘਰ ਬੈਠੇ ਵਰਚੁਅਲ ਪੂਜਾ ਕਰੋ, ਆਨਲਾਈਨ ਦਾਨ ਦਿਓ, ਲਾਈਵ ਸਟ੍ਰੀਮਿੰਗ ਨਾਲ ਮੰਦਰਾਂ ਦੇ ਦਰਸ਼ਨ ਕਰੋ - ਇਹ ਸਭ ਹੁਣ ਆਮ ਹੋ ਗਿਆ ਹੈ। ਡਿਜੀਟਲ ਭਗਤੀ ਦੀ ਸ਼ੁਰੂਆਤ 2010 ਦੇ ਦਹਾਕੇ ਵਿੱਚ ਹੋਈ, ਜਦੋਂ ਸਮਾਰਟਫ਼ੋਨਾਂ ਅਤੇ ਇੰਟਰਨੈੱਟ ਨੇ ਭਾਰਤ ਵਿੱਚ ਗਿਣਤੀ ਵਧਾਈ। ਪਹਿਲੀ ਵਾਰ 2011 ਵਿੱਚ ਬੈਂਗਲੋਰ ਵਿੱਚ ਇੱਕ ਯੰਗ ਇਨਵੈਸਟਮੈਂਟ ਬੈਂਕਰ ਰਵੀ ਗੰਨੇ ਨੇ ਗੂਗਲ ਤੇ ਖੋਜਿਆ ਕਿ ਘਰ ਬੈਠੇ ਪੂਜਾ ਕਿਵੇਂ ਕਰਵਾਈ ਜਾਵੇ ? ਇਸ ਨੇ ਉਸ ਨੂੰ ਈ -ਪੂਜਾ ਨਾਮਕ ਕੰਪਨੀ ਬਣਾਈ, ਜੋ 15 ਡਾਲਰ ਵਿੱਚ ਮੰਦਰਾਂ ਵਿੱਚ ਪੂਜਾ ਕਰਵਾਉਂਦੀ ਸੀ। ਈਪੂਜਾ ਨੇ ਇਹ ਸੇਵਾ ਆਨਲਾਈਨ ਪਲੇਟਫਾਰਮ ਰਾਹੀਂ ਸ਼ੁਰੂ ਕੀਤੀ, ਜਿੱਥੇ ਲੋਕ ਐਪ ਜਾਂ ਵੈੱਬਸਾਈਟ ਰਾਹੀਂ ਬੁੱਕਿੰਗ ਕਰ ਸਕਦੇ ਸਨ।

ਇਸ ਤੋਂ ਬਾਅਦ ਡਿਜੀਟਲ ਭਗਤੀ ਨੇ ਰਫ਼ਤਾਰ ਤੇਜ਼ ਹੋਈ। 2020 ਵਿੱਚ ਕੋਵਿਡ-19 ਮਹਾਮਾਰੀ ਨੇ ਇਸ ਨੂੰ ਹੋਰ ਤੇਜ਼ ਕੀਤਾ। ਲੋਕ ਘਰਾਂ ਵਿੱਚ ਬੰਦ ਹੋ ਗਏ, ਮੰਦਰ ਬੰਦ ਹੋ ਗਏ, ਤਾਂ ਆਨਲਾਈਨ ਪੂਜਾ ਅਤੇ ਲਾਈਵ ਸਟ੍ਰੀਮਿੰਗ ਆਮ ਹੋ ਗਈ। ਇੱਕ ਰਿਪੋਰਟ ਮੁਤਾਬਕ, 2024 ਵਿੱਚ ਭਾਰਤ ਦੀ ਧਾਰਮਿਕ ਅਰਥਵਿਵਸਥਾ 65 ਅਰਬ ਡਾਲਰ ਦੀ ਸੀ, ਜੋ 2033 ਤੱਕ 135 ਅਰਬ ਡਾਲਰ ਹੋ ਜਾਵੇਗੀ। ਇਸ ਵਿੱਚ ਡਿਜੀਟਲ ਪੂਜਾ ਸੇਵਾਵਾਂ ਵਿੱਚ 703 ਫ਼ੀਸਦੀ ਵਾਧਾ ਹੋਇਆ ਹੈ। ਸਟਾਰਟਅਪਸ ਨੇ ਇਸ ਨੂੰ ਫ਼ਾਇਦੇ ਦਾ ਮੌਕਾ ਬਣਾਇਆ।

ਇੱਕ ਵੱਡਾ ਨਾਂ ਹੈ ‘ਸ੍ਰੀ ਮੰਦਰ’ ਐਪ, ਜੋ 2020 ਵਿੱਚ ਅਪਸਫ਼ੋਰ ਭਾਰਤ ਨਾਮਕ ਕੰਪਨੀ ਨੇ ਲਾਂਚ ਕੀਤਾ। ਇਸ ਦੇ ਸੀਈਓ ਪ੍ਰਸ਼ਾਂਤ ਸਚਨ ਨੇ ਕਿਹਾ ਕਿ ਉਹਨਾਂ ਦਾ ਮਕਸਦ ਆਸਥਾ ਨੂੰ ਤਕਨੀਕ ਨਾਲ ਜੋੜਨਾ ਹੈ। ਐਪ ਨੂੰ 4 ਕਰੋੜ ਤੋਂ ਵੱਧ ਲੋਕ ਡਾਊਨਲੋਡ ਕਰ ਚੁੱਕੇ ਹਨ ਅਤੇ 12 ਲੱਖ ਯੂਜ਼ਰਾਂ ਨੇ ਆਨਲਾਈਨ ਪ੍ਰਾਰਥਨਾ ਅਤੇ ਚੜ੍ਹਾਵੇ ਦਿਤੇ ਹਨ। ਇਹ ਵਾਰਣਾਸੀ, ਪ੍ਰਾਯਗਰਾਜ ਅਤੇ ਅਯੁਧਿਆ ਦੇ 50 ਤੋਂ ਵੱਧ ਮੰਦਰਾਂ ਨਾਲ ਜੁੜਿਆ ਹੈ। ਲੋਕ ਘਰ ਬੈਠੇ ਵੀਡੀਓ ਪੂਜਾ ਵੇਖ ਸਕਦੇ ਹਨ, ਦਾਨ ਦੇ ਸਕਦੇ ਹਨ ਅਤੇ ਪ੍ਰਸਾਦ ਘਰ ਪਹੁੰਚਾ ਸਕਦੇ ਹਨ। ਐਪ ਵਿੱਚ ਪੂਜਾ ਸਾਮਗਰੀ, ਗੰਗਾ ਜਲ ਅਤੇ ਯਾਤਰਾ ਪੈਕੇਜ ਵੀ ਬੁੱਕ ਕੀਤੇ ਜਾ ਸਕਦੇ ਹਨ।

ਹੋਰ ਸਟਾਰਟਅਪਸ ਵੀ ਉੱਭਰੇ ਹਨ। ਜਿਵੇਂ ਕਿ ‘ਵਾਮਾ’ ਅਤੇ ‘ਡੈਵਧਾਮ’ ਜੋ ਵਰਚੁਅਲ ਯੱਗ ਅਤੇ ਪਿਤਰਾਂ ਦੀ ਸ਼ਾਂਤੀ ਦਾ ਕਾਰਜ ਤੇ ਕਰਮਕਾਂਡ ਕਰਵਾਉਂਦੇ ਹਨ। ‘ਅਸਟਰੋਟਾਕ’ ਵਰਗੇ ਐਪਸ ਜੋਤਸ਼ੀਆਂ ਨੂੰ ਆਨਲਾਈਨ ਜੋੜਦੇ ਹਨ। ਇਹ ਸਭ ਭਾਰਤੀਆਂ ਲਈ ਵਰਦਾਨ ਹਨ ਜੋ ਵਿਦੇਸ਼ਾਂ ਵਿੱਚ ਰਹਿੰਦੇ ਹਨ। ਕੁਝ ਪ੍ਰਵਾਸੀ ਭਾਰਤੀ ਸੋਚਦੇ ਹਨ ਇਹ ਸਮਾਂ ਅਤੇ ਪੈਸੇ ਦੀ ਬਚਤ ਕਰਦਾ ਹੈ।

ਪਰ ਇਹ ਤਕਨੀਕੀ ਤਬਦੀਲੀ ਵਿਵਾਦ ਵੀ ਲਿਆਈ ਹੈ। ਕਈ ਲੋਕ ਕਹਿੰਦੇ ਹਨ ਕਿ ਵਰਚੁਅਲ ਪੂਜਾ ਵਿੱਚ ਉਹ ਤਰ੍ਹਾਂ ਦੀ ਪਵਿੱਤਰਤਾ ਨਹੀਂ ਜੋ ਮੰਦਰ ਵਿੱਚ ਮਿਲਦੀ ਹੈ। ਗੰਗਾ ਇਸ਼ਨਾਨ ਜਾਂ ਪੁਜਾਰੀ ਨਾਲ ਸਿੱਧੀ ਗੱਲ ਨਹੀਂ ਹੋ ਸਕਦੀ। ਪਰ ਮੰਦਰਾਂ ਨੇ ਵੀ ਇਸ ਨੂੰ ਅਪਣਾ ਲਿਆ ਹੈ। ਉਜੈਨ ਦੇ ਮੰਗਲਨਾਥ ਮੰਦਰ ਦੇ ਮਹੰਤ ਅਕਸ਼ੈ ਭਾਰਤੀ ਕਹਿੰਦੇ ਹਨ ਕਿ ਪਹਿਲਾਂ 20-30 ਪੂਜਾ ਹੁੰਦੀਆਂ ਸਨ, ਹੁਣ ਐਪ ਨਾਲ 300 ਤੋਂ ਵੱਧ ਹੋ ਜਾਂਦੀਆਂ ਹਨ। ਹਰਿਦਵਾਰ ਦੇ ਦੱਖਣ ਕਾਲੀ ਮੰਦਰ ਵਿੱਚ ‘ਇੱਕ ਈਸ਼ਵਰ’ ਐਪ ਲਾਂਚ ਹੋਇਆ ਹੈ ਜੋ ਘਰ ਬੈਠੇ ਆਰਤੀ ਵਿਖਾਉਂਦਾ ਹੈ।

ਸਿੱਖ ਧਰਮ ਵਿੱਚ ਡਿਜੀਟਲ ਭਗਤੀ: ਗੁਰਬਾਣੀ ਨੂੰ ਐਪਸ਼ ਵਿੱਚ ਬੰਨ੍ਹਣ ਦੀ ਕੋਸ਼ਿਸ਼

ਸਿੱਖ ਧਰਮ ਵਿੱਚ ਭਗਤੀ ਦਾ ਅਰਥ ਹੈ ਵਾਹਿਗੁਰੂ ਨਾਲ ਸਿੱਧਾ ਜੁੜਨਾ, ਬਿਨਾਂ ਕਿਸੇ ਵਿਚਾਰੇ ਜਾਂ ਰਸਮਾਂ ਦੇ। ਗੁਰੂ ਨਾਨਕ ਦੇਵ ਜੀ ਨੇ ਫ਼ਲਸਫ਼ੇ ਨਾਲ ਸਮਾਜ ਨੂੰ ਜਾਗ੍ਰਿਤ ਕੀਤਾ, ਜਿੱਥੇ ਨਿਤਨੇਮ, ਸਿਮਰਨ, ਸੰਗਤ ਅਤੇ ਲੰਗਰ ਮੁੱਖ ਹਨ। ਪਰ ਅੱਜ ਕਈ ਵਾਰ ਇਹ ਰਸਮਾਂ ਬਣ ਗਈਆਂ ਹਨ, ਜਿਵੇਂ ਡੇਰੇ ਵਾਲੇ ਅਖੰਡ ਪਾਠ ਨੂੰ ਧੰਧੇ ਬਣਾ ਰਹੇ ਹਨ ਤੇ ਆਪਣੀ ਆਮਦਨ ਵਧਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਕਿਹਾ ਗਿਆ ਹੈ: ‘ਹਠੁ ਅਹੰਕਾਰੁ ਕਰੈ ਨਹੀ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ ॥ - ਬਿਨਾਂ ਸਮਝੇ ਪਾਠ ਨਾਲ ਕੁਝ ਨਹੀਂ ਮਿਲਦਾ।

ਇਸ ਦੇ ਨਾਲ ਇਹ ਵੀ ਸੱਚ ਹੈ ਕਿ ਡਿਜੀਟਲ ਤਕਨੀਕ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਵਿਕਾਸ ਦਾ ਰਾਹ ਖੋਲ੍ਹਿਆ ਹੈ। ਇਸ ਦੀ ਸ਼ੁਰੂਆਤ 2000 ਦੇ ਦਹਾਕੇ ਵਿੱਚ ਹੋਈ ਸੀ, ਜਦੋਂ ਗੁਰਬਾਣੀ ਨੂੰ ਡਿਜਲੀਟਾਈਜ਼ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ। 2011 ਵਿੱਚ ਸਿੱਖ ਨੈਟ ਨੇ ਗੁਰਬਾਣੀ ਐਪਸਸ ਲਾਂਚ ਕੀਤੇ, ਜਿਵੇਂ ਨਿਤਨੇਮ ਗੁਟਕਾ,ਕੀਰਤਨ। ਇਹ ਐਪਸਸ ਗੁਰਮੁਖੀ ਵਿੱਚ ਬਾਣੀਆਂ ਪੜ੍ਹਨ, ਸੁਣਨ ਅਤੇ ਅਰਥ ਸਮਝਣ ਲਈ ਹਨ। ਉਦਾਹਰਨ ਲਈ, ‘ਸਿੱਖ ਵਰਲਡ’ ਐਪ ਵਿੱਚ ਲਾਈਵ ਕੀਰਤਨ ਹਰਿਮੰਦਰ ਸਾਹਿਬ ਤੋਂ ਸਟ੍ਰੀਮ ਹੁੰਦਾ ਹੈ, ਨਿਤਨੇਮ ਬਾਣੀਆਂ, ਹੁਕਮਨਾਮਾ ਅਤੇ ਗੁਰਦੁਆਰਾ ਲੋਕੇਸ਼ਨ ਫਾਈਂਡਰ ਹੈ। ਇਸ ਨੂੰ ਲੱਖਾਂ ਵਾਰ ਡਾਊਨਲੋਡ ਕੀਤਾ ਗਿਆ ਹੈ।

ਹੋਰ ਐਪਸ਼ ਵੀ ਹਨ ਜਿਵੇਂ ‘ਸੁੰਦਰ ਗੁਟਕਾ’, ਜੋ ਪੂਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਮੁਖੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਦਿੰਦਾ ਹੈ। ‘ਸਿੱਖੀ ਵਾਈਬਜ਼’ ਵਿੱਚ ਗੁਰੂ ਸਾਖੀਆਂ, ਬੇਬੀ ਨੇਮ ਅਤੇ ਗੁਰਦੁਆਰਾ ਡਾਇਰੈਕਟਰੀ ਹੈ। ਇਹ ਐਪਸ਼ ਵਿਦੇਸ਼ਾਂ ਵਿੱਚ ਰਹਿਣ ਵਾਲੇ ਸਿੱਖਾਂ ਲਈ ਵਰਦਾਨ ਹਨ, ਜੋ ਘਰ ਬੈਠੇ ਨਿਤਨੇਮ ਕਰ ਸਕਦੇ ਹਨ। ਸ਼੍ਰੋਮਣੀ ਕਮੇਟੀ ਨੇ ਡਿਜੀਟਲ ਪਲੇਟਫਾਰਮ ਬਣਾਇਆ ਹੈ, ਜਿੱਥੇ ਈ-ਟੈਂਡਰ, ਬੁੱਕਿੰਗ ਅਤੇ ਧਾਰਮਿਕ ਸੇਵਾਵਾਂ ਆਨਲਾਈਨ ਹਨ। ਪ੍ਰਵਾਸੀ ਸਿੱਖ ਆਧੁਨਿਕ ਸਰਾਵਾਂ ਵਿੱਚ ਕਮਰੇ ਬੁਕ ਕਰ ਸਕਦੇ ਹਨ। ਦਰਬਾਰ ਸਾਹਿਬ ਤੋਂਆਨਲਾਈਨ ਕੀਰਤਨ ਸੁਣ ਸਕਦੇ ਹਨ। ‘ਸਿੱਖਸ ਫ਼ਾਰ ਟੈਕਨਾਲੋਜੀ’ ਵਰਗੀਆਂ ਸੰਸਥਾਵਾਂ ਵਿਕਾਸਸ਼ੀਲ ਖੇਤਰਾਂ ਵਿੱਚ ਤਕਨੀਕੀ ਸਿੱਖਿਆ ਦਿੰਦੀਆਂ ਹਨ।

ਡਿਜੀਟਲ ਭਗਤੀ ਨੇ ਆਸਥਾ ਨੂੰ ਵਿਸ਼ਵਵਿਆਪੀ ਬਣਾਇਆ ਹੈ, ਪਰ ਵਿਸ਼ਵਾਸ ਦਾ ਮੁੱਦਾ ਵੀ ਹੈ। ਕਈ ਲੋਕ ਡਰਦੇ ਹਨ ਕਿ ਐਪਸਸ ਰਾਹੀਂ ਪੈਸੇ ਲੁੱਟੇ ਜਾਣਗੇ ਜਾਂ ਰਸਮਾਂ ਨੂੰ ਘੱਟ ਕੀਤਾ ਜਾਵੇਗਾ। ਪਰ ਇਹ ਨਵੀਂ ਪੀੜ੍ਹੀ ਨੂੰ ਜੋੜ ਰਿਹਾ ਹੈ, ਜੋ ਬਿਜ਼ੀ ਲਾਈਫ਼ ਵਿੱਚ ਆਨਲਾਈਨ ਨਾਲ ਜੁੜਦੀ ਹੈ। ਸਿੱਖ ਧਰਮ ਵਿੱਚ ਵੀ ਇਹ ਚੱਲ ਰਿਹਾ ਹੈ, ਪਰ ਅਸਲ ਗਿਆਨ ਤੇ ਜ਼ੋਰ ਦੇਣਾ ਚਾਹੀਦਾ ਹੈ। ਭਵਿੱਖ ਵਿੱਚ ਏਆਈ ਨਾਲ ਵਰਚੁਅਲ ਗੁਰਦੁਆਰੇ ਅਤੇ ਲਾਈਵ ਕੀਰਤਨ ਵਧਣਗੇ। ਇਹ ਭਾਰਤੀ ਆਸਥਾ ਨੂੰ ਗਲੋਬਲ ਯੁਗ ਵਿੱਚ ਢਾਲ ਰਹੇ ਹਨ।

# ਏ.ਕੇ.47 ਰਾਈਫ਼ਲ ਦੁਨੀਆ ਦਾ ਸਭ ਤੋਂ ਖ਼ਤਰਨਾਕ ਕਮਾਂਡੋ ਹਥਿਆਰ

## ਠੰਡੀ ਜੰਗ ਤੋਂ ਖਾੜਕੂਵਾਦ ਤੱਕ ਏ.ਕੇ. 47 ਦਾ ਗਲੋਬਲ

## ਭਾਰਤ ਵਿੱਚ ਏ.ਕੇ. 47 ਪੰਜਾਬ ਤੋਂ ਕਸ਼ਮੀਰ ਤੱਕ, ਫ਼ੌਜ ਤੇ ਖ਼ਾੜਕੂਆਂ ਦੀ ਰਹੀ ਪਸੰਦ

ਦੁਨੀਆ ਵਿੱਚ ਏ.ਕੇ. 47 ਅਜਿਹਾ ਕਮਾਂਡੋ ਹਥਿਆਰ ਹੈ ਜੋ ਫ਼ੌਜ, ਪੁਲਿਸ ਖ਼ਾੜਕੂਆਂ ਵਿੱਚ ਮਨਪਸੰਦ ਹਥਿਆਰ ਹੈ।

ਇਸ ਬੰਦੂਕ ਦੀ ਕਹਾਣੀ ਸ਼ੁਰੂ ਹੁੰਦੀ ਹੈ ਸੋਵੀਅਤ ਯੂਨੀਅਨ ਦੇ ਇੱਕ ਨੌਜਵਾਨ ਟੈਂਕ ਸਿਪਾਹੀ ਮਿਖਾਇਲ ਕਲਾਸ਼ਨਿਕੋਵ ਤੋਂ। 1940 ਦੇ ਦਹਾਕੇ ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਮਿਖਾਇਲ ਜ਼ਖ਼ਮੀ ਹੋ ਗਿਆ ਸੀ। ਕਿਹਾ ਜਾਂਦਾ ਹੈ ਕਿ ਉਸ ਦੀ ਬੰਦੂਕ ਜਾਮ ਹੋਣ ਕਾਰਨ ਇਹ ਹੋਇਆ। ਇਸ ਤਜਰਬੇ ਨੇ ਉਸ ਨੂੰ ਇੱਕ ਅਜਿਹੀ ਰਾਈਫ਼ਲ ਬਣਾਉਣ ਲਈ ਪ੍ਰੇਰਿਤ ਕੀਤਾ ਜੋ ਸਿਪਾਹੀਆਂ ਲਈ ਭਰੋਸੇਯੋਗ ਹੋਵੇ , ਜਿਸ ਨੂੰ ਚਲਾਉਣਾ ਆਸਾਨ ਹੋਵੇ ਅਤੇ ਰੱਖ-ਰਖਾਵ ਲਈ ਸੌਖਾ ਹੋਵੇ। 1947 ਵਿੱਚ ਉਸ ਦੀ ਟੀਮ ਨੇ ਆਟੋਮੈਟਿਕ ਕਲਾਸ਼ਨਿਕੋਵ (ਏ.ਕੇ.47) ਦਾ ਡਿਜ਼ਾਇਨ ਪੇਸ਼ ਕੀਤਾ। ਦੋ ਸਾਲਾਂ ਦੀ ਮਿਹਨਤ, ਕਈ ਅਸਫ਼ਲਤਾਵਾਂ ਤੋਂ ਬਾਅਦ ਇਹ ਤਿਆਰ ਹੋਈ। 18 ਜੂਨ 1949 ਨੂੰ ਸੋਵੀਅਤ ਫ਼ੌਜ ਨੇ ਇਸ ਨੂੰ ਅਧਿਕਾਰਕ ਤੌਰ ’ਤੇ ਅਪਣਾਅ ਲਿਆ। ਏ.ਕੇ.47 ਗੈਸ-ਆਪਰੇਟਡ ਰਾਈਫ਼ਲ ਸੀ ਜਿਸ ਵਿੱਚ ਲੌਂਗ-ਸਟ੍ਰੋਕ ਪਿਸਟਨ ਸਿਸਟਮ ਸੀ, ਜੋ ਘੱਟ ਪਾਰਟਸ ਨਾਲ ਬਣੀ ਸੀ। ਇਸ ਦੀ ਟਾਲਰੈਂਸ ਇੰਨੀ ਵੱਧ ਸੀ ਕਿ ਹਨੇਰੀ, ਬਾਰਿਸ਼ ਵਿੱਚ ਵੀ ਇਹ ਜਾਮ ਨਹੀਂ ਹੁੰਦੀ ਸੀ। ਸਭ ਤੋਂ ਵੱਡੀ ਗੱਲ, ਇਹ ਸਸਤੀ ਸੀ - ਬਾਕੀ ਰਾਈਫ਼ਲਾਂ ਨਾਲੋਂ ਘੱਟ ਖਰਚੇ ਵਿੱਚ ਬਣਦੀ ਸੀ। ਇਸ ਯੂਜ਼ਰ-ਫ਼੍ਰੈਂਡਲੀ ਨੇ ਇਸ ਨੂੰ ਪੇਸ਼ੇਵਰ ਫ਼ੌਜਾਂ ਤੋਂ ਲੈ ਕੇ ਖ਼ਾੜਕੂਆਂ ਤੱਕ ਹਰ ਹੱਥ ਵਿੱਚ ਪਹੁੰਚਾ ਦਿੱਤਾ।



ਠੰਡੀ ਜੰਗ ਦੇ ਦਹਾਕਿਆਂ ਵਿੱਚ ਸੋਵੀਅਤ ਯੂਨੀਅਨ ਅਤੇ ਚੀਨ ਨੇ ਏ.ਕੇ.47 ਨੂੰ ਆਪਣੇ ਮਿੱਤਰ ਦੇਸ਼ਾਂ ਅਤੇ ਆਜ਼ਾਦੀ ਦੀ ਲੜਾਈ ਲੜਨ ਵਾਲੇ ਕ੍ਰਾਂਤੀਕਾਰੀਆਂ ਤੱਕ ਪਹੁੰਚਾ ਦਿੱਤਾ। ਨਤੀਜਾ ਇਹ ਹੋਇਆ ਕਿ ਏ.ਕੇ.47 ਅਤੇ ਇਸ ਦੇ ਵੈਰੀਐਂਟਸ ਦਾ ਘਰੇਲੂ ਉਤਪਾਦਨ ਸ਼ੁਰੂ ਹੋ ਗਿਆ। ਕਈ ਦੇਸ਼ਾਂ ਵਿੱਚ ਲਾਇਸੈਂਸ ਨਾਲ, ਤਾਂ ਕਈ ਵਿੱਚ ਗੈਰ-ਕਾਨੂੰਨੀ ਕਾਪੀਆਂ ਜਿਵੇਂ ‘ਖੈਬਰ ਪਾਸ ਕਾਪੀ’ ਨੇ ਇਸ ਦੀ ਗਿਣਤੀ ਵਧਾ ਦਿੱਤੀ। ਅੰਦਾਜ਼ੇ ਮੁਤਾਬਕ ਦੁਨੀਆ ਵਿੱਚ 70 ਤੋਂ 100 ਮਿਲੀਅਨ ਤੱਕ ਏ.ਕੇ. ਸੀਰੀਜ਼ ਦੀਆਂ ਰਾਈਫ਼ਲਾਂ ਹਨ, ਕੁਝ ਅਧਿਐਨਾਂ ਵਿੱਚ 100 ਮਿਲੀਅਨ ਤੱਕ। ਸਹੀ ਗਿਣਤੀ ਦੱਸਣਾ ਮੁਸ਼ਕਿਲ ਹੈ ਕਿਉਂਕਿ ਅੱਜ ਇਹ ਹਰ ਜਗ੍ਹਾ ਬਣ ਰਹੀਆਂ ਹਨ।



ਇਸ ਨੇ 10 ਲੱਖ ਤੋਂ ਵੱਧ ਜਾਨਾਂ ਲਈਆਂ ਹਨ, ਫ਼ਿਲਮਾਂ, ਗੇਮਜ਼ ਅਤੇ ਰਾਜਨੀਤਿਕ ਪੋਸਟਰਾਂ ਵਿੱਚ ਵੀ ਇਹ ਵਿਖਾਈ ਦਿੰਦੀ ਹੈ। ਇਸ ਦੇ ਅਪਗ੍ਰੇਡ ਵੈਰੀਐਂਟਸ ਜਿਵੇਂ ਏ.ਕੇ.ਐੱਮ (ਹਲਕੀ ਅਤੇ ਸਟੈਂਪਡ ਰਿਸੀਵਰ ਵਾਲੀ), 1970 ਵਿੱਚ ਆਈ ਏ.ਕੇ.74 ਅਤੇ ਅੱਜ ਦੇ ਰੂਸੀ ਏ.ਕੇ.12 ਅਤੇ ਏ.ਕੇ. 203 ਨੇ ਬਜ਼ਾਰ ਵਿੱਚ ਜਗ੍ਹਾ ਬਣਾਈ। ਚੀਨ ਨੇ ਵੀ ਏ.ਕੇ.56 ਵਰਜਨ ਬਣਾਇਆ।

ਭਾਰਤ ਵਿੱਚ ਏ.ਕੇ.47 ਅਤੇ ਇਸ ਦੇ ਵੈਰੀਐਂਟਸ ਦਾ ਉਤਪਾਦਨ ਹੁਣ ਭਾਰੀ ਪੱਧਰ ’ਤੇ ਹੋ ਰਿਹਾ ਹੈ। 2020 ਵਿੱਚ ਭਾਰਤ ਅਤੇ ਰੂਸ ਨੇ 7,70,000 ਏ.ਕੇ.203 ਰਾਈਫ਼ਲਾਂ ਦਾ ਡੀਲ ਕੀਤਾ, ਜਿਸ ਵਿੱਚੋਂ 1,00,000 ਨੂੰ ਡਾਇਰੈਕਟ ਇੰਪੋਰਟ ਕੀਤਾ ਗਿਆ ਅਤੇ ਬਾਕੀ 6,70,000 ਨੂੰ ਉੱਤਰ ਪ੍ਰਦੇਸ਼ ਦੇ ਅਮੇਠੀ ਜ਼ਿਲ੍ਹੇ ਦੇ ਕੋਰਵਾ ਆਰਡਨੈਂਸ ਫ਼ੈਕਟਰੀ ਵਿੱਚ ਬਣਾਇਆ ਜਾ ਰਿਹਾ ਹੈ। ਇੰਡੋ-ਰੂਸ਼ੀਆ ਰਾਈਫ਼ਲ ਪ੍ਰਾਈਵੇਟ ਲਿਮਟਿਡ (ਆਈ.ਆਰ.ਆਰ. ਪੀ.ਐੱਲ.) ਨੇ 2023 ਵਿੱਚ ਉਤਪਾਦਨ ਸ਼ੁਰੂ ਕੀਤਾ ਅਤੇ 2025 ਤੱਕ ਪੂਰਾ ਲੋਕਲਾਈਜ਼ੇਸ਼ਨ ਹੋ ਗਿਆ ਹੈ। ਇਹ ਰਾਈਫ਼ਲਾਂ ਭਾਰਤੀ ਫ਼ੌਜ ਵਿੱਚ ਵਰਤੀਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਵੀ ਭਾਰਤ ਨੇ ਬੁਲਗੇਰੀਅਨ ਅਤੇ ਰੋਮਾਨੀਅਨ ਏ.ਕੇ.47 ਇੰਪੋਰਟ ਕੀਤੀਆਂ, ਜੋ ਹੁਣ ਵੀ ਵਰਤੀਆਂ ਜਾਂਦੀਆਂ ਹਨ।ਪੰਜਾਬ ਵਿੱਚ ਖ਼ਾਲਿਸਤਾਨੀ ਖ਼ਾੜਕੂਆਂ ਲਈ ਏ.ਕੇ.47 ਮਨਪਸੰਦ ਕਿਉਂ ਸੀ ?

1980-90 ਦੇ ਦਹਾਕੇ ਵਿੱਚ ਬੱਬਰ ਖ਼ਾਲਸਾ, ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ (ਕੇ.ਐੱਲ.ਐੱਫ਼.) ਅਤੇ ਖ਼ਾਲਿਸਤਾਨ ਕਮਾਂਡੋ ਫ਼ੋਰਸ (ਕੇ.ਸੀ.ਐੱਫ਼.) ਵਰਗੇ ਗਰੁੱਪਾਂ ਨੇ ਇਸ ਨੂੰ ਵਰਤਿਆ। ਇਸ ਦੀ ਭਰੋਸੇ ਯੋਗਤਾ, ਆਸਾਨ ਵਰਤੋਂ ਅਤੇ ਬਹੁਤ ਜ਼ਿਆਦਾ ਫ਼ਾਇਰਿੰਗ ਰੇਟ (600 ਗੋਲੀਆਂ ਪ੍ਰਤੀ ਮਿੰਟ) ਕਾਰਨ ਇਹ ਖਾੜਕੂਆਂ ਦਾ ਮਨਪਸੰਦ ਹਥਿਆਰ ਰਹੀ। ਪੰਜਾਬ ਦੇ ਖਾੜਕੂਆਂ ਨੂੰ ਪਾਕਿਸਤਾਨ ਤੋਂ ਸਪਲਾਈ ਹੁੰਦੀ ਸੀ। 1991 ਵਿੱਚ ਪੰਜਾਬ ਪੁਲਿਸ ਨੇ ਵੀ 1,000 ਤੋਂ ਵੱਧ ਏਕੇ-47 ਖਰੀਦੀਆਂ ਤਾਂ ਜੋ ਖ਼ਾੜਕੂਆਂ ਨਾਲ ਮੁਕਾਬਲਾ ਕਰ ਸਕੇ। ਅੱਜ ਵੀ ਇਹ ਪੰਜਾਬ ਵਿੱਚ ਕਾਲੇ ਬਜ਼ਾਰ ਵਿੱਚ ਮੌਜੂਦ ਹੈ, ਜਿਸ ਨੇ ਕਈ ਵਾਰ ਸ਼ਾਂਤੀ ਨੂੰ ਖ਼ਤਰੇ ਵਿੱਚ ਪਾਇਆ। ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲ ਦਾ ਕਤਲ ਵੀ ਗੈਂਗਸਟਰਾਂ ਨੇ ਇਸ ਹਥਿਆਰ ਨਾਲ ਕੀਤਾ ਗਿਆ।

ਵਿਸ਼ਵ ਪੱਧਰ ’ਤੇ ਅੱਜ ਵੀ ਖ਼ਾੜਕੂਆਂ ਲਈ ਏ. ਕੇ.47 ਪਹਿਲੀ ਚੋਣ ਹੈ। ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ ਅਮਰੀਕੀ ਫ਼ੌਜ ਦੀਆਂ ਛੱਡੀਆਂ ਏ. ਕੇ.47 ਨੂੰ ਵਰਤਿਆ, ਜਦਕਿ ਇਰਾਕ-ਸੀਰੀਆ ਵਿੱਚ ਆਈ.ਐੱਸ.ਆਈ.ਐੱਸ. ਨੇ ਇਸ ਨਾਲ ਹਜ਼ਾਰਾਂ ਨੂੰ ਮਾਰਿਆ ਗਿਆ। ਅਫ਼ਰੀਕਾ ਵਿੱਚ ਕੌਂਗੋ ਦੇ ਵਿਦਰੋਹੀ ਗਰੁੱਪਾਂ, ਯੇਮਨ ਵਿੱਚ ਹੂਥੀ ਲੜਾਈਬਾਜ਼ਾਂ ਅਤੇ ਕੋਲੰਬੀਆ ਦੇ ਨਾਰਕੋ-ਟੈਰਰਿਸਟਾਂ ਨੇ ਵੀ ਇਸ ਨੂੰ ਅਪਣਾਇਆ।

(ਬਾਕੀ ਸਫ਼ਾ 27 ’ਤੇ)

## ਸੁਪਰੀਮ ਕੋਰਟ ਦਾ ਨਿਆਂਕਾਰੀ ਫ਼ੈਸਲਾ

# ਮੋਗਾ ਬੇਅਦਬੀ ਕੇਸ ਸਬੰਧੀ ਚੰਡੀਗੜ੍ਹ ਤਬਦੀਲੀ ’ਤੇ ਲਗਾਈ ਰੋਕ

### ਪੰਥਕ ਆਗੂਆਂ ਵੱਲੋਂ ਸਰਕਾਰ ’ਤੇ ਦੋਸ਼: ਸਰਕਾਰ ਤੇ ਦੋਸ਼ੀਆਂ ਵਿਚਾਲੇ ਮਿਲੀਭੁਗਤ

### ਕੀ ਡੇਰਾ ਪ੍ਰੇਮੀਆਂ ਤੇ ਸਰਕਾਰ ਵਿਚਾਲੇ ਹੋਇਆ ਗੁਪਤ ਸਮਝੌਤਾ ?

ਚੰਡੀਗੜ੍ਹ/ਨਵੀਂ ਦਿੱਲੀ/ ਏ.ਟੀ.ਨਿਊਜ਼: ਸਿੱਖ ਕੌਮ ਲਈ ਬਹੁਤ ਅਹਿਮ ਸਾਬਿਤ ਹੋਣ ਵਾਲੇ ਮੋਗਾ ਬੇਅਦਬੀ ਕੇਸ ਵਿੱਚ ਵੱਡਾ ਟਵਿਸਟ ਆ ਗਿਆ ਹੈ। ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 17 ਮਾਰਚ 2025 ਨੂੰ ਦਿੱਤੇ ਗਏ ਉਸ ਆਦੇਸ਼ ’ਤੇ ਰੋਕ ਲਾ ਦਿੱਤੀ ਹੈ ਜਿਸ ਵਿੱਚ ਮੋਗਾ ਸਮੇਤ ਛੇ ਬੇਅਦਬੀ ਮਾਮਲਿਆਂ ਨੂੰ ਚੰਡੀਗੜ੍ਹ ਕੋਰਟ ਵਿੱਚ ਤਬਦੀਲ ਕਰਨ ਦਾ ਹੁਕਮ ਸੀ। ਸਰਬਉੱਚ ਅਦਾਲਤ ਨੇ ਆਦੇਸ਼ ਦਿੱਤਾ ਹੈ ਕਿ ਫ਼ਿਲਹਾਲ ਸਥਿਤੀ ਜਿਵੇਂ ਦੀ ਤਿਉਂ ਰੱਖੀ ਜਾਵੇ ਅਤੇ ਅਗਲੀ ਸੁਣਵਾਈ 13 ਅਕਤੂਬਰ ਨੂੰ ਹੋਵੇਗੀ। ਇਹ ਫ਼ੈਸਲਾ ਮੋਗਾ ਦੇ ਰਹਿਣ ਵਾਲੇ ਗੁਰਸੇਵਕ ਸਿੰਘ ਵੱਲੋਂ ਦਾਖਲ ਅਰਜ਼ੀ ’ਤੇ ਆਇਆ ਹੈ, ਜਿਸ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ।

ਗੁਰਸੇਵਕ ਸਿੰਘ, ਜੋ ਮੋਗਾ ਦੇ ਇੱਕ ਸਾਧਾਰਨ ਨਾਗਰਿਕ ਹਨ, ਨੇ ਸੁਪਰੀਮ ਕੋਰਟ ਨੂੰ ਦਿੱਤੀ ਆਪਣੀ ਅਰਜ਼ੀ ਵਿੱਚ ਕਿਹਾ ਸੀ ਕਿ ਬੇਅਦਬੀ ਦੇ ਦੋਸ਼ੀ ਪੰਜਾਬ ਵਿੱਚ ਖੁੱਲ੍ਹੇ ਘੁੰਮਦੇ ਹਨ ਅਤੇ ਆਪਣੇ ਸਮਾਗਮ ਵੀ ਕਰਦੇ ਹਨ, ਪਰ ਜਿਵੇਂ ਹੀ ਕੇਸ ਦੀ ਸੁਣਵਾਈ ਹੁੰਦੀ ਹੈ ਤਾਂ ਉਹ ਮਾਹੌਲ ਵਿਗਾੜਨ ਦੀਆਂ ਸਾਜਿਸ਼ਾਂ ਬਣਾਉਂਦੇ ਹਨ ਤੇ ਗਵਾਹਾਂ ਨੂੰ ਧਮਕਾਉਂਦੇ ਹਨ। ਇਸ ਕਾਰਨ ਸ਼ਿਕਾਇਤਕਰਤਾ ਨੂੰ ਚੰਡੀਗੜ੍ਹ ਆਉਣਾ ਪੈਂਦਾ ਹੈ, ਜੋ ਨਾ ਸਿਰਫ਼ ਅਸੁਵਿਧਾਜਨਕ ਹੈ ਬਲਕਿ ਨਿਆਂ ਪ੍ਰਕਿਰਿਆ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ, ਜੋ 2015 ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਵਾਪਰੇ ਸਨ, ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਚੋਰੀ ਅਤੇ ਇਤਰਾਜ਼ਯੋਗ ਭੜਕਾਊ ਪੋਸਟਰ ਲਗਾਉਣ ਵਰਗੀਆਂ ਘਟਨਾਵਾਂ ਸ਼ਾਮਲ ਹਨ। ਮੋਗਾ ਕੇਸ ਵਿਸ਼ੇਸ਼ ਤੌਰ ’ਤੇ ਅਹਿਮ ਹੈ ਕਿਉਂਕਿ ਇਸ ਵਿੱਚ ਡੇਰਾ ਸੌਦਾ ਨਾਲ ਜੁੜੇ ਨਾਮਜ਼ਦ ਦੋਸ਼ੀ ਸ਼ਾਮਲ ਸਨ।

ਯਾਦ ਰਹੇ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 17 ਮਾਰਚ 2025 ਨੂੰ ਇਹ ਆਦੇਸ਼ ਜਾਰੀ ਕੀਤਾ ਸੀ ਕਿ ਇਹ ਛੇ ਕੇਸ ਚੰਡੀਗੜ੍ਹ ਵਿੱਚ ਤਬਦੀਲ ਕੀਤੇ ਜਾਣ। ਹਾਈ ਕੋਰਟ ਦਾ ਮੁੱਖ ਤਰਕ ਸੀ ਕਿ ਪੰਜਾਬ ਵਿੱਚ ਮਾਹੌਲ ਅਨੁਕੂਲ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਦੋਸ਼ੀਆਂ ਨੂੰ ਧਮਕੀਆਂ ਮਿਲ ਰਹੀਆਂ ਹਨ ਅਤੇ ਇੱਕ ਦੋਸ਼ੀ ਪਰਦੀਪ ਸਿੰਘ ਕਟਾਰੀਆ ਨੂੰ ਗੋਲੀ ਮਾਰ ਦਿੱਤੀ ਗਈ ਸੀ। ਹਾਈ ਕੋਰਟ ਨੇ ਇਹ ਵੀ ਨੋਟ ਕੀਤਾ ਕਿ ਪਿਛਲੇ ਫ਼ੈਸਲਿਆਂ ਵਿੱਚ ਵੀ ਡੇਰਾ ਪ੍ਰੇਮੀਆਂ ਨੂੰ ਸੁਰੱਖਿਆ ਲਈ ਤਬਦੀਲੀ ਦੀ ਲੋੜ ਪੈ ਚੁੱਕੀ ਹੈ। ਇਸ ਤਰ੍ਹਾਂ, ਹਾਈ ਕੋਰਟ ਨੇ ਨਿਆਂ ਨੂੰ ਨਿਰਪੱਖ ਰੱਖਣ ਲਈ ਚੰਡੀਗੜ੍ਹ ਨੂੰ ਵਧੀਆ ਬਦਲ ਮੰਨਿਆ ਸੀ।



ਸੁਪਰੀਮ ਕੋਰਟ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹੇ ਅਹਿਮ ਮਾਮਲਿਆਂ ਵਿੱਚ ਨਿਆਂ ਨੂੰ ਜਗ੍ਹਾ ਤਬਦੀਲ ਕਰਕੇ ਰੋਕਿਆ ਨਹੀਂ ਜਾ ਸਕਦਾ। ਜਸਟਿਸ ਬੀ.ਆਰ. ਗਵਾਈ ਅਤੇ ਕੇ.ਵੀ. ਵਿਸ਼ਵਨਾਥਨ ਦੀ ਬੈਂਚ ਨੇ ਆਦੇਸ਼ ਦਿੱਤਾ ਕਿ ਦੋਸ਼ੀਆਂ ਨੂੰ ਪੰਜਾਬ ਪੁਲਿਸ ਪੂਰੀ ਸੁਰੱਖਿਆ ਦੇਵੇ ਅਤੇ ਕੇਸ ਨੂੰ ਤੇਜ਼ੀ ਨਾਲ ਚਲਾਇਆ ਜਾਵੇ। ਇਹ ਫ਼ੈਸਲਾ ਪਿਛਲੇ ਕਈ ਫ਼ੈਸਲਿਆਂ ਨਾਲ ਜੁੜਿਆ ਹੈ, ਜਿਵੇਂ ਕਿ 2023 ਵਿੱਚ ਬਰਗਾੜੀ ਕੇਸ ਨੂੰ ਫ਼ਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕੀਤਾ ਗਿਆ ਸੀ ਪਰ ਹੁਣ ਇਸ ਨੂੰ ਵਾਪਸ ਪੰਜਾਬ ਲਿਆਂਦਾ ਗਿਆ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਰਾਜ ਨੂੰ ਅਜਿਹੇ ਮਾਮਲਿਆਂ ਵਿੱਚ ਰਾਜਨੀਤੀ ਨਹੀਂ ਕਰਨੀ ਚਾਹੀਦੀ।

ਪੰਥਕ ਆਗੂਆਂ ਦਾ ਮੰਨਣਾ ਹੈ ਕਿ ਇਸ ਨਾਲ ਨਿਆਂ ਵਿਭਾਗ ਨੂੰ ਮਜ਼ਬੂਤੀ ਮਿਲੀ ਹੈ ਅਤੇ ਦੋਸ਼ੀਆਂ ਨੂੰ ਵੀ ਨਵਾਂ ਸੁਨੇਹਾ ਮਿਲਿਆ ਹੈ ਕਿ ਉਹ ਕਾਨੂੰਨ ਦੇ ਕਟਹਿਰੇ ਤੋਂ ਬਚ ਨਹੀਂ ਸਕਦੇ।ਸਿੱਖ ਪੰਥ ਵੱਲੋਂ ਪੈਰਵੀ ਕਰ ਰਹੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਇਹ ਫ਼ੈਸਲਾ ਸਿੱਖ ਕੌਮ ਦੀ ਜਿੱਤ ਹੈ ਅਤੇ ਹੁਣ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਵਿੱਚ ਸਰਗਰਮ ਭੂਮਿਕਾ ਨਿਭਾਏ। ਫੂਲਕਾ ਨੇ ਐਲਾਨ ਕੀਤਾ ਕਿ ਉਹ ਪੰਜਾਬ ਸਰਕਾਰ ਨੂੰ ਚਿੱਠੀ ਲਿਖਣਗੇ ਕਿ ਸਰਕਾਰ ਖੁਦ ਸੁਪਰੀਮ ਕੋਰਟ ਵਿੱਚ ਪਹੁੰਚੇ ਅਤੇ ਸਪੱਸ਼ਟ ਕਰੇ ਕਿ ਪੰਜਾਬ ਦਾ ਮਾਹੌਲ ਵਿਗੜਿਆ ਨਹੀਂ ਹੈ। ਉਨ੍ਹਾਂ ਨੇ ਸਿੱਖਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਿਆਂ ਲਈ ਸਰਕਾਰ ’ਤੇ ਦਬਾਅ ਬਣਾਉਣ ।

### ਗਿਆਨੀ ਹਰਪ੍ਰੀਤ ਸਿੰਘ ਨੇ ਉਠਾਏ ਸਰਕਾਰ ਉੱਪਰ ਸਵਾਲ

ਸਿੱਖ ਪੰਥ ਦੇ ਆਗੂਆਂ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ ਅਤੇ ਇਸ ਨੂੰ ਸਿੱਖ ਕੌਮ ਨਾਲ ਹੋ ਰਹੇ ਅਨਿਆਂ ਵਿਰੁੱਧ ਇੱਕ ਜਿੱਤ ਕਰਾਰ ਦਿੱਤਾ ਹੈ। ਨਵੇਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਤਿੱਖੇ ਬਿਆਨਾਂ ਵਿੱਚ ਪੰਜਾਬ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਬੇਅਦਬੀ ਮਾਮਲਿਆਂ ਵਿੱਚ ਸਰਕਾਰ ਨਾਮਜ਼ਦ ਦੋਸ਼ੀਆਂ ਨਾਲ ਸਾਜ਼ਿਸ਼ ਵਾਲੀ ਮਿਲੀ ਭੁਗਤ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਾਈ ਕੋਰਟ ਨੇ ਬਠਿੰਡਾ, ਫ਼ਰੀਦਕੋਟ ਅਤੇ ਮੋਗਾ ਦੇ ਕੇਸ ਚੰਡੀਗੜ੍ਹ ਤਬਦੀਲ ਕੀਤੇ ਪਰ ਪੰਜਾਬ ਸਰਕਾਰ ਨੇ ਇਸ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਵੀ ਨਹੀਂ ਕੀਤੀ। ਇਹ ਸਪੱਸ਼ਟ ਦਰਸਾਉਂਦਾ ਹੈ ਕਿ ਸਰਕਾਰ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਬਾਕੀ ਦੋਸ਼ੀਆਂ ਦੀ ਖੁੱਲ੍ਹੀ ਮਦਦ ਕਰ ਰਹੀ ਹੈ। ਗਿਆਨੀ ਜੀ ਨੇ ਕਿਹਾ ਕਿ ਇਹ ਸਿੱਖ ਕੌਮ ਨਾਲ ਭਾਵਨਾਤਮਕ ਧੋਖਾ ਹੈ ਅਤੇ ਅਜਿਹੀਆਂ ਕਾਰਵਾਈਆਂ ਨਾਲ ਨਿਆਂ ਖਤਰੇ ਵਿੱਚ ਪੈ ਜਾਂਦੇ ਹਨ।

(ਬਾਕੀ ਸਫ਼ਾ 27 ’ਤੇ)

# ਦਿੱਲੀ ਏਅਰਪੋਰਟ ’ਤੇ ਤਾਮਿਲ ਸਿੱਖ ਜੀਵਨ ਸਿੰਘ ਦੇ ਸਿੱਖੀ ਸਰੂਪ ਦਾ ਅਪਮਾਨ

### ਏਅਰ ਇੰਡੀਆ ਸਟਾਫ਼ ਨੇ ਨਸਲਵਾਦੀ ਕੀਤਾ ਵਿਹਾਰ, ਪੰਥਕ ਆਗੂਆਂ ਵੱਲੋਂ ਨਿੰਦਾ

### ਤਾਮਿਲ ਸਿੱਖ ਆਗੂ ਨੂੰ ਧਰਮ-ਜਾਤ ’ਤੇ ਸਵਾਲ ਪੁਛਣੇ-ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ

ਬੀਤੇ ਦਿਨੀਂ ਹੀ ਚੌਂਕਾਉਣ ਵਾਲੀ ਨਸਲਵਾਦੀ ਘਟਨਾ ਦਿੱਲੀ ਇੰਟਰਨੈਸ਼ਨਲ ਏਅਰਪੋਰਟ ’ਤੇ ਵਾਪਰੀ ਹੈ, ਜਿੱਥੇ ਤਾਮਿਲਨਾਡੂ ਮੂਲ ਦੇ ਸਿੱਖ ਆਗੂ ਅਤੇ ਸੁਪਰੀਮ ਕੋਰਟ ਦੇ ਵਕੀਲ ਸਰਦਾਰ ਜੀਵਨ ਸਿੰਘ ਨੂੰ ਏਅਰ ਇੰਡੀਆ ਦੇ ਗਰਾਊਂਡ ਸਟਾਫ਼ ਨੇ ਨਾ ਸਿਰਫ਼ ਅਪਮਾਨਜਨਕ ਸਵਾਲਾਂ ਨਾਲ ਪੁੱਛਗਿੱਛ ਕੀਤੀ, ਸਗੋਂ ਉਹਨਾਂ ਨੂੰ ਧਰਮ, ਜਾਤ-ਪਾਤ ਅਤੇ ਰੰਗ ਭੇਦਭਾਵ ਵਾਲੇ ਤਰੀਕੇ ਨਾਲ ਤੰਗ ਕੀਤਾ। ਇਹ ਘਟਨਾ ਉਦੋਂ ਵਾਪਰੀ, ਜਦੋਂ ਸਰਦਾਰ ਜੀਵਨ ਸਿੰਘ ਸਿੰਗਾਪੁਰ ਜਾਣ ਵਾਲੀ ਫ਼ਲਾਈਟ ਲਈ ਚੈੱਕ-ਇਨ ਕਰ ਰਹੇ ਸਨ। ਦਿੱਲੀ ਏਅਰਪੋਰਟ ਦੇ ਇੰਟਰਨੈਸ਼ਨਲ ਟਰਮੀਨਲ ਵਿੱਚ ਏਅਰ ਇੰਡੀਆ ਦੇ ਕਾਊਂਟਰ ਨੰਬਰ 5 ’ਤੇ ਇਹ ਸਭ ਕੁਝ ਵਾਪਰਿਆ। ਪਾਸਪੋਰਟ ਗਰਾਊਂਡ ਸਟਾਫ਼ ਮੈਂਬਰ ਮੈਡਮ ਸਤੂਤੀ ਨੇ ਸਰਦਾਰ ਜੀਵਨ ਸਿੰਘ ਪਾਸਪੋਰਟ ਦੇਖਦਿਆਂ ਅਪਮਾਨਜਨਕ ਟਿੱਪਣੀ ਕਰਦਿਆਂ ਪੁੱਛਿਆ ਕਿ ਕੀ ਪਾਸਪੋਰਟ ਵਿੱਚ ਤਸਵੀਰ ਤੁਹਾਡੀ ਹੀ ਹੈ ? ਇਸ ਤੋਂ ਵੀ ਅੱਗੇ ਵਧ ਕੇ ਉਹਨਾਂ ਨੇ ਕਿਹਾ, ‘ਤੁਹਾਡਾ ਪਤਾ ਤਾਮਿਲਨਾਡੂ ਦਾ ਹੈ, ਪਰ ਤੁਸੀਂ ਸਿੱਖ ਪੱਗ ਕਿਉਂ ਬੰਨ੍ਹੀ ਹੋਈ ਹੈ ?’ ਇਹ ਸਵਾਲ ਨਾ ਸਿਰਫ਼ ਨਿੱਜੀ ਪਛਾਣ ਨੂੰ ਚੁਣੌਤੀ ਦਿੰਦੇ ਸਨ, ਸਗੋਂ ਸਿੱਖ ਪਛਾਣ ਦਾ ਅਪਮਾਨ ਕਰ ਰਹੇ ਸਨ।

ਸਰਦਾਰ ਜੀਵਨ ਨੇ ਤੁਰੰਤ ਆਪਣਾ ਚੋਣਕਾਰੀ ਆਈ.ਡੀ. ਕਾਰਡ ਵਿਖਾਇਆ, ਜਿਸ ਵਿੱਚ ਉਹਨਾਂ ਦੀ ਪੱਗ ਅਤੇ ਦਾੜ੍ਹੀ ਵਾਲੀ ਤਸਵੀਰ ਸੀ, ਪਰ ਇਸ ਨਾਲ ਮਾਮਲਾ ਹੱਲ ਨਹੀਂ ਹੋਇਆ। ਬਲਕਿ ਇਹ ਵਧ ਗਿਆ। ਤੁਰੰਤ ਹੀ ਇਨ-ਚਾਰਜ ਅਫ਼ਸਰ ਮਿਸਟਰ ਮੁਕੇਸ਼ ਪਹੁੰਚ ਗਏ ਅਤੇ ਸਾਰੇ ਯਾਤਰੂਆਂ ਦੇ ਸਾਹਮਣੇ ਇੱਕ ਦੋਸ਼ੀ ਵਾਂਗ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਨੇ ਪੁੱਛਿਆ, ‘ਤੁਸੀਂ ਸਿੰਗਾਪੁਰ ਕਿਉਂ ਜਾ ਰਹੇ ਹੋ ? ਤੁਹਾਡੇ ਕੋਲ ਹੱਥ ਵਿੱਚ ਕਿੰਨੇ ਪੈਸੇ ਹਨ ? ਬੈਂਕ ਖਾਤੇ ਦਾ ਵੇਰਵਾ ਵਿਖਾਓ। ਤੁਸੀਂ ਪੱਗ ਕਿਉਂ ਬੰਨ੍ਹੀ ਹੋਈ ਹੈ ? ਤੁਸੀਂ ਕਾਲੇ ਕਿਉਂ ਹੋ ? ਕਿਸ ਜਾਤ ਤੋਂ ਸਿੱਖ ਬਣੇ ਹੋ ?’ ਇਹ ਸਵਾਲ ਅਪਮਾਨਜਨਕ, ਨਸਲੀ ਫ਼ਿਰਕੂ ਅਤੇ ਜਾਤੀਗਤ ਭੇਦਭਾਵ ਵਾਲੇ ਸਨ। ਸਰਦਾਰ ਜੀਵਨ ਨੇ ਧੀਰਜ ਨਾਲ ਹਰੇਕ ਸਵਾਲ ਦਾ ਜਵਾਬ ਦਿੱਤਾ, ਪਰ ਸਟਾਫ਼ ਨੇ ਅੜ ਕੇ ਬੋਰਡਿੰਗ ਪਾਸ ਨਾ ਦੇਣ ਦੀ ਧਮਕੀ ਦਿੱਤੀ।



ਅੰਤ ਵਿੱਚ, ਸਰਦਾਰ ਜੀਵਨ ਸਿੰਘ ਨੂੰ ਆਪਣੇ ਅਧਿਕਾਰ ਯਾਦ ਦਿਵਾਉਣੇ ਪਏ। ਉਹਨਾਂ ਨੇ ਕਿਹਾ, ‘ਮੈਂ ਸੁਪਰੀਮ ਕੋਰਟ ਵਿੱਚ ਵਕੀਲ ਹਾਂ ਅਤੇ ਮੈਨੂੰ ਪਤਾ ਹੈ ਕਿ ਕੋਈ ਵੀ ਏਅਰਲਾਈਨ ਸਟਾਫ਼ ਨੂੰ ਮੇਰੇ ਧਰਮ, ਜਾਤ, ਪਛਾਣ ਜਾਂ ਵਿੱਤੀ ਹਾਲਾਤ ਬਾਰੇ ਪੁੱਛਣ ਦਾ ਅਧਿਕਾਰ ਨਹੀਂ। ਇਹ ਸੰਵਿਧਾਨ ਦੇ ਆਰਟੀਕਲ 14, 15, 19 ਅਤੇ 21 ਦੀ ਉਲੰਘਣਾ ਹੈ।’ ਇਸ ਤੋਂ ਬਾਅਦ ਹੀ ਬੋਰਡਿੰਗ ਪਾਸ ਮਿਲਿਆ। ਇਹ ਪੂਰੀ ਘਟਨਾ ਏਅਰਪੋਰਟ ਦੇ ਸੀ.ਸੀ.ਟੀ.ਵੀ. ਵਿੱਚ ਰਿਕਾਰਡ ਹੋ ਚੁੱਕੀ ਹੈ ਅਤੇ ਸਰਦਾਰ ਜੀਵਨ ਸਿੰਘ ਨੇ ਫ਼ੇਸਬੁੱਕ ਤੇ ਆਪਣਾ ਲੰਮਾ ਸਟੇਟਮੈਂਟ ਸਾਂਝਾ ਕੀਤਾ ਹੈ, ਜਿਸ ਨੂੰ ਮੀਡੀਆ ਨੇ ਵੀ ਛਾਪਿਆ ਹੈ। ਇਹ ਸਵਾਲ ਨਾ ਸਿਰਫ਼ ਨਿੱਜੀ ਹਨ, ਸਗੋਂ ਉਹਨਾਂ ਵਿੱਚ ਉਹ ਪੁਰਾਣੀ ਮਨੂਵਾਦੀ ਮਾਨਸਿਕਤਾ ਨਜ਼ਰ ਆ ਰਹੀ ਹੈ ਜੋ ਧਰਮ ਬਦਲਣ ਵਾਲਿਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੀ ਹੈ।

(ਬਾਕੀ ਸਫ਼ਾ 26 ’ਤੇ)

### ਕੌਣ ਹਨ ਸਰਦਾਰ ਜੀਵਨ ਸਿੰਘ ?

ਸਰਦਾਰ ਜੀਵਨ ਸਿੰਘ, ਜਿਨ੍ਹਾਂ ਨੂੰ ਪਹਿਲਾਂ ਜੀਵਨ ਕੁਮਾਰ ਇਲਾਇਪੇਰੂਮਲ ਵਜੋਂ ਜਾਣਿਆ ਜਾਂਦਾ ਸੀ, ਜਨਵਰੀ 2023 ਵਿੱਚ ਸਿੱਖ ਧਰਮ ਅਪਣਾਉਣ ਤੋਂ ਬਾਅਦ ਸਰਦਾਰ ਜੀਵਨ ਸਿੰਘ ਬਣ ਗਏ ਹਨ। ਉਹ ਬਹੁਜਨ ਦ੍ਰਾਵਿਡ ਪਾਰਟੀ ਦੇ ਨੈਸ਼ਨਲ ਪ੍ਰੈਜ਼ੀਡੈਂਟ ਹਨ ਅਤੇ ਤਾਮਿਲਨਾਡੂ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਪ੍ਰਮੁੱਖ ਨੇਤਾ ਹਨ। ਉਹਨਾਂ ਨੇ ਨਾ ਸਿਰਫ਼ ਆਪਣੇ ਆਪ ਨੂੰ ਬਦਲਿਆ, ਸਗੋਂ ਤਾਮਿਲਨਾਡੂ ਵਿੱਚ ਹਜ਼ਾਰਾਂ ਪੀੜਤ ਪਰਿਵਾਰਾਂ ਨੂੰ ਸਿੱਖੀ ਵੱਲ ਲਿਆਉਣ ਵਿੱਚ ਮਦਦ ਕੀਤੀ। ਉਹਨਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਤਾਮਿਲਨਾਡੂ ਵਿੱਚ ਸੱਤ ਤਾਮਿਲ ਮੂਲ ਦੇ ਸਿੱਖਾਂ ਨੂੰ ਟਿਕਟਾਂ ਦਿੱਤੀਆਂ ਸਨ ਅਤੇ ਖੁਦ ਪੰਜਾਬ ਦੀ ਹੁਸ਼ਿਆਰਪੁਰ ਸੀਟ ਤੋਂ ਲੜੇ ਸਨ। ਉਹਨਾਂ ਦੀ ਪਾਸਪੋਰਟ ਵਿੱਚ ਕਲੀਨ-ਸ਼ੇਵਨ ਤਸਵੀਰ ਹੈ, ਜਦਕਿ ਹੁਣ ਉਹ ਪੱਗ ਅਤੇ ਪੂਰੀ ਦਾੜ੍ਹੀ ਰੱਖਦੇ ਹਨ, ਜੋ ਸਿੱਖੀ ਦੇ ਪੂਰਨ ਰੂਪ ਨੂੰ ਦਰਸਾਉਂਦੀ ਹੈ। ਇਹ ਘਟਨਾ ਉਹਨਾਂ ਨੂੰ ਬਹੁਤ ਜ਼ਿਆਦਾ ਝੰਜੋੜ ਗਈ ਅਤੇ ਉਹਨਾਂ ਨੇ ਕਿਹਾ ਕਿ ਇਹ ਅਪਮਾਨ ਨਾ ਸਿਰਫ਼ ਵਿਅਕਤੀਗਤ ਹੈ, ਸਗੋਂ ਸਮਾਜਿਕ ਅਨਿਆਂ ਵੀ ਹੈ।

ਉਹਨਾਂ ਨੇ ਐਕਸ ’ਤੇ ਲਿਖਿਆ ਕਿ ਇਹ ਅਪਮਾਨ ਨਾ ਸਿਰਫ਼ ਉਹਨਾਂ ਨਾਲ, ਸਗੋਂ ਪੂਰੀ ਸਿੱਖੀ ਨਾਲ ਹੈ। ਉਹਨਾਂ ਦੀ ਪਾਰਟੀ ਬਹੁਜਨ ਵਰਗੇ ਲੋਕਾਂ ਨੂੰ ਅਧਿਕਾਰ ਦਿਵਾਉਣ ਲਈ ਬਣੀ ਹੈ ਅਤੇ ਇਹ ਘਟਨਾ ਉਹਨਾਂ ਨੂੰ ਹੋਰ ਮਜ਼ਬੂਤ ਕਰ ਰਹੀ ਹੈ।

ਸਿੱਖ ਭਾਈਚਾਰੇ ਵਿੱਚ ਉਹਨਾਂ ਨੂੰ ਇੱਕ ਸਹਿਜ ਅਤੇ ਇੱਜ਼ਤਦਾਰ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ। ਉਹਨਾਂ ਨੇ ਤਾਮਿਲਨਾਡੂ ਦੇ ਪੀੜਤਾਂ ਲਈ ਨਾ ਸਿਰਫ਼ ਧਾਰਮਿਕ ਮਾਰਗਦਰਸ਼ਨ ਦਿੱਤਾ, ਸਗੋਂ ਉਹਨਾਂ ਦੇ ਹੱਕਾਂ ਲਈ ਰਾਜਨੀਤਿਕ ਲੜਾਈ ਵੀ ਲੜੀ। ਇਹ ਘਟਨਾ ਉਹਨਾਂ ਨੂੰ ਰੋਕ ਨਹੀਂ ਸਕਦੀ, ਬਲਕਿ ਉਹਨਾਂ ਨੂੰ ਹੋਰ ਜੋਸ਼ ਨਾਲ ਭਰ ਦੇਵੇਗੀ। ਉਹਨਾਂ ਨੇ ਕਿਹਾ ਕਿ ਇਹ ਲੜਾਈ ਬਰਾਬਰੀ ਅਤੇ ਨਿਆਂ ਲਈ ਹੈ, ਨਾ ਕਿ ਵਿਅਕਤੀਗਤ ਬਦਲੇ ਲਈ। ਇਸ ਤਰ੍ਹਾਂ ਦੇ ਆਗੂ ਹੀ ਸਮਾਜ ਨੂੰ ਅੱਗੇ ਵਧਾਉਂਦੇ ਹਨ ਅਤੇ ਇਹ ਘਟਨਾ ਉਹਨਾਂ ਦੇ ਸੰਘਰਸ਼ ਨੂੰ ਹੋਰ ਰੌਸ਼ਨੀ ਪਾ ਰਹੀ ਹੈ।

## ਭਾਈ ਹਵਾਰਾ ਨੂੰ ਆਪਣੀ ਬਿਮਾਰ ਮਾਤਾ ਨੂੰ ਮਿਲਣ ਦੀ ਇਜਾਜ਼ਤ ਨਾ ਦੇਣਾ ਗ਼ੈਰ-ਮਨੁੱਖੀ ਵਰਤਾਰਾ : ਚੰਦੂਮਾਜਰਾ

ਫਤਿਹਗੜ੍ਹ ਸਾਹਿਬ/ ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪਿੰਡ ਹਵਾਰਾ ਪਹੁੰਚ ਕੇ ਭਾਈ ਜਗਤਾਰ ਸਿੰਘ ਹਵਾਰਾ ਦੇ ਮਾਤਾ ਨਰਿੰਦਰ ਕੌਰ ਦਾ ਹਾਲ ਜਾਣਿਆ।



ਗੱਲਬਾਤ ਕਰਦਿਆਂ ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਕਰੀਬ 37 ਸਾਲਾਂ ਤੋਂ ਜੇਲ੍ਹ ਵਿੱਚ ਨਜ਼ਰਬੰਦ ਭਾਈ ਹਵਾਰਾ ਨੂੰ ਆਪਣੀ ਬਿਰਧ ਅਤੇ ਬਿਮਾਰ ਮਾਤਾ ਨੂੰ ਮਿਲਣ ਦੀ ਇਜਾਜ਼ਤ ਨਾ ਦੇਣਾ ਗ਼ੈਰ-ਮਨੁੱਖੀ ਵਰਤਾਰਾ ਹੈ।ਉਨ੍ਹਾਂ ਆਖਿਆ ਕਿ ਮਾਤਾ ਜੀ ਦੇ ਜ਼ਿੰਦਗੀ ਦੇ ਅੰਤਿਮ ਸਮੇਂ ਵਿੱਚ ਮਾਂ ਅਤੇ ਪੁੱਤ ਦੇ ਮਿਲਾਪ ਦੀ ਇਹ ਤੜਫ ਮਨੁੱਖੀ ਕਦਰਾਂ ਕੀਮਤਾਂ ਦੀ ਉਲੰਘਣਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਹਵਾਰਾ ਸਮੇਤ ਇਲਾਕੇ ਦੀਆਂ 100 ਤੋਂ ਵੱਧ ਪੰਚਾਇਤਾਂ ਵੱਲੋਂ ਭਾਈ ਹਵਾਰਾ ਦੇ ਮਾਤਾ ਨੂੰ ਮਿਲਣ ਲਈ ਪੈਰੋਲ ਦੇਣ ਦੇ ਪਏ ਮਤਿਆਂ ਨੂੰ ਕੇਂਦਰ ਸਰਕਾਰ ਅੱਖੋਂ ਪਰੋਖੇ ਨਾ ਕਰੇ।ਉਨ੍ਹਾਂ ਆਖਿਆ ਕਿ ਇਨ੍ਹਾਂ ਪੰਚਾਇਤਾਂ ਵੱਲੋਂ ਪਾਏ ਮਤਿਆਂ ਵਿੱਚ ਇਹ ਲਿਖਤੀ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਉਹ ਮਾਤਾ ਨੂੰ ਮਿਲਣ ਤੋਂ ਬਾਅਦ ਭਾਈ ਹਵਾਰਾ ਨੂੰ ਜੇਲ੍ਹ ਵਿਭਾਗ ਦੇ ਸਪੁਰਦ ਕਰਨਗੇ। ਇਸ ਮੌਕੇ ਪ੍ਰੋ.ਚੰਦੂਮਾਜਰਾ ਨੇ ਦੱਸਿਆ ਕਿ ਉਹ ਜਲਦ ਹੀ ਵਫ਼ਦ ਲੈ ਕੇ ਪੈਰੋਲ ਸਬੰਧੀ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ ਕਰਨਗੇ।

## ਭਾਈ ਹਵਾਰਾ ਨੂੰ ਤੁਰੰਤ ਪੈਰੋਲ ਦਿੱਤੀ ਜਾਵੇ: ਧਾਮੀ

ਚਮਕੌਰ ਸਾਹਿਬ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੇਲ੍ਹ ਵਿੱਚ ਲੰਮੇ ਅਰਸੇ ਤੋਂ ਬੰਦ ਭਾਈ ਜਗਤਾਰ ਸਿੰਘ ਹਵਾਰਾ ਦੇ ਪਿੰਡ ਹਵਾਰਾ ਪਹੁੰਚ ਕੇ ਉਨ੍ਹਾਂ ਦੀ ਬਿਮਾਰ ਮਾਤਾ ਨਰਿੰਦਰ ਕੌਰ (81) ਦਾ ਹਾਲ-ਚਾਲ ਪੁੱਛਿਆ ਅਤੇ ਉਨ੍ਹਾਂ ਦੀ ਤੰਦਰੁਸਤੀ ਅਤੇ ਸਿਹਤਮੰਦ ਹੋਣ ਲਈ ਅਰਦਾਸ ਕੀਤੀ। ਇਸ ਮੁਲਾਕਾਤ ਦੌਰਾਨ ਐਡਵੋਕੇਟ ਧਾਮੀ ਨੇ ਕੇਂਦਰ ਸਰਕਾਰ ਵੱਲੋਂ ਭਾਈ ਹਵਾਰਾ ਸਮੇਤ ਹੋਰ ਬੰਦੀ ਸਿੰਘਾਂ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ’ਤੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਭਾਈ ਹਵਾਰਾ ਕੌਮੀ ਯੋਧੇ ਹਨ ਅਤੇ ਉਨ੍ਹਾਂ ਨੂੰ ਕਾਨੂੰਨੀ ਹੱਕਾਂ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਭਾਈ ਜਗਤਾਰ ਸਿੰਘ ਹਵਾਰਾ ਨੂੰ ਪੈਰੋਲ ਦਿੱਤੀ ਜਾਣੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਭਾਈ ਹਵਾਰਾ ਨੂੰ ਤੁਰੰਤ ਪੈਰੋਲ ਦਿੱਤੀ ਜਾਵੇ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਕਦੋਂ ਬੰਦ ਹੋਣਗੀਆਂ ਵਿਦਿਆਰਥੀਆਂ ਨਾਲ ਵਧੀਕੀਆਂ ?

ਭਾਰਤ 'ਚ ਬੱਚਿਆਂ ਨੂੰ 'ਰੱਬ ਦਾ ਰੂਪ' ਕਿਹਾ ਜਾਂਦਾ ਹੈ, ਪਰ ਇਸ ਦੇ ਬਾਵਜੂਦ ਭਾਰਤ ਦੇ ਵੱਖ- ਵੱਖ ਸਕੂਲਾਂ 'ਚ ਬੱਚਿਆਂ ਨਾਲ ਵਧੀਕੀਆਂ ਦਾ ਸਿਲਸਿਲਾ ਜਾਰੀ ਹੈ। ਤਾਜ਼ਾ ਮਾਮਲਾ ਪੰਜਾਬ ਦੇ ਗੁਆਢੀਂ ਸੂਬੇ ਹਰਿਆਣਾ ਹੈ। ਇਸ ਰਾਜ ਦੇ ਪਾਣੀਪਤ ਦੇ ਇੱਕ ਸਕੂਲ ਵਿੱਚ ਇੱਕ ਸੱਤ ਸਾਲ ਦੇ ਵਿਦਿਆਰਥੀ ਨੂੰ ਖਿੜਕੀ ਨਾਲ ਬੰਨ੍ਹ ਕੇ ਉਲਟਾ ਲਟਕਾ ਦਿੱਤਾ ਗਿਆ ਅਤੇ ਉਸ ਦੀ ਭਾਰੀ ਕੁੱਟ ਮਾਰ ਦਿੱਤੀ ਗਈ। ਇਸ ਵਿਦਿਆਰਥੀ ਦਾ ਕਸੂਰ ਸਿਰਫ਼ ਏਨਾ ਸੀ ਕਿ ਇਸ ਨੇ ਸਕੂਲ ਦਾ ਕੰਮ ਨਹੀਂ ਸੀ ਕੀਤਾ। ਸਕੂਲ ਵਿੱਚ ਕੋਈ ਮਰਦ ਅਧਿਆਪਕ ਨਾ ਹੋਣ ਕਾਰਨ ਵਿਦਿਆਰਥੀ ਨੂੰ ਉਲਟਾ ਲਟਕਾਉਣ ਦਾ ਕੰਮ ਸਕੂਲ ਬੱਸ ਦੇ ਡਰਾਇਵਰ ਨੇ ਕੀਤਾ। ਇਸ ਤੋਂ ਇਲਾਵਾ ਇਸ ਸਕੂਲ ਦੀ ਪ੍ਰਿੰਸੀਪਲ ਵੱਲੋਂ ਕਈ ਸਕੂਲੀ ਵਿਦਿਆਰਥੀਆਂ ਦੇ ਥੱਪੜ ਵੀ ਮਾਰੇ ਗਏ। ਬੱਸ ਡਰਾਇਵਰ ਵੱਲੋਂ ਵਿਦਿਆਰਥੀ ਨੂੰ ਉਲਟਾ ਲਟਕਾਉਣ, ਕੁੱਟਮਾਰ ਕਰਨ ਅਤੇ ਸਕੂਲ ਦੀ ਮਹਿਲਾ ਪ੍ਰਿੰਸੀਪਲ ਵੱਲੋਂ ਸਕੂਲੀ ਵਿਦਿਆਰਥੀਆਂ ਦੇ ਥੱਪੜ ਮਾਰਨ ਦੀ ਵੀਡੀਓ ਬਣਾ ਕੇ ਆਪਣੇ ਦੋਸਤਾਂ ਨੂੰ ਭੇਜੀ ਗਈ, ਜੋ ਕਿ ਇੰਟਰਨੈਟ ਉੱਪਰ ਵਾਇਰਲ ਹੋ ਗਈ। ਇਹ ਘਟਨਾ ਭਾਵੇਂ ਅਗਸਤ ਵਿੱਚ ਵਾਪਰੀ ਸੀ ਪਰ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੰਘੇ ਦਿਨੀਂ ਇਸ ਘਟਨਾ ਦਾ ਪਤਾ ਲੱਗਿਆ। ਜਿਹੜੇ ਬੱਚੇ ਨੂੰ ਉਲਟਾ ਲਟਕਾਇਆ ਗਿਆ ਸੀ, ਉਹ ਵੀ ਏਨਾ ਡਰ ਗਿਆ ਸੀ ਕਿ ਉਸ ਵੱਲੋਂ ਇਸ ਘਟਨਾ ਦਾ ਜ਼ਿਕਰ ਆਪਣੇ ਪਰਿਵਾਰ ਕੋਲ ਵੀ ਨਹੀਂ ਕੀਤਾ ਗਿਆ। ਹੁਣ ਭਾਵੇਂ ਇਸ ਘਟਨਾ ਦੇ ਦੋਸ਼ੀ ਬੱਸ ਡਰਾਇਵਰ ਅਤੇ ਸਕੂਲ ਦੀ ਪ੍ਰਿੰਸੀਪਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਪਰ ਸਵਾਲ ਇਹ ਉੱਠਦਾ ਹੈ ਕਿ ਇਹ ਦੋ ਮਾਮਲੇ ਤਾਂ ਦੁਨੀਆ ਸਾਹਮਣੇ ਆ ਗਏ। ਇਸ ਸਕੂਲ ਵਿੱਚ ਵਿਦਿਆਰਥੀਆਂ ਨਾਲ ਕੁੱਟਮਾਰ ਦੇ ਹੋਰ ਪਤਾ ਨਹੀਂ ਕਿੰਨੇ ਕੁ ਮਾਮਲੇ ਹੋਣਗੇ ਜੋ ਦੁਨੀਆ ਸਾਹਮਣੇ ਅਜੇ ਤੱਕ ਨਹੀਂ ਆਏ।

ਇਸ ਤੋਂ ਪਹਿਲਾਂ ਵੀ ਦੇਸ਼ ਦੇ ਵੱਖ- ਵੱਖ ਰਾਜਾਂ ਦੇ ਅਨੇਕਾਂ ਸਕੂਲਾਂ ਵਿੱਚ ਵਿਦਿਆਰਥੀਆਂ ਨਾਲ ਵਧੀਕੀਆਂ ਹੋਣ ਦੀਆਂ ਖ਼ਬਰਾਂ ਆ ਚੁੱਕੀਆਂ ਹਨ। ਪੰਜਾਬ ਦੇ ਕੁਝ ਸਕੂਲਾਂ ਵਿੱਚ ਤਾਂ ਮਰਦ ਅਧਿਆਪਕਾਂ ਵੱਲੋਂ ਆਪਣੇ ਵਿਦਿਆਰਥੀਆਂ ਨਾਲ ਬਦਫੈਲੀ ਕਰਨ ਦੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਇਸ ਤੋਂ ਇਲਾਵਾ ਅਨੇਕਾਂ ਸਕੂਲਾਂ ਵਿੱਚ ਮਰਦ ਅਧਿਆਪਕਾਂ ਵੱਲੋਂ ਵਿਦਿਆਰਥਣਾਂ ਦਾ ਜਿਨਸੀ ਸੋਸ਼ਣ ਕਰਨ ਦੀਆਂ ਖ਼ਬਰਾਂ ਵੀ ਮੀਡੀਆ ਵਿੱਚ ਆ ਚੁੱਕੀਆਂ ਹਨ। ਜਿਸ ਤੋਂ ਪਤਾ ਚੱਲਦਾ ਹੈ ਕਿ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨਾਲ ਵਧੀਕੀਆਂ ਦਾ ਸਿਲਸਿਲਾ ਕਿੰਨਾ ਵੱਧ ਗਿਆ ਹੈ।

ਅਧਿਆਪਕਾਂ ਨੂੰ ਕੌਮ ਦੇ ਨਿਰਮਾਤਾ ਕਿਹਾ ਜਾਂਦਾ ਹੈ ਅਤੇ ਅਧਿਆਪਕਾਂ ਨੂੰ ਸਮਾਜ ਵਿੱਚ ਬਹੁਤ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਹੈ ਪਰ ਕੁਝ ਅਧਿਆਪਕਾਂ ਦੀਆਂ ਕਾਲੀਆਂ ਕਰਤੂਤਾਂ ਕਾਰਨ ਸਾਰੇ ਅਧਿਆਪਕ ਵਰਗ ਦੀ ਬਦਨਾਮੀ ਹੋ ਜਾਂਦੀ ਹੈ। ਹਰ ਵਰਗ ਵਿੱਚ ਹੀ ਕਾਲੀਆਂ ਭੇਡਾਂ ਹੁੰਦੀਆਂ ਹਨ ਪਰ ਅਧਿਆਪਕ ਵਰਗ ਵਿੱਚ ਮੌਜੂਦ ਦਰਿੰਦਿਆਂ ਨੂੰ ਪਹਿਚਾਨਣਾ ਅਤੇ ਉਹਨਾਂ ਨੂੰ ਸਜ਼ਾਵਾਂ ਦੇਣਾ ਜ਼ਰੂਰੀ ਬਣ ਜਾਂਦਾ ਹੈ, ਕਿਉਂਕਿ ਇਹ ਦੇਸ਼ ਦੇ ਭਵਿੱਖ ਨਾਲ ਖਿਲਵਾੜ ਕਰਦੇ ਹਨ। ਜਿਹੜੇ ਬੱਚੇ ਵਧੀਕੀਆਂ ਅਤੇ ਦਰਿੰਦਗੀ ਦਾ ਸ਼ਿਕਾਰ ਹੁੰਦੇ ਹਨ, ਉਹਨਾਂ ਵਿਚੋਂ ਕਈ ਬੱਚੇ ਵੱਡੇ ਹੋ ਕੇ ਆਪਣੇ ਨਾਲ ਹੋਈ ਘਟਨਾ ਦਾ ਬਦਲਾ ਲੈਣ ਦਾ ਯਤਨ ਕਰਦੇ ਹਨ, ਜਿਸ ਕਾਰਨ ਉਹਨਾਂ ਦੇ ਅਪਰਾਧ ਦੇ ਰਸਤੇ 'ਤੇ ਚਲੇ ਜਾਣ ਦਾ ਖਤਰਾ ਪੈਦਾ ਹੋ ਜਾਂਦਾ ਹੈ।

ਸਕੂਲਾਂ ਵਿੱਚ ਵਿਦਿਆਰਥੀਆਂ ਨਾਲ ਵਧੀਕੀਆਂ ਕਰਨ ਦੀਆਂ ਘਟਨਾਵਾਂ ਵਿੱਚ ਕਮੀ ਇਸ ਕਾਰਨ ਨਹੀਂ ਆ ਰਹੀ ਕਿਉਂਕਿ ਅਜਿਹੇ ਮਾਮਲੇ ਘੱਟ ਹੀ ਸਾਹਮਣੇ ਆਉਂਦੇ ਹਨ। ਵਿਦਿਆਰਥੀਆਂ ਨੂੰ ਉਹਨਾਂ ਦੇ ਅਧਿਆਪਕਾਂ ਵੱਲੋਂ ਅਕਸਰ ਏਨਾ ਡਰਾ ਧਮਕਾ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਨਾਲ ਹੋਈਆਂ ਵਧੀਕੀਆਂ ਦੀ ਗੱਲ ਆਪਣੇ ਮਾਪਿਆਂ ਨੂੰ ਵੀ ਨਹੀਂ ਦੱਸਦੇ। ਅਜਿਹੇ ਵਿਦਿਆਰਥੀ ਅਕਸਰ ਗੁੰਮ ਸੁੰਮ ਰਹਿਣ ਲੱਗਦੇ ਹਨ। ਮਾਪੇ ਉਹਨਾਂ ਨੂੰ ਡਾਕਟਰਾਂ ਕੋਲੋਂ ਦਵਾਈਆਂ ਦਿਵਾਉਂਦੇ ਰਹਿੰਦੇ ਹਨ ਪਰ ਬਿਮਾਰੀ ਕਿਸੇ ਨੂੰ ਸਮਝ ਨਹੀਂ ਆਉਂਦੀ। ਕਈ ਵਾਰ ਅਜਿਹੇ ਮਾਮਲੇ ਸਾਹਮਣੇ ਵੀ ਆ ਜਾਣ ਤਾਂ ਵੀ ਦੋਸ਼ੀ ਅਧਿਆਪਕਾਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਹੁੰਦੀ। ਕਈ ਵਾਰ ਤਾਂ ਦੋਸ਼ੀ ਅਧਿਆਪਕ ਦੀ ਬਦਲੀ ਕਰਕੇ ਮਾਮਲਾ ਰਫ਼ਾ ਦਫ਼ਾ ਕਰਨ ਦਾ ਯਤਨ ਕੀਤਾ ਜਾਂਦਾ ਹੈ। ਉਂਝ ਵੀ ਵੱਡੀ ਗਿਣਤੀ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਅਤੇ ਬਦਨਾਮੀ ਕਾਰਨ ਚੁੱਪ ਕਰ ਜਾਂਦੇ ਹਨ। ਪੁਲਿਸ ਅਤੇ ਪ੍ਰਸ਼ਾਸਨ ਦੋਸ਼ੀ ਅਧਿਆਪਕਾਂ ਵਿਰੁੱਧ ਕਾਰਵਾਈ ਉਦੋਂ ਹੀ ਕਰਦੇ ਹਨ ਜਦੋਂ ਅਜਿਹੀਆਂ ਘਟਨਾਵਾਂ ਵਿਰੁੱਧ ਆਮ ਜਨਤਾ ਵਿੱਚ ਵੱਡੇ ਪੱਧਰ 'ਤੇ ਰੋਸ ਅਤੇ ਗੁੱਸਾ ਫ਼ੈਲਦਾ ਹੈ। ਫਿਰ ਜਨਤਾ ਦੇ ਰੋਸ ਤੋਂ ਬਚਣ ਲਈ ਦੋਸ਼ੀ ਅਧਿਆਪਕਾਂ ਦੀਆਂ ਗ੍ਰਿਫ਼ਤਾਰੀਆਂ ਵੀ ਕੀਤੀਆਂ ਜਾਂਦੀਆਂ ਹਨ ਅਤੇ ਜਾਂਚ ਸ਼ੁਰੂ ਕੀਤੀ ਜਾਂਦੀ ਹੈ। ਕਈ ਵਾਰ ਜਾਂਚ ਨੂੰ ਜਾਣ ਬੁੱਝ ਕੇ ਏਨਾ ਜ਼ਿਆਦਾ ਲਮਕਾ ਦਿੱਤਾ ਜਾਂਦਾ ਹੈ ਕਿ ਸ਼ਿਕਾਇਤ ਕਰਤਾ ਹੀ ਅੱਕ ਜਾਂਦੇ ਹਨ ਅਤੇ ਫਿਰ ਸਮਝੌਤਾ ਕਰ ਲੈਂਦੇ ਹਨ। ਬਚਪਣ ਵਿੱਚ ਬੱਚਿਆਂ ਨੂੰ ਪਿਆਰ ਅਤੇ ਮਾਣ ਸਨਮਾਨ ਦੀ ਲੋੜ ਹੁੰਦੀ ਹੈ ਪਰ ਬਚਪਣ ਵਿੱਚ ਮਿਲੇ ਅਪਮਾਨ ਅਤੇ ਹਿੰਸਾ ਦੇ ਜ਼ਖ਼ਮ ਸਿੱਖਣ ਦੀ ਯੋਗਤਾ, ਵਿਸ਼ਵਾਸ ਤੇ ਭਰੋਸੇ ਨੂੰ ਕਮਜ਼ੋਰ ਕਰਦੇ ਹਨ। ਹਰ ਮਾਪੇ ਆਪਣੇ ਬੱਚਿਆਂ ਨੂੰ ਅਧਿਆਪਕਾਂ ਦੇ ਭਰੋਸੇ 'ਤੇ ਹੀ ਸਕੂਲਾਂ ਵਿੱਚ ਭੇਜਦੇ ਹਨ। ਜੇ ਸਕੂਲਾਂ ਵਿੱਚ ਹੀ ਬੱਚੇ ਸੁਰੱਖਿਅਤ ਨਹੀਂ ਤਾਂ ਉਹ ਕਿੱਥੇ ਸੁਰੱਖਿਅਤ ਹੋਣਗੇ ? ਬੱਚਿਆਂ ਨਾਲ ਸਕੂਲਾਂ ਵਿੱਚ ਹੁੰਦੀਆਂ ਵਧੀਕੀਆਂ ਰੋਕਣ ਲਈ ਜਰੂਰੀ ਹੈ ਕਿ ਬੱਚਿਆਂ ਨਾਲ ਵਧੀਕੀਆਂ ਕਰਨ ਵਾਲੇ ਅਧਿਆਪਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਹਨਾਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ। ਵਿਦਿਆਰਥੀਆਂ ਨਾਲ ਵਧੀਕੀਆਂ ਕਰਨ ਵਾਲੇ ਅਧਿਆਪਕਾਂ ਨੂੰ ਕਿਸੇ ਵੀ ਸੂਰਤ ਵਿੱਚ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ ਅਤੇ ਉਹਨਾਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਤਾਂ ਕਿ ਅੱਗੇ ਤੋਂ ਵਿਦਿਆਰਥੀਆਂ ਨਾਲ ਵਧੀਕੀਆਂ ਦੀਆਂ ਘਟਨਾਵਾਂ ਨਾ ਵਾਪਰ ਸਕਣ।

# ਦੱਖਣੀ ਏਸ਼ੀਆ ਦੀ ਅਸਥਿਰਤਾ ਤੋਂ ਮੋਦੀ ਸਰਕਾਰ ਸਬਕ ਸਿਖੇ



ਸਤਨਾਮ ਮਾਣਕ
ਸੀਨੀਅਰ ਪੱਤਰਕਾਰ




ਭਾਰਤ ਦੇ ਆਲੇ-ਦੁਆਲੇ ਇਸ ਸਮੇਂ ਵੱਡੀ ਉੱਥਲ-ਪੁਥਲ ਮਚੀ ਹੋਈ ਹੈ। ਭਾਰਤ ਦੇ ਗੁਆਂਢੀ ਦੇਸ਼ ਇਥੋਂ ਤੱਕ ਕਿ ਦੂਰ ਦੇ ਗੁਆਂਢੀ ਵੀ ਰਾਜਨੀਤਕ ਅਸਥਿਰਤਾ ਦਾ ਸਾਹਮਣਾ ਕਰ ਰਹੇ ਹਨ। ਤਾਜ਼ਾ ਉਦਾਹਰਨ ਨੇਪਾਲ ਦੀ ਹੈ। ਜਿਥੇ 7, 8 ਅਤੇ 9 ਸਤੰਬਰ ਨੂੰ ਤੇਜ਼ੀ ਨਾਲ ਵਾਪਰੀਆਂ ਘਟਨਾਵਾਂ ਨੇ ਉੱਥੇ ਦੀ ਸੱਤਾ ਦਾ ਚਿਹਰਾ-ਮੋਹਰਾ ਬਦਲ ਕੇ ਰੱਖ ਦਿੱਤਾ ਹੈ। ਨੇਪਾਲ ਦੇ ਪ੍ਰਧਾਨ ਮੰਤਰੀ ਕੇ. ਪੀ. ਸ਼ਰਮਾ ਓਲੀ ਨੇ ਨੌਜਵਾਨਾਂ ਦੇ ਸੰਗਠਨ ਜੈੱਨ ਜ਼ੈੱਡ ਦੀਆਂ ਸਰਕਾਰ ਵਿਰੁੱਧ ਵਧ ਰਹੀਆਂ ਸਰਗਰਮੀਆਂ ਨੂੰ ਮੁੱਖ ਰੱਖਦਿਆਂ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ 'ਤੇ ਪਾਬੰਦੀਆਂ ਦਾ ਜਿਉਂ ਹੀ ਐਲਾਨ ਕੀਤਾ, ਹਜ਼ਾਰਾਂ ਨੌਜਵਾਨ ਸੜਕਾਂ 'ਤੇ ਆ ਗਏ। ਸਰਕਾਰ ਨੇ ਵਿਖਾਵਾਕਾਰੀ ਨੌਜਵਾਨਾਂ ਨੂੰ ਦਬਾਉਣ ਲਈ ਗੋਲੀ ਚਲਵਾ ਦਿੱਤੀ, ਜਿਸ ਵਿੱਚ ਪਹਿਲੇ ਦਿਨ 19 ਨੌਜਵਾਨ ਮਾਰੇ ਗਏ। ਫਿਰ ਇਹ ਅੰਦੋਲਨ ਵੀ ਹਿੰਸਕ ਹੋ ਗਿਆ ਅਤੇ ਤਿੰਨ ਦਿਨ ਤੱਕ ਸਥਿਤੀ ਕੰਟਰੋਲ ਤੋਂ ਬਾਹਰ ਹੀ ਰਹੀ। ਅੰਦੋਲਨਕਾਰੀਆਂ ਨੇ ਪਾਰਲੀਮੈਂਟ, ਸੁਪਰੀਮ ਕੋਰਟ ਅਤੇ ਕਈ ਹੋਰ ਮਹੱਤਵਪੂਰਨ ਇਮਾਰਤਾਂ ਨੂੰ ਅੱਗ ਲਗਾ ਦਿੱਤੀ। ਸਾਬਕਾ ਪ੍ਰਧਾਨ ਮੰਤਰੀਆਂ ਦੇ ਪਰਿਵਾਰਾਂ ਅਤੇ ਮੌਜੂਦਾ ਮੰਤਰੀਆਂ 'ਤੇ ਵੀ ਹਮਲੇ ਕੀਤੇ ਗਏ। ਪ੍ਰਧਾਨ ਮੰਤਰੀ ਕੇ. ਪੀ. ਸ਼ਰਮਾ ਨੂੰ ਅਸਤੀਫ਼ਾ ਦੇ ਕੇ ਸੁਰੱਖਿਅਤ ਥਾਂ 'ਤੇ ਪਨਾਹ ਲੈਣੀ ਪਈ। ਸਿੱਟਾ ਇਹ ਨਿਕਲਿਆ ਕਿ ਦੇਸ਼ ਨੂੰ ਸੰਭਾਲਣ ਲਈ ਫ਼ੌਜ ਅੱਗੇ ਆਈ ਅਤੇ ਉਸ ਨੇ ਅੰਦੋਲਨਕਾਰੀਆਂ ਨਾਲ ਗੱਲਬਾਤ ਕਰਕੇ ਸੁਪਰੀਮ ਕੋਰਟ ਦੀ ਸਾਬਕਾ ਮੁੱਖ ਜੱਜ ਸੁਸ਼ੀਲਾ ਕਾਰਕੀ ਨੂੰ ਅੰਤਰਿਮ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ ਹੈ ਅਤੇ ਉਨ੍ਹਾਂ ਨੂੰ 6 ਮਹੀਨਿਆਂ ਦੇ ਵਿੱਚ ਚੋਣਾਂ ਕਰਵਾਉਣ ਲਈ ਆਖਿਆ ਗਿਆ ਹੈ। ਇਸੇ ਹੀ ਤਰ੍ਹਾਂ ਦਾ ਘਟਨਾਕ੍ਰਮ 2022 ਵਿੱਚ ਸ੍ਰੀਲੰਕਾ ਵਿੱਚ ਵੀ ਵਾਪਰਿਆ ਸੀ। ਉਸ ਸਮੇਂ ਉੱਥੇ ਦੇਸ਼ ਦੇ ਰਾਸ਼ਟਰਪਤੀ ਗੋਟਾਬਾਇਆ ਰਾਜਪਕਸ਼ੇ ਸਨ ਅਤੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਾਕਸ਼ੇ ਸਨ। ਪਰ ਉਥੋਂ ਦੀਆਂ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਦੇਸ਼ 'ਤੇ ਵੱਡੀ ਪੱਧਰ 'ਤੇ ਕਰਜ਼ਾ ਚੜ੍ਹ ਗਿਆ ਸੀ। ਆਰਥਿਕ ਸੰਕਟ ਏਨਾ ਗੰਭੀਰ ਹੋ ਗਿਆ ਕਿ ਲੋਕਾਂ ਦੀ ਜ਼ਰੂਰੀ ਵਰਤੋਂ ਦੀਆਂ ਚੀਜ਼ਾਂ, ਦਵਾਈਆਂ, ਪੈਟਰੋਲੀਅਮ ਪਦਾਰਥ ਅਤੇ ਖ਼ੁਰਾਕੀ ਵਸਤਾਂ ਵੀ ਵਿਦੇਸ਼ਾਂ ਤੋਂ ਮੰਗਵਾਉਣ ਲਈ ਸਰਕਾਰ ਕੋਲ ਪੈਸੇ ਨਹੀਂ ਸਨ ਬਚੇ। ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਦਾ ਬੋਲਬਾਲਾ ਹੋ ਚੁੱਕਾ ਸੀ। ਅਜਿਹੀ ਸਥਿਤੀ ਵਿੱਚ ਲੋਕ ਸੜਕਾਂ 'ਤੇ ਆ ਗਏ ਅਤੇ ਉਹ ਰਾਸ਼ਟਰਪਤੀ ਭਵਨ ਅਤੇ ਹੋਰ ਮਹੱਤਵਪੂਰਨ ਅਦਾਰਿਆਂ ਵਿੱਚ ਦਾਖ਼ਲ ਹੋ ਗਏ ਅਤੇ ਦੇਸ਼ ਵਿੱਚ ਹਿੰਸਾ ਫੈਲ ਗਈ। ਰਾਸ਼ਟਰਪਤੀ ਗੋਟਾਬਾਇਆ ਰਾਜਪਕਸ਼ੇ ਨੂੰ ਦੇਸ਼ ਛੱਡ ਕੇ ਭੱਜਣਾ ਪਿਆ। ਸ੍ਰੀਲੰਕਾ ਵਿੱਚ ਨਵੀਂ ਸਰਕਾਰ ਦੇ ਹੋਂਦ ਵਿੱਚ ਆਉਣ ਅਤੇ ਦੇਸ਼ ਨੂੰ ਆਰਥਿਕ ਤੌਰ 'ਤੇ ਮੁੜ ਪੈਰਾਂ ਸਿਰ ਆਉਣ ਲਈ ਲੰਮਾ ਸਮਾਂ ਲੱਗ ਗਿਆ। 2024 ਵਿੱਚ ਭਾਰਤ ਦੇ ਇੱਕ ਹੋਰ ਗੁਆਂਢੀ ਬੰਗਲਾਦੇਸ਼ ਨੂੰ ਵੀ ਵੱਡੀ ਰਾਜਨੀਤਕ ਉੱਥਲ-ਪੁਥਲ ਦਾ ਸਾਹਮਣਾ ਕਰਨਾ ਪਿਆ। ਉਸ ਸਮੇਂ ਦੇਸ਼ ਵਿੱਚ ਸ਼ੇਖ ਹਸੀਨਾ ਦੀ ਅਗਵਾਈ ਵਿੱਚ ਅਵਾਮੀ ਲੀਗ ਦੀ ਸਰਕਾਰ ਦੇਸ਼ ਦੀ ਵਾਗਡੋਰ ਸੰਭਾਲ ਰਹੀ ਸੀ। ਸਰਕਾਰ ਨੇ ਸੁਪਰੀਮ ਕੋਰਟ ਦੇ ਇੱਕ ਫ਼ੈਸਲੇ ਤੋਂ ਬਾਅਦ 1971 ਵਿੱਚ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਲਈ ਨੌਕਰੀਆਂ ਵਿੱਚ 30 ਫ਼ੀਸਦੀ ਰਾਖਵੇਂਕਰਨ ਦਾ ਫ਼ੈਸਲਾ ਲਾਗੂ ਕਰ ਦਿੱਤਾ ਸੀ। ਇਸ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ ਭੜਕ ਪਏ ਅਤੇ ਉਨ੍ਹਾਂ ਨੇ ਸੜਕਾਂ 'ਤੇ ਅੰਦੋਲਨ ਸ਼ੁਰੂ ਕਰ ਦਿੱਤਾ। ਨੌਜਵਾਨਾਂ ਦਾ ਦੋਸ਼ ਸੀ ਕਿ ਸਰਕਾਰ ਆਪਣੀ ਪਾਰਟੀ ਨਾਲ ਸੰਬੰਧਿਤ ਲੋਕਾਂ ਨੂੰ ਆਜ਼ਾਦੀ ਘੁਲਾਟੀਆਂ ਦੇ ਬਹਾਨੇ ਰਾਖਵਾਂਕਰਨ ਦੇ ਰਹੀ ਹੈ, ਜਦੋਂ ਕਿ ਵੱਡੀ ਗਿਣਤੀ ਵਿੱਚ ਦੇਸ਼ ਦੇ ਹੋਰ ਨੌਜਵਾਨ ਬੇਰੁਜ਼ਗਾਰ ਹਨ। ਇਸ ਦੇ ਸਿੱਟੇ ਵਜੋਂ ਸ਼ੇਖ ਹਸੀਨਾ ਨੂੰ ਆਪਣੇ ਦੇਸ਼ ਵਿਚੋਂ ਭੱਜ ਕੇ ਭਾਰਤ ਵਿੱਚ ਪਨਾਹ ਲੈਣੀ ਪਈ ਅਤੇ ਇਸ ਸਮੇਂ ਉੱਥੇ ਅੰਤਰਿਮ ਸਰਕਾਰ ਕੰਮ ਕਰ ਰਹੀ ਹੈ, ਜਿਸ ਦੇ ਸਲਾਹਕਾਰ ਨੋਬਲ ਪੁਰਸਕਾਰ ਪ੍ਰਾਪਤ ਮੁਹੰਮਦ ਜੂਨਸ ਹਨ। ਇਸ ਸਰਕਾਰ ਨੂੰ ਵੀ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਉਹ ਚੋਣਾਂ ਕਰਵਾਉਣ ਲਈ ਤਿਆਰੀਆਂ ਕਰ ਰਹੀ ਹੈ।

ਭਾਰਤ ਦਾ ਗੁਆਂਢੀ ਦੇਸ਼ ਮਿਆਂਮਾਰ ਵੀ ਖਾਨਾਜੰਗੀ ਦਾ ਸਾਹਮਣਾ ਕਰ ਰਿਹਾ ਹੈ। ਉਥੇ 2021 ਵਿੱਚ ਫ਼ੌਜ ਨੇ ਰਾਜ ਪਲਟਾ ਕਰਕੇ ਚੁਣੀ ਹੋਈ ਸਰਕਾਰ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਸੀ ਅਤੇ ਲੋਕਾਂ ਵਿੱਚ ਮਕਬੂਲ ਆਗੂ 'ਆਂਗ ਸਾਂਗ ਸੂ ਕੀ' ਨੂੰ ਨਜ਼ਰਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ 'ਤੇ ਕਈ ਤਰ੍ਹਾਂ ਦੇ ਕੇਸ ਚਲਾ ਕੇ 27 ਸਾਲ ਤੱਕ ਦੀ ਕੈਦ ਸੁਣਾ ਦਿੱਤੀ ਗਈ। ਇਸ ਤੋਂ ਬਾਅਦ ਫ਼ੌਜੀ ਸਰਕਾਰ ਨੂੰ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਵਿਰੋਧ ਦੇ ਸਿੱਟੇ ਵਜੋਂ ਉਥੋਂ ਦੇ ਵੱਖ-ਵੱਖ ਲੋਕ ਸਮੂਹਾਂ ਨੇ ਇਕੱਠੇ ਹੋ ਕੇ ਫ਼ੌਜੀ ਸਰਕਾਰ ਵਿਰੁੱਧ ਹਥਿਆਰਬੰਦ ਸੰਘਰਸ਼ ਆਰੰਭ ਦਿੱਤਾ, ਜਿਸ ਕਾਰਨ ਫ਼ੌਜੀ ਸਰਕਾਰ ਦੇ ਹੱਥੋਂ ਦੇਸ਼ ਦਾ ਬਹੁਗਿਣਤੀ ਇਲਾਕਾ ਨਿਕਲ ਚੁੱਕਾ ਹੈ। ਇੱਕ ਅੰਦਾਜ਼ੇ ਮੁਤਾਬਿਕ ਹੁਣ ਫ਼ੌਜੀ ਸਰਕਾਰ ਦਾ ਦੇਸ਼ ਦੇ 21 ਫ਼ੀਸਦੀ ਇਲਾਕੇ 'ਤੇ ਹੀ ਕੰਟਰੋਲ ਰਹਿ ਗਿਆ ਹੈ। ਦੇਸ਼ ਵਿੱਚ ਖਾਨਾਜੰਗੀ ਨਿਰੰਤਰ ਜਾਰੀ ਹੈ। ਸੰਯੁਕਤ ਰਾਸ਼ਟਰ ਸੰਘ, ਚੀਨ, ਆਸੀਅਨ ਦੇਸ਼ਾਂ ਦਾ ਸੰਗਠਨ ਅਤੇ ਇਥੋਂ ਤੱਕ ਕਿ ਭਾਰਤ ਵੀ ਇਸ ਸੰਕਟ ਨੂੰ ਹੱਲ ਕਰਵਾਉਣ ਵਿੱਚ ਸਫ਼ਲ ਨਹੀਂ ਹੋ ਸਕਿਆ।

ਜੇਕਰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੀ ਗੱਲ ਕਰੀਏ ਤਾਂ ਉਨ੍ਹਾਂ ਦੇਸ਼ਾਂ ਵਿੱਚ ਵੀ ਸਿਆਸੀ ਅਤੇ ਧਾਰਮਿਕ ਟਕਰਾਅ ਬੇਹੱਦ ਤਿੱਖੇ ਹਨ। ਪਾਕਿਸਤਾਨ ਵਿੱਚ ਫ਼ੌਜ ਦੀ ਮਦਦ ਨਾਲ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਵਿੱਚ ਗੱਠਜੋੜ ਸਰਕਾਰ ਚੱਲ ਰਹੀ ਹੈ। ਪਰ ਉਸ ਨੂੰ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਤੋਂ ਸਿਆਸੀ ਤੌਰ 'ਤੇ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਵਿੱਚ ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਰਕਾਰ ਤਾਨਾਸ਼ਾਹੀ ਤਰੀਕਿਆਂ ਨਾਲ ਲੋਕਾਂ ਨੂੰ ਦਬਾ ਰਹੀ ਹੈ। ਦੂਜੇ ਪਾਸੇ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਭਾਵੇਂ ਮੁੜ ਤੋਂ ਸੱਤਾ 'ਤੇ ਕਾਬਜ਼ ਹੋ ਚੁੱਕਾ ਹੈ ਪਰ ਉਸ ਨੇ ਉੱਥੇ ਪੂਰੀ ਤਰ੍ਹਾਂ ਔਰਤਾਂ ਦੀ ਸਿੱਖਿਆ 'ਤੇ ਰੋਕ ਲਗਾ ਦਿੱਤੀ ਹੈ। ਉਸ ਦੇਸ਼ ਵਿੱਚ ਵੀ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਤੇ ਬਦਅਮਨੀ ਪਾਈ ਜਾ ਰਹੀ ਹੈ।


ਭਾਰਤ ਦੇ ਆਲੇ-ਦੁਆਲੇ ਦਾ ਇਹ ਸਮੁੱਚਾ ਰਾਜਨੀਤਕ ਦ੍ਰਿਸ਼ ਚਿੰਤਾ ਪੈਦਾ ਕਰਨ ਵਾਲਾ ਹੈ। ਬਿਨਾਂ ਸ਼ੱਕ ਉਪਰੋਕਤ ਵੱਖ-ਵੱਖ ਦੇਸ਼ਾਂ ਵਿਚ ਰਾਜਨੀਤਕ ਤੇ ਆਰਥਿਕ ਅਸਥਿਰਤਾ ਦੇ ਆਪੋ-ਆਪਣੇ ਵੱਖ-ਵੱਖ ਕਾਰਨ ਹੋ ਸਕਦੇ ਹਨ। ਪਰ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਸਾਰੇ ਦੇਸ਼ਾਂ ਵਿਚ ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਵੱਡੀ ਪੱਧਰ 'ਤੇ ਪਾਈ ਜਾ ਰਹੀ ਹੈ ਅਤੇ ਸਰਕਾਰਾਂ ਲੋਕਾਂ ਨੂੰ ਦਬਾਉਣ ਲਈ ਬੇਰਹਿਮੀ ਨਾਲ ਸੱਤਾ ਦੀ ਦੁਰਵਰਤੋਂ ਕਰਦੀਆਂ ਨਜ਼ਰ ਆ ਰਹੀਆਂ ਹਨ। ਲੋਕਾਂ ਨੂੰ ਦਬਾਉਣ ਲਈ ਨਾ ਕੇਵਲ ਸੁਰੱਖਿਆ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਸਗੋਂ ਮੀਡੀਆ ਨੂੰ ਵੀ ਡਰਾ-ਧਮਕਾ ਕੇ ਆਪਣੇ ਨਾਲ ਤੋਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਮੀਡੀਆ ਦੇ ਜਿਹੜੇ ਹਿੱਸੇ ਇਸ ਖੇਡ ਵਿਚ ਸਰਕਾਰ ਦਾ ਸਾਥ ਦਿੰਦੇ ਨਜ਼ਰ ਨਹੀਂ ਆਉਂਦੇ, ਉਨ੍ਹਾਂ ਨੂੰ ਆਪਣੇ ਸਿਆਸੀ ਵਿਰੋਧੀਆਂ ਦੀ ਤਰ੍ਹਾਂ ਹੀ ਹਿੰਸਕ ਢੰਗ-ਤਰੀਕਿਆਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬਿਨਾਂ ਸ਼ੱਕ ਸੋਸ਼ਲ ਮੀਡੀਆ ਪਲੇਟਫਾਰਮਾਂ ਫੇਸਬੁੱਕ, ਯੂ-ਟਿਊਬ, ਇਨਸਟਾਗ੍ਰਾਮ ਆਦਿ ਨੇ ਨੌਜਵਾਨ ਪੀੜ੍ਹੀ ਦੇ ਹੱਥ ਇੱਕ ਵੱਡਾ ਹਥਿਆਰ ਥਮਾ ਦਿੱਤਾ ਹੈ, ਜਿਸ ਦੀ ਵਰਤੋਂ ਉਹ ਵੱਖ-ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕਰਨ ਲਈ ਅਤੇ ਦਮਨਕਾਰੀ ਸੱਤਾਧਾਰੀਆਂ ਨੂੰ ਬੇਨਕਾਬ ਕਰਨ ਲਈ ਕਰਦੇ ਹਨ। ਇਸੇ ਲਈ ਜਦੋਂ ਵੀ ਕਿਸੇ ਦੇਸ਼ ਵਿੱਚ ਲੋਕਾਂ ਦੇ ਅੰਦੋਲਨ ਤਿੱਖੇ ਹੁੰਦੇ ਹਨ ਤਾਂ ਸਭ ਤੋਂ ਪਹਿਲਾਂ ਇੰਟਰਨੈੱਟ 'ਤੇ ਪਾਬੰਦੀ ਲਗਾਈ ਜਾਂਦੀ ਹੈ, ਤਾਂ ਜੋ ਲੋਕਾਂ ਨੂੰ ਸੋਸ਼ਲ ਪਲੇਟਫਾਰਮਾਂ ਤੋਂ ਮਹਿਰੂਮ ਕੀਤਾ ਜਾ ਸਕੇ। ਅਜਿਹੀਆਂ ਸਥਿਤੀਆਂ ਵਿੱਚ ਸਰਕਾਰਾਂ ਦਾ ਨਜ਼ਰੀਆ ਇਹ ਹੁੰਦਾ ਹੈ ਕਿ ਉਹ ਦੇਸ਼ ਵਿੱਚ ਅਰਾਜਕਤਾ ਫੈਲਣ ਤੋਂ ਰੋਕਣ ਲਈ ਲੋਕ ਹਿਤ ਵਿੱਚ ਅਜਿਹਾ ਕਰਦੀਆਂ ਹਨ। ਅਸਲ ਵਿੱਚ ਉਨ੍ਹਾਂ ਦਾ ਯਤਨ ਅਜਿਹਾ ਕਰਕੇ ਮੀਡੀਆ ਅਤੇ ਸੰਚਾਰ ਨੂੰ ਕੰਟਰੋਲ ਕਰਨ ਦਾ ਹੁੰਦਾ ਹੈ, ਤਾਂ ਕਿ ਅੰਦੋਲਨਕਾਰੀ ਧਿਰਾਂ ਦਾ ਆਪਸ ਵਿੱਚ ਤਾਲਮੇਲ ਨਾ ਰਹੇ।

ਸਵਾਲ ਪੈਦਾ ਹੁੰਦਾ ਹੈ ਕਿ ਜਮਹੂਰੀ ਢੰਗ ਨਾਲ ਚੁਣੀਆਂ ਹੋਈਆਂ ਸਰਕਾਰਾਂ ਸਮੇਂ ਸਿਰ ਹੇਠਲੀ ਪੱਧਰ 'ਤੇ ਲੋਕਾਂ ਅਤੇ ਖ਼ਾਸ ਕਰਕੇ ਨੌਜਵਾਨਾਂ ਵਿੱਚ ਫੈਲ ਰਹੀ ਬੇਚੈਨੀ ਨੂੰ ਸਮਝਣ ਵਿੱਚ ਅਸਫ਼ਲ ਕਿਉਂ ਰਹਿੰਦੀਆਂ ਹਨ ? ਇਸ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ 1991 ਤੋਂ ਬਾਅਦ ਲਗਾਤਾਰ ਵਿਸ਼ਵ ਪੱਧਰ 'ਤੇ ਵਿਕਸਿਤ ਦੇਸ਼ਾਂ ਵੱਲੋਂ ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਗਠਨ, ਕੌਮਾਂਤਰੀ ਮੁਦਰਾ ਫੰਡ ਆਦਿ ਅੰਤਰਰਾਸ਼ਟਰੀ ਵਪਾਰਕ ਅਤੇ ਵਿੱਤੀ ਸੰਸਥਾਵਾਂ ਰਾਹੀਂ ਦਬਾਅ ਪਾ ਕੇ ਦੁਨੀਆ ਭਰ ਦੇ ਵਿਕਾਸਸ਼ੀਲ ਦੇਸ਼ਾਂ ਵਿੱਚ ਜੋ ਵਿਸ਼ਵੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰਵਾਈਆਂ ਗਈਆਂ ਹਨ, ਉਨ੍ਹਾਂ ਨਾਲ ਵਿਕਾਸਸ਼ੀਲ ਦੇਸ਼ਾਂ ਵਿੱਚ ਛੋਟੇ ਵਪਾਰੀਆਂ, ਛੋਟੇ ਸਨਅਤਕਾਰਾਂ ਅਤੇ ਕਿਸਾਨਾਂ 'ਤੇ ਬੇਹੱਦ ਬੁਰਾ ਅਸਰ ਪਿਆ ਹੈ। ਵਿਕਸਿਤ ਦੇਸ਼ਾਂ ਦੀਆਂ ਵੱਡੀਆਂ ਵਪਾਰਕ ਕੰਪਨੀਆਂ ਲਈ ਵਿਕਾਸਸ਼ੀਲ ਦੇਸ਼ਾਂ ਦੇ ਬਾਜ਼ਾਰ ਵੱਡੀ ਹੱਦ ਤੱਕ ਖੋਲ੍ਹ ਦਿੱਤੇ ਗਏ ਹਨ। ਥੋਕ ਤੋਂ ਲੈ ਕੇ ਪ੍ਰਚੂਨ ਵਪਾਰ ਤਕ ਵੱਡੀਆਂ ਕੰਪਨੀਆਂ ਦੇ ਹੱਥਾਂ ਵਿੱਚ ਚਲਾ ਗਿਆ ਹੈ। ਨਿੱਜੀਕਰਨ ਦੀ ਇਸ ਹਨੇਰੀ ਨੇ ਸਰਕਾਰੀ ਨੌਕਰੀਆਂ ਵੀ ਬੇਹੱਦ ਘਟਾ ਦਿੱਤੀਆਂ ਹਨ। ਇਸ ਕਾਰਨ ਵਿਕਾਸਸ਼ੀਲ ਦੇਸ਼ਾਂ ਵਿਚ ਨੌਜਵਾਨਾਂ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਫੈਲ ਗਈ ਹੈ ਅਤੇ ਦੂਜੇ ਪਾਸੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਕੰਪਨੀਆਂ ਤੋਂ ਧਨ ਹਾਸਿਲ ਕਰਕੇ ਸੱਤਾਧਾਰੀ ਵਰਗ ਐਸ਼-ਓ-ਅਰਾਮ ਦੀ ਜ਼ਿੰਦਗੀ ਬਸਰ ਕਰ ਰਹੇ ਹਨ। ਇਸੇ ਕਾਰਨ ਭਾਰਤ ਦੇ ਆਂਢ-ਗੁਆਂਢ ਇਥੋਂ ਤੱਕ ਕਿ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿੱਚ ਵੀ ਕਾਰਪੋਰੇਟ ਪੱਖੀ ਵਿਕਾਸ ਮਾਡਲ ਵਿਰੁੱਧ ਲੋਕਾਂ ਵਿੱਚ ਰੋਹ ਅਤੇ ਰੋਸ ਵਧਦਾ ਜਾ ਰਿਹਾ ਹੈ। ਸ੍ਰੀਲੰਕਾ, ਬੰਗਲਾਦੇਸ਼ ਤੇ ਨੇਪਾਲ ਦੇ ਘਟਨਾਕ੍ਰਮ ਨੂੰ ਹੋਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਰਨਾਂ ਦੇ ਨਾਲ-ਨਾਲ ਕਾਰਪੋਰੇਟ ਵਿਕਾਸ ਮਾਡਲ ਦੇ ਸਿੱਟੇ ਵਜੋਂ ਉਤਪੰਨ ਹੋ ਰਹੀਆਂ ਸਥਿਤੀਆਂ ਦੇ ਸੰਦਰਭ ਵਿੱਚ ਵੀ ਸਮਝਿਆ ਜਾਣਾ ਚਾਹੀਦਾ ਹੈ। ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਕਾਰਪੋਰੇਟ ਪੱਖੀ ਨੀਤੀਆਂ ਨਾਲ ਜੇਕਰ ਵੱਡੀ ਗਿਣਤੀ ਵਿੱਚ ਨੌਜਵਾਨ ਤੇ ਹੋਰ ਵਰਗਾਂ ਦੇ ਮਿਹਨਤਕਸ਼ ਬੇਰੁਜ਼ਗਾਰ ਹੁੰਦੇ ਹਨ ਜਾਂ ਉਨ੍ਹਾਂ ਦੇ ਬਿਹਤਰ ਜੀਵਨ ਜਿਊਣ ਦੇ ਸੁਪਨੇ ਪੂਰੇ ਨਹੀਂ ਹੁੰਦੇ ਤਾਂ ਉਨ੍ਹਾਂ ਦੀ ਸੱਤਾ ਵੀ ਬਰਕਰਾਰ ਨਹੀਂ ਰਹਿ ਸਕਦੀ। ਪੁਲਿਸ, ਫ਼ੌਜ ਅਤੇ ਸਿਵਲ ਅਫ਼ਸਰਸ਼ਾਹੀ ਦੀ ਵਰਤੋਂ ਅਤੇ ਦੁਰਵਰਤੋਂ ਕਰਕੇ ਵੀ ਉਹ ਆਪਣੀ ਸੱਤਾ ਨਹੀਂ ਬਚਾ ਸਕਦੀਆਂ। ਇਥੋਂ ਤੱਕ ਕਿ ਮੀਡੀਆ ਨੂੰ ਕੰਟਰੋਲ ਕਰਕੇ ਜਾਂ ਦਬਾ ਕੇ ਵੀ ਉਹ ਆਪਣੀ ਸੱਤਾ ਕਾਇਮ ਨਹੀਂ ਰੱਖ ਸਕਦੀਆਂ।

ਇਸ ਪ੍ਰਸੰਗ ਵਿੱਚ ਹੀ ਭਾਰਤ ਵਰਗੇ ਵਿਸ਼ਾਲ ਦੇਸ਼ ਦੇ ਸੱਤਾਧਾਰੀ ਵਰਗਾਂ ਨੂੰ ਚੌਕਸ ਹੋਣ ਦੀ ਲੋੜ ਹੈ। ਉਨ੍ਹਾਂ ਨੂੰ ਆਪਣੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਅਤੇ ਹੋਰ ਲੋਕ ਵਿਰੋਧੀ ਦਮਨਕਾਰੀ ਰਾਜਨੀਤਕ ਨੀਤੀਆਂ ਵਿਚ ਵੱਡੀ ਤਬਦੀਲੀ ਲਿਆਉਣੀ ਚਾਹੀਦੀ ਹੈ।

(ਬਾਕੀ ਸਫ਼ਾ 27 'ਤੇ)

# ਅਮਰੀਕਾ ਵੱਲੋਂ ਵਧਾਏ ਟੈਰਿਫ਼ ਦਾ ਭਾਰਤ-ਅਮਰੀਕਾ ਵਪਾਰ ’ਤੇ ਕੀ ਅਸਰ ਹੋਵੇਗਾ ?



ਡਾ. ਐਸ. ਐਸ. ਛੀਨਾ

ਅੰਤਰਰਾਸ਼ਟਰੀ ਵਪਾਰ ਤੁਲਨਾਤਮਿਕ ਲਾਗਤ ਦੇ ਆਧਾਰ ’ਤੇ ਹੁੰਦਾ ਹੈ। ਜਿਹੜੀ ਵਸਤੂ ਆਪਣੇ ਦੇਸ਼ ਵਿੱਚ ਬਣਾਉਣ ਨਾਲੋਂ ਬਾਹਰੋਂ ਸਸਤੀ ਮਿਲ ਜਾਂਦੀ ਹੈ, ਉਹ ਮੰਗਵਾ ਲਈ ਜਾਵੇ ਤੇ ਜਿਹੜੀ ਵਸਤੂ ਬਾਹਰ ਮਹਿੰਗੀ ਵਿਕ ਸਕਦੀ ਹੈ, ਉਹ ਭੇਜ ਦਿੱਤੀ ਜਾਵੇ। ਆਯਾਤ ਕਰਨ ਵਾਲਾ ਦੇਸ਼ ਬਾਹਰੋਂ ਆਉਣ ਵਾਲੀਆਂ ਵਸਤੂਆਂ ’ਤੇ ਆਯਾਤ ਕਰ ਲਾਉਂਦਾ ਹੈ, ਜਿਸ ਵਿੱਚ ਸਰਕਾਰ ਵੱਲੋਂ ਆਮਦਨ ਕਮਾਉਣ ਦੇ ਨਾਲ-ਨਾਲ ਆਪਣੇ ਦੇਸ਼ ’ਚ ਬਣਨ ਵਾਲੀਆਂ ਵਸਤੂਆਂ ਦੀਆਂ ਕੀਮਤਾਂ ਦਾ ਵੀ ਖਿਆਲ ਰੱਖਿਆ ਜਾਂਦਾ ਹੈ, ਪਰ ਸਭ ਤੋਂ ਉੱਪਰ ਇਹ ਖਿਆਲ ਰੱਖਿਆ ਜਾਂਦਾ ਹੈ ਕਿ ਉਸ ਦੇ ਸ਼ਹਿਰੀਆਂ ਲਈ ਉਹ ਵਸਤੂਆਂ ਏਨੀਆਂ ਮਹਿੰਗੀਆਂ ਨਾ ਹੋ ਜਾਣ ਕਿ ਉਨ੍ਹਾਂ ਦੀ ਪਹੁੰਚ ਤੋਂ ਹੀ ਦੂਰ ਹੋ ਜਾਣ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 50 ਫ਼ੀਸਦੀ ਤੱਕ ਆਯਾਤ ਕਰ ਵਧਾਉਣ ਨੂੰ ਸਾਰੀ ਹੀ ਦੁਨੀਆ ਨੇ ਹੈਰਾਨੀ ਨਾਲ ਵੇਖਿਆ ਹੈ, ਜਿਸ ’ਚੋਂ 25 ਫ਼ੀਸਦੀ ਪਹਿਲਾਂ ਤੇ 25 ਫ਼ੀਸਦੀ ਬਾਅਦ ਵਿੱਚ ਲਾਇਆ ਗਿਆ ਹੈ। ਇਸ ਦਾ ਪ੍ਰਭਾਵ ਭਾਰਤ ਵਿੱਚ ਵਸਤੂਆਂ ਨਿਰਯਾਤ ਕਰਨ ਵਾਲੇ ਵਪਾਰੀਆਂ ’ਤੇ ਤਾਂ ਪਵੇਗਾ ਹੀ, ਨਾਲ ਜ਼ਿਆਦਾ ਪ੍ਰਭਾਵ ਅਮਰੀਕਾ ਦੇ ਉਪਭੋਗੀਆਂ ’ਤੇ ਵੀ ਪਵੇਗਾ। ਭਾਰਤ ਵਿੱਚ ਖੇਤੀਬਾੜੀ ਆਧਾਰਿਤ ਵਸਤੂਆਂ ਜਿਵੇਂ ਬਾਸਮਤੀ ਚੌਲ, ਮਸਾਲੇ, ਮੱਛੀ ਆਦਿ ’ਤੇ ਲੱਗੀ ਡਿਊਟੀ ਖ਼ਰੀਦਦਾਰਾਂ ’ਤੇ ਪਾਈ ਜਾਵੇਗੀ, ਉਹ ਵਸਤੂਆਂ ਮਹਿੰਗੀਆਂ ਹੋਣਗੀਆਂ ਅਤੇ ਉਨ੍ਹਾਂ ਦੀ ਮੰਗ ਘਟੇਗੀ। ਅਮਰੀਕਾ ਨੇ ਨਿਰਯਾਤ ਵਸਤੂਆਂ ’ਤੇ ਕਸਟਮ ਡਿਊਟੀ ਨਹੀਂ ਵਧਾਈ, ਇਸ ਲਈ ਭਾਰਤ ਜਿਹੜੀਆਂ ਚੀਜ਼ਾਂ ਪਹਿਲਾਂ ਆਯਾਤ ਕਰ ਰਿਹਾ ਸੀ, ਉਹ ਹੁਣ ਵੀ ਕਰ ਰਿਹਾ ਹੈ ਅਤੇ ਭਾਰਤ ਤੇ ਅਮਰੀਕਾ ਦਾ ਦੁਵੱਲਾ ਵਪਾਰ ਪਹਿਲਾਂ ਜਿੰਨਾ ਹੀ ਹੈ, ਜਿਸ ’ਚ ਵਸਤੂਆਂ ਦੀ ਅਯਾਤ ਤੇ ਨਿਰਯਾਤ ਸ਼ਾਮਿਲ ਹੈ, ਉਹ ਸਾਲ 2020-21 ਵਿੱਚ 80.51 ਅਰਬ ਡਾਲਰ ਦਾ ਸੀ, ਜਿਹੜਾ 2024-25 ’ਚ ਵਧ ਕੇ 131.8 ਅਰਬ ਡਾਲਰ ਦਾ ਹੋ ਗਿਆ ਸੀ।

ਅਮਰੀਕਾ ਵੱਲੋਂ ਟੈਰਿਫ ਦੇ ਵੱਡੇ ਵਾਧੇ ਦਾ ਦੋਵੇਂ ਦੇਸ਼ਾਂ ਦੇ ਵਪਾਰ ’ਤੇ ਕੀ ਪ੍ਰਭਾਵ ਪੈਂਦਾ ਹੈ, ਇਹ ਕੁਝ ਸਮੇਂ ਬਾਅਦ ਪਤਾ ਲੱਗੇਗਾ ਪਰ ਇਸ ਸਮੇਂ ਦੌਰਾਨ ਭਾਰਤ ਦਾ ਵਪਾਰਕ ਪੱਖ ਤੋਂ ਰੂਸ ਵੱਲ ਰੁਝਾਨ ਵਧਿਆ ਹੈ, ਜਿਸ ਵਿੱਚ ਡੀਜ਼ਲ-ਪੈਟਰੋਲ ਦੀ ਆਯਾਤ ਵਿੱਚ ਆਈ ਤਬਦੀਲੀ ਮੁੱਖ ਹਨ। ਇਸ ਵਿੱਚ ਰੂਸ ਤੋਂ ਹੋਣ ਵਾਲੀ ਆਯਾਤ 54.5 ਅਰਬ ਡਾਲਰ ਤੱਕ ਹੋ ਰਹੀ ਹੈ, ਜਿਹੜੀ ਰੂਸ ਤੋਂ ਕੁੱਲ ਹੋਣ ਵਾਲੀ ਆਯਾਤ ਦਾ 76% ਹੈ। ਉਸੇ ਤਰ੍ਹਾਂ ਭਾਰਤ ਦੀ ਤੇਲ ’ਤੇ ਵੱਡੀ ਨਿਰਭਰਤਾ ਹੀ ਵਿਦੇਸ਼ਾਂ ਤੋਂ ਆਯਾਤ ਹੋ ਰਹੇ ਤੇਲ ’ਤੇ ਹੈ, ਕਿਉਂ ਜੋ ਭਾਰਤ ’ਚ ਤੇਲ ਦੇ ਭੰਡਾਰ ਘੱਟ ਹਨ, ਇਸ ਲਈ ਤੇਲ ਦੀ ਕੁੱਲ ਲੋੜ ’ਚੋਂ 85 ਫ਼ੀਸਦੀ ਤੇਲ ਆਯਾਤ ਕਰਕੇ ਪੂਰੀ ਕੀਤੀ ਜਾ ਰਹੀ ਹੈ। ਜਿਹੜੀ ਅਫਰੀਕਾ, ਰੂਸ, ਇਰਾਨ ਤੇ ਅਰਬ ਦੇਸ਼ਾਂ ਤੋਂ ਪੂਰੀ ਕੀਤੀ ਜਾ ਰਹੀ ਹੈ, ਇਹ ਆਯਾਤ ਇਰਾਨ ’ਚੋਂ ਭਾਰਤੀ ਕਰੰਸੀ ਦੇ ਰੂਪ ’ਚ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਹੀ ਰੂਸ ਨੇ ਵੀ ਇਹ ਸਹੂਲਤ ਦਿੱਤੀ ਹੈ ਕਿ ਉਹ ਭਾਰਤੀ ਕਰੰਸੀ ਦੇ ਰੂਪ ’ਚ ਭੁਗਤਾਨ ਸਵੀਕਾਰ ਸਕਦਾ ਹੈ। ਰੂਸ ਨੂੰ ਭੁਗਤਾਨ ਦਾ ਇਹ ਵੀ ਲਾਭ ਹੈ ਕਿ ਉਹ ਦੇਸ਼ ਭਾਰਤ ਵਿੱਚ ਹੀ ਰੁਪਿਆ ਖ਼ਰਚ ਕਰ ਸਕਦਾ ਹੈ ਅਤੇ ਉਹ ਇਸ ਰੁਪਏ ਨਾਲ ਭਾਰਤ ’ਚੋਂ ਵਸਤੂਆਂ ਤੇ ਸੇਵਾਵਾਂ ਖਰੀਦਣਗੇ। ਭਾਰਤ ਦੀ ਵਿਦੇਸ਼ੀ ਕਰੰਸੀ ਦੀ ਕਮਾਈ ’ਤੇ ਭਾਰ ਨਹੀਂ ਪਵੇਗਾ।

2024 ਵਿੱਚ ਭਾਰਤ-ਅਮਰੀਕਾ ਦਾ ਵਪਾਰ ਜਿੱਥੇ 212.3 ਅਰਬ ਡਾਲਰ ਸੀ, ਉੱਥੇ ਭਾਰਤ-ਰੂਸ ਦਾ ਦੁਵੱਲਾ ਵਪਾਰ ਸਿਰਫ਼ 69 ਅਰਬ ਡਾਲਰ ਸੀ ਪਰ ਰੂਸ ਵਲੋਂ ਭਾਰਤ ਨੂੰ ਸਸਤਾ ਤੇਲ ਤੇ ਹੋਰ ਵਸਤੂਆਂ ਦੇਣ ਕਰਕੇ ਰੂਸ ਤੋਂ ਭਾਰਤ ਵੱਲ ਆਯਾਤ ਇਕਦਮ ਦਸ ਗੁਣਾ ਵਧ ਗਿਆ, ਜਿਸ ਵਿੱਚ ਵੱਡਾ ਹਿੱਸਾ ਪੈਟਰੋਲੀਅਮ ਵਸਤੂਆਂ ਹਨ। ਇਸੇ ਤੋਂ ਨਾਰਾਜ਼ ਅਮਰੀਕਾ ਨੇ ਭਾਰਤ ’ਤੇ ਆਯਾਤ ਡਿਊਟੀ ਵਧਾਈ ਹੈ। ਪਰ ਭਾਰਤ ਦੇ ਵਪਾਰ ਮੰਤਰੀ ਸ੍ਰੀ ਪਿਊਸ਼ ਗੋਇਲ ਅਨੁਸਾਰ ਭਾਰਤ ਨੇ ਆਪਣੇ ਸ਼ਹਿਰੀਆਂ ਦਾ ਹਿੱਤ ਸਾਹਮਣੇ ਰੱਖ ਕੇ ਅੰਤਰਰਾਸ਼ਟਰੀ ਵਪਾਰ ਕਰਨਾ ਹੈ। ਦੂਜੇ ਪਾਸੇ ਭਾਰਤ ਦਾ ਰੂਸ ਵੱਲ ਨਿਰਯਾਤ ਬਹੁਤ ਘੱਟ ਹੈ, ਮਸਾਂ 5 ਅਰਬ ਡਾਲਰ ਤੱਕ। ਇਸ ਕਰਕੇ ਭਾਰਤ-ਰੂਸ ਵਪਾਰ ਵਿੱਚ ਵਪਾਰ ਦਾ ਸੰਤੁਲਨ ਭਾਰਤ ਦੇ ਖ਼ਿਲਾਫ਼ ਹੈ। ਇਹ ਨਿਰਯਾਤ 2021 ਵਿੱਚ ਸਿਰਫ 2.7 ਅਰਬ ਡਾਲਰ ਸੀ ਪਰ ਉਸ ਵਕਤ ਆਯਾਤ ਵੀ ਸਿਰਫ਼ 4 ਅਰਬ ਡਾਲਰ ਸੀ। ਭਾਰਤ ਤੇ ਰੂਸ ਨੇ ਇੱਕ ਵਪਾਰਕ ਸਮਝੌਤੇ ਵਿੱਚ ਇਹ ਉਮੀਦ ਜਤਾਈ ਹੈ ਕਿ ਉਹ 2030 ਤੱਕ ਦੁਵੱਲਾ ਵਪਾਰ 100 ਅਰਬ ਡਾਲਰ ਤੱਕ ਲੈ ਕੇ ਜਾਣਗੇ।

ਤੇਲ ਤੋਂ ਇਲਾਵਾ ਦਾਲਾਂ ਤੇ ਤੇਲ ਬੀਜਾਂ ਦੇ ਰੂਪ ਵਿੱਚ ਭਾਰਤ ਦੀ ਰੂਸ ਤੋਂ ਹੋਰ ਵੱਡੀ ਆਯਾਤ ਹੈ। ਭਾਵੇਂ ਕਿ ਪਿਛਲੇ ਸਾਲ ਵਿੱਚ ਖਾਣ ਵਾਲੇ ਤੇਲ ਬੀਜਾਂ ਦੀ ਆਯਾਤ ਘਟੀ ਹੈ ਪਰ ਖੇਤੀ ਪ੍ਰਧਾਨ ਦੇਸ਼ ਹੋਣ ਦੇ ਨਾਤੇ ਭਾਰਤ ਨੂੰ ਅਜਿਹੀ ਖੇਤੀ ਨੀਤੀ ਅਪਣਾਉਣੀ ਚਾਹੀਦੀ ਹੈ ਕਿ ਉਹ ਘੱਟੋ-ਘੱਟ ਖੇਤੀ ਵਸਤੂਆਂ ’ਚ ਆਤਮਨਿਰਭਰਤਾ ਪ੍ਰਾਪਤ ਕਰ ਸਕੇ, ਜਿਸ ਤਰ੍ਹਾਂ ਅੱਜ ਤੋਂ 20-25 ਸਾਲ ਪਹਿਲਾਂ ਸੀ। ਵਪਾਰ ਨੂੰ ਸੰਤੁਲਿਤ ਕਰਨ ਲਈ ਪਹਿਲਾਂ ਤੋਂ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਜਿਵੇਂ ਖੇਤੀ ਵਸਤੂਆਂ, ਦਵਾਈਆਂ, ਮਸ਼ੀਨਰੀ, ਬਿਜਲਈ ਵਸਤੂਆਂ, ਗਲਾਸਵੇਅਰ ਅਤੇ ਸਰਜੀਕਲ ਔਜ਼ਾਰ ਆਦਿ ਵਿੱਚ ਵੱਡਾ ਵਾਧਾ ਕਰਨਾ ਪਵੇਗਾ। ਭਾਰਤ ਖਾਦਾਂ ਦੀਆਂ ਲੋੜਾਂ ਲਈ ਵੀ ਰੂਸ ’ਤੇ ਨਿਰਭਰ ਹੈ। ਵਿਕਾਸ ਕਰਦਿਆਂ ਖਾਦਾਂ ਦੀਆਂ ਲੋੜਾਂ ਆਪਣੇ ਹੀ ਦੇਸ਼ ’ਚ ਪੂਰੀਆਂ ਕਰਨ ਲਈ ਖਾਦਾਂ ਦੀਆਂ ਫੈਕਟਰੀਆਂ ਲਾਉਣ ਨਾਲ ਉਹ ਆਯਾਤ ਕੀਤੀਆਂ ਮਹਿੰਗੀਆਂ ਖਾਦਾਂ ਨਾਲੋਂ ਸਸਤੀਆਂ ਮਿਲ ਸਕਦੀਆਂ ਹਨ। 2023-24 ’ਚ ਵੀ ਭਾਵੇਂ ਖਾਦਾਂ ਤਾਂ 2.07 ਅਰਬ ਡਾਲਰ ਦੀਆਂ ਖਰੀਦੀਆਂ ਗਈਆਂ ਪਰ ਪੈਟਰੋਲ 54.5 ਅਰਬ ਡਾਲਰ ਦਾ, ਇੱਥੋਂ ਤੱਕ ਕਿ ਲੱਕੜਾਂ ਦਾ ਗੁੱਦਾ ਵੀ ਰੂਸ ਤੋਂ ਖਰੀਦਿਆ ਗਿਆ, ਜੋ ਭਾਰਤ ਵਿੱਚ ਹੀ ਪੈਦਾ ਕੀਤਾ ਜਾ ਸਕਦਾ ਹੈ। ਭਾਰਤ ਦਾ ਰੂਸ ਵੱਲ ਨਿਰਯਾਤ ਬਹੁਤ ਹੀ ਘੱਟ ਹੈ, ਜਿਹੜਾ ਰੂਸ ਤੋਂ ਆਯਾਤ ਕਰਨ ਵਿਚ ਫਿਰ ਰੁਕਾਵਟ ਬਣੇਗਾ। 2020-21 ’ਚ ਭਾਰਤ ਨੇ ਸਿਰਫ਼ 2.66 ਅਰਬ ਡਾਲਰ ਦਾ ਨਿਰਯਾਤ ਰੂਸ ਨੂੰ ਕੀਤਾ, ਜਦਕਿ ਰੂਸ ਨੇ ਭਾਰਤ ਨੂੰ 5.49 ਅਰਬ ਡਾਲਰ ਦੀਆਂ ਜਾਂ 2 ਗੁਣਾਂ ਦੇ ਕਰੀਬ ਵਸਤੂਆਂ ਭੇਜੀਆਂ। 2024-25 ’ਚ ਭਾਰਤ ਦੀ ਨਿਰਯਾਤ 4.88 ਅਰਬ ਡਾਲਰ ਸੀ, ਜਦਕਿ ਰੂਸ ਨੇ ਭਾਰਤ ਨੂੰ 63.84 ਅਰਬ ਡਾਲਰ ਦੀਆਂ ਵਸਤੂਆਂ ਜੋ ਭਾਰਤ ਤੋਂ 12 ਗੁਣਾਂ ਤੋਂ ਜ਼ਿਆਦਾ ਸੀ, ਭੇਜੀਆਂ। ਇਹ ਗੱਲ ਫਿਰ ਰੂਸ ਤੋਂ ਆਯਾਤ ਵਿੱਚ ਰੁਕਾਵਟ ਬਣੇਗੀ।

ਭਾਵੇਂ ਭਾਰਤ ਅਮਰੀਕਾ ’ਚ ਵਪਾਰ ਸੁਤੰਤਰਤਾ ਤੋਂ ਬਾਅਦ ਹੀ ਵਧਿਆ ਪਰ ਇਨ੍ਹਾਂ ’ਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ। 2020-21 ’ਚ ਭਾਰਤ ਨੇ ਅਮਰੀਕਾ ਨੂੰ 51.3 ਅਰਬ ਡਾਲਰ ਦਾ ਨਿਰਯਾਤ ਕੀਤਾ, ਜਿਹੜਾ ਅਮਰੀਕਾ ਦੇ ਭਾਰਤ ਵੱਲ ਨਿਰਯਾਤ 27.3 ਅਰਬ ਡਾਲਰ ਤੋਂ ਤਕਰੀਬਨ ਦੁੱਗਣਾ ਸੀ। ਪਰ 2024-25 ’ਚ ਭਾਰਤ ਵੱਲੋਂ ਨਿਰਯਾਤ ਵਧ ਕੇ 87.3 ਅਰਬ ਡਾਲਰ ਹੋ ਗਿਆ, ਜਦਕਿ ਅਮਰੀਕਾ ਤੋਂ ਭਾਰਤ ਵੱਲ ਨਿਰਯਾਤ 41.5 ਅਰਬ ਡਾਲਰ ਸੀ, ਜੋ ਭਾਰਤ ਤੋਂ 45.8 ਅਰਬ ਡਾਲਰ ਘੱਟ ਸੀ। ਅਮਰੀਕਾ ਤੋਂ ਚੀਨ ਵਿੱਚ ਵੀ ਬਹੁਤ ਜ਼ਿਆਦਾ ਵਸਤੂਆਂ ਆ ਰਹੀਆਂ ਹਨ ਅਤੇ ਅਮਰੀਕਾ ਦਾ ਚੀਨ ਨਾਲ ਵਪਾਰ ਸਾਰੇ ਸੰਸਾਰ ਤੋਂ ਵੱਧ ਹੈ। ਭਾਵੇਂ ਭਾਰਤ ਦੀਆਂ ਵਸਤੂਆਂ ਅਮਰੀਕਾ ਵੱਲ ਕਿਤੇ ਵੱਧ ਜਾ ਰਹੀਆਂ ਹਨ ਪਰ ਅਮਰੀਕੀ ਸੇਵਾਵਾਂ ਜਿਵੇਂ ਸਫ਼ਰ, ਵਿੱਦਿਆ, ਆਈ.ਟੀ. ਅਤੇ ਵਪਾਰਕ ਸੇਵਾਵਾਂ ਨਾਲ 212 ਅਰਬ ਡਾਲਰ ਦੇ ਕੁੱਲ ਵਪਾਰ ਦਾ ਵੱਡਾ ਹਿੱਸਾ ਹੋਣ ਕਰਕੇ ਦੋਵਾਂ ਦੇਸ਼ਾਂ ਨੇ ਵਪਾਰ ਸੰਤੁਲਨ ਨੂੰ ਠੀਕ ਕੀਤਾ ਹੈ। ਇਸੇ ਤਰ੍ਹਾਂ ਹੀ ਚੀਨ, ਅਮਰੀਕਾ ਤੇ ਭਾਰਤ ਦਾ ਵਪਾਰ ਹੈ। ਚੀਨ, ਅਮਰੀਕਾ ਤੇ ਭਾਰਤ ਹੀ ਅਮਰੀਕਾ ਦੇ ਵਿਦੇਸ਼ੀ ਵਪਾਰ ਦੇ ਵੱਡੇ ਹਿੱਸੇਦਾਰ ਹਨ। ਅਮਰੀਕਾ ’ਚ ਇਨ੍ਹਾਂ ਦੇਸ਼ਾਂ ਦੀਆਂ ਵਸਤੂਆਂ ਜ਼ਿਆਦਾ ਵਿਕ ਰਹੀਆਂ ਹਨ, ਜਿਨ੍ਹਾਂ ਨੂੰ ਘੱਟ ਕਰਨ ਲਈ ਅਮਰੀਕਾ ਨੇ ਦੋਵਾਂ ਦੇਸ਼ਾਂ ’ਤੇ ਆਯਾਤ ਡਿਊਟੀ ਵਿੱਚ ਵੱਡਾ ਵਾਧਾ ਕੀਤਾ ਹੈ।

ਭਾਵੇਂ ਕਿ ਸਮੇਂ ਅਨੁਸਾਰ ਵਪਾਰ ਵਿੱਚ ਵਸਤੂਆਂ ਬਦਲਦੀਆਂ ਰਹਿੰਦੀਆਂ ਹਨ, ਵਪਾਰ ਦੀ ਦਿਸ਼ਾ ਵੀ ਬਦਲਦੀ ਰਹੀ ਹੈ ਪਰ ਹਰ ਦੇਸ਼ ਦੇ ਹਿੱਤ ਨੂੰ ਸਾਹਮਣੇ ਰੱਖ ਕੇ ਅੰਤਰਰਾਸ਼ਟਰੀ ਵਪਾਰ ਤੁਲਨਾਤਮਕ ਲਾਗਤ ਦੇ ਆਧਾਰ ’ਤੇ ਕੀਤਾ ਜਾਂਦਾ ਹੈ। ਜਿਹੜੀ ਡਿਊਟੀ ਅਮਰੀਕਾ ਨੇ ਵਧਾਈ ਹੈ, ਉਸ ਨਾਲ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ’ਚ ਜੋ ਵਾਧਾ ਹੋਵੇਗਾ, ਉਹੋ ਖ਼ਰੀਦਦਾਰਾਂ ਨੂੰ ਹੀ ਦੇਣਾ ਪਵੇਗਾ। ਜੇ ਡਿਊਟੀ ਵਧਣ ਤੋਂ ਬਾਅਦ ਵੀ ਉਨ੍ਹਾਂ ਵਸਤੂਆਂ ਦੀ ਮੰਗ ਨਾ ਘਟੀ ਤਾਂ ਇਹ ਵਧੀਆਂ ਕੀਮਤਾਂ ਅਮਰੀਕਾ ਦੇ ਖ਼ਰੀਦਦਾਰਾਂ ਨੂੰ ਦੇਣੀਆਂ ਪੈਣਗੀਆਂ ਅਤੇ ਇਸ ਤਰ੍ਹਾਂ ਟਰੰਪ ਦਾ ਡਿਊਟੀ ਵਧਾਉਣ ਦਾ ਉਦੇਸ਼ ਪੂਰਾ ਨਹੀਂ ਹੋਵੇਗਾ, ਸਗੋਂ ਖ਼ਰੀਦਦਾਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਵੇਗਾ ਪਰ ਜੇ ਭਾਰਤੀ ਵਸਤਾਂ ਦੀ ਡਿਊਟੀ ਤੋਂ ਬਾਅਦ ਅਮਰੀਕਾ ਨੂੰ ਨਿਰਯਾਤ ਘਟ ਗਈ ਤਾਂ ਇਸ ਦਾ ਨੁਕਸਾਨ ਭਾਰਤ ਨੂੰ ਹੋਵੇਗਾ। ਸਾਰੀ ਤਸਵੀਰ ਦੇਖਣ ਤੋਂ ਬਾਅਦ ਲਗਦਾ ਹੈ ਕਿ ਭਾਰਤ ਤੇ ਅੰਤਰਰਾਸ਼ਟਰੀ ਵਪਾਰ ਵਿੱਚ ਇਸ ਵਧੀ ਡਿਊਟੀ ਦਾ ਕੋਈ ਪ੍ਰਭਾਵ ਨਹੀਂ ਪਵੇਗਾ।




# ਨਵੇਂ ਅਕਾਲੀ ਦਲ ਦੀਆਂ ਕੀ ਸੰਭਾਵਨਾਵਾਂ ਤੇ ਚੁਣੌਤੀਆਂ ਹਨ ?

ਪ੍ਰੀਤਮ ਸਿੰਘ
ਪ੍ਰੋਫੈਸਰ ਐਮੇਰਿਟਸ, ਆਕਸਫੋਰਡ ਬਰੁਕਸ ਯੂਨੀਵਰਸਿਟੀ, ਯੂ.ਕੇ.

ਨਵੇਂ ਅਕਾਲੀ ਦਲ ਦਾ ਉਭਾਰ, ਜਿਸ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਹਨ, ਵੱਡੀ ਘਟਨਾ ਹੈ ਜਿਸ ਦੇ ਪੰਜਾਬ, ਹੋਰ ਰਾਜਾਂ, ਕੇਂਦਰ ਅਤੇ ਵਿਸ਼ਵ ਭਰ ਦੇ ਪਰਵਾਸੀ ਪੰਜਾਬੀਆਂ ਨਾਲ ਸੂਬੇ ਦੇ ਰਿਸ਼ਤਿਆਂ ’ਤੇ ਅਹਿਮ ਅਸਰ ਪੈਣ ਦੀ ਸੰਭਾਵਨਾ ਹੈ।

ਗੁਰੂ ਨਾਨਕ ਦੇ ਫ਼ਲਸਫ਼ੇ (ਜਿਸ ਫ਼ਲਸਫ਼ੇ ਨੂੰ ਸਾਰੇ ਗੁਰੂਆਂ ਨੇ ਅੱਗੇ ਵਧਾਇਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ, ਜਿਸ ਵਿੱਚ ਅਨੇਕ ਜਾਤ ਵਿਰੋਧੀ ਹਿੰਦੂ ਭਗਤਾਂ ਅਤੇ ਮੁਸਲਿਮ ਸੂਫ਼ੀਆਂ ਦੀ ਬਾਣੀ ਸ਼ਾਮਿਲ ਹੈ) ਤੋਂ ਜਾਣੂ ਕੋਈ ਵੀ ਬੰਦਾ ਇਸ ਗੱਲ ਤੋਂ ਖ਼ੁਸ਼ ਹੋਵੇਗਾ ਕਿ ਪੰਜਾਬ ਦੀ ਮੋਹਰੀ ਪਾਰਟੀ ਹੁਣ ਅਜਿਹੇ ਸ਼ਖ਼ਸ ਦੀ ਅਗਵਾਈ ਹੇਠ ਚੱਲ ਰਹੀ ਹੈ ਜੋ ਉਨ੍ਹਾਂ ਲੋਕਾਂ ਵਿੱਚੋਂ ਉੱਠਿਆ ਹੈ ਜਿਨ੍ਹਾਂ ਨੂੰ ਗ਼ਲਤ ਢੰਗ ਨਾਲ ਨੀਵੀਂ ਜਾਤ ਦਾ ਦੱਸਿਆ ਜਾਂਦਾ ਰਿਹਾ ਹੈ। ਇਹ ਵੀ ਬਹੁਤ ਸਿਹਤਮੰਦ ਵਾਧਾ ਹੈ ਕਿ ਪਾਰਟੀ ਦੇ ਇੱਕ ਹੋਰ ਵਿੰਗ ਦੀ ਅਗਵਾਈ ਔਰਤ ਕਰ ਰਹੀ ਹੈ, ਜਿਸ ਨਾਲ ਪੰਜਾਬ ਦੇ ਸਿਆਸੀ ਸੱਭਿਆਚਾਰ ਵਿੱਚ ਮਰਦ ਪ੍ਰਧਾਨ ਸੋਚ ਕਮਜ਼ੋਰ ਹੋਵੇਗੀ। ਇਹ ਵੀ ਸਵਾਗਤਯੋਗ ਵਾਧਾ ਹੈ ਕਿ ਨਵੀਂ ਪਾਰਟੀ ਦੇ ਦੋ ਮੁੱਖ ਅਹੁਦੇਦਾਰ ਪੀਐੱਚਡੀ ਧਾਰਕ ਹਨ। ਇਸ ਨੂੰ ਬਾਕੀ ਭਾਰਤੀ ਰਾਜਾਂ, ਇੱਥੋਂ ਤੱਕ ਕਿ ਕੇਂਦਰ ਦੀਆਂ ਸਿਆਸੀ ਪਾਰਟੀਆਂ ਲਈ ਰਾਹ ਦਸੇਰਾ ਬਣਨ ਦਿਓ। ਗਿਆਨੀ ਹਰਪ੍ਰੀਤ ਸਿੰਘ ਦੇ ਮੋਢਿਆਂ ’ਤੇ ਸਮਾਨਤਾ ਦੇ ਮਾਰਗ ਨੂੰ ਰੌਸ਼ਨ ਕਰਨ ਦਾ ਵੱਡਾ ਇਤਿਹਾਸਕ ਭਾਰ ਹੈ। ਅੱਜ ਦੇ ਸੰਸਾਰ ’ਚ ਇਹ ਹੋਰ ਵੀ ਅਹਿਮ ਹੈ, ਜਿਹੜਾ ਮਨੁੱਖੀ ਇਤਿਹਾਸ ’ਚ ਅਜਿਹੀ ਨਾ-ਬਰਾਬਰੀ ਦੇਖ ਰਿਹਾ ਹੈ ਜਿਸ ਤਰ੍ਹਾਂ ਦੀ ਪਹਿਲਾਂ ਕਦੇ ਨਹੀਂ ਦੇਖੀ ਗਈ। ਕੌਮਾਂਤਰੀ ਪੂੰਜੀਵਾਦ ਨੇ ਅਤਿ ਦੇ ਅਮੀਰ ਅਰਬਪਤੀ, ਕਸ਼ਟ ਭੋਗ ਰਹੇ ਗ਼ਰੀਬ ਅਤੇ ਵਾਤਾਵਰਨਕ ਤਬਾਹੀ ਪੈਦਾ ਕੀਤੀ ਹੈ।

ਜੇ ਕੋਈ ਸਿੱਖੀ (ਮੈਂ ਗ਼ਲਤ ਵਰਤੇ ਜਾਂਦੇ ਪੱਛਮੀ ਸ਼ਬਦ ‘ਸਿੱਖਇਜ਼ਮ’ ਦੀ ਬਜਾਏ ਇਹ ਸ਼ਬਦ ਵਰਤਣਾ ਪਸੰਦ ਕਰਦਾ ਹਾਂ) ਦੇ ਸਾਰ ਨੂੰ ਦੇਖੇ ਤਾਂ ਇਹ ਸਮਾਨਤਾ ਹੈ- ਅਧਿਆਤਮਕ, ਸਮਾਜਿਕ ਅਤੇ ਵਾਤਾਵਰਨ ਨਾਲ ਜੁੜੀ ਹੋਈ। ਅਧਿਆਤਮਕ ਇਸ ਲਈ ਕਿਉਂਕਿ ਸਾਰੇ ਜੀਵਾਂ ਨੂੰ ਬਰਾਬਰ ਮੰਨਿਆ ਜਾਂਦਾ ਹੈ, ਸਮਾਜਿਕ ਇਸ ਲਈ ਕਿਉਂਕਿ ਜਾਤ ਤੇ ਲਿੰਗ ਆਧਾਰਿਤ ਸਮਾਜਿਕ ਵਰਗੀਕਰਨ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਵਾਤਾਵਰਨ ਦੀ ਇਸ ਲਈ ਕਿਉਂਕਿ ਬਰਾਬਰੀ ਦਾ ਦ੍ਰਿਸ਼ਟੀਕੋਣ ਮਨੁੱਖਾਂ ਤੋਂ ਅਗਾਂਹ ਸਾਰੇ ਜੀਵਾਂ ਤੱਕ ਜਾਂਦਾ ਹੈ। ਸਿੱਖ ਸਮਾਜ ਅਤੇ ਸੰਸਥਾਵਾਂ ਅਮਲੀ ਤੌਰ ’ਤੇ ਗੁਰੂ ਦੇ ਬਰਾਬਰੀ ਦੇ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹਨ ਪਰ ਇਨ੍ਹਾਂ ਅੰਦਰ ਜਾਤ ਅਸਮਾਨਤਾ ਅਤੇ ਪੱਖਪਾਤਾਂ ਤੇ ਪੁਰਸ਼ ਪ੍ਰਧਾਨ ਰਵਾਇਤਾਂ ’ਤੇ ਜ਼ੋਰ ਦੇ ਕੇ ਵੱਡੀ ਗਿਰਾਵਟ ਦਰਜ ਹੋਈ ਹੈ। ਇਹ ਸਿੱਖੀ ਦੀ ਸਮਾਨਤਾ ਨੂੰ ਸੁਰਜੀਤ ਕਰਨ ਦਾ ਵੇਲਾ ਹੈ।




ਇਹ ਮੰਨਣਾ ਅਹਿਮ ਹੈ ਕਿ ਅਕਾਲੀ ਦਲ ਪੰਜਾਬ ਦੀ ਕੋਈ ਆਮ ਸਿਆਸੀ ਧਿਰ ਨਹੀਂ। ਇਹ ਪੰਜਾਬ ਦੀ ਇੱਕੋ-ਇੱਕ ਖੇਤਰੀ ਪਾਰਟੀ ਹੈ। ਪੰਜਾਬ ਦੀ ਰਾਜਨੀਤੀ ਦਾ ਏਜੰਡਾ ਹਮੇਸ਼ਾ ਅਕਾਲੀ ਸਿਆਸਤ ਦੁਆਰਾ ਤੈਅ ਕੀਤਾ ਗਿਆ ਹੈ, ਭਾਵੇਂ ਇਹ 1947 ਤੋਂ ਬਾਅਦ ਪੰਜਾਬੀ ਸੂਬੇ ਦੀ ਮੰਗ ਲਈ ਹੋਵੇ, ਜਾਂ 1966 ਵਿੱਚ ਪੰਜਾਬੀ ਸੂਬਾ ਬਣਨ ਤੋਂ ਬਾਅਦ ਰਾਜਾਂ ਦੀ ਵਧੇਰੇ ਖ਼ੁਦਮੁਖ਼ਤਾਰੀ ਲਈ ਹੋਵੇ। ਦੂਜੀਆਂ ਸਿਆਸੀ ਪਾਰਟੀਆਂ ਸਿਰਫ਼ ਇਸ ਦੇ ਏਜੰਡੇ ਦਾ ਵਿਰੋਧ ਜਾਂ ਸਮਰਥਨ ਕਰ ਕੇ ਪ੍ਰਤੀਕਿਰਿਆ ਦਿੰਦੀਆਂ ਰਹੀਆਂ ਹਨ ਅਤੇ ਉਨ੍ਹਾਂ ਦਾ ਆਪਣਾ ਕੋਈ ਸੁਤੰਤਰ ਏਜੰਡਾ ਨਹੀਂ, ਕਿਉਂਕਿ ਉਨ੍ਹਾਂ ਨੂੰ ਕੇਂਦਰੀਕ੍ਰਿਤ ਸਿਆਸੀ ਪਾਰਟੀਆਂ ਦੀ ਰਾਜਨੀਤੀ ਚਲਾਉਂਦੀ ਹੈ ਜਿਨ੍ਹਾਂ ਦੀਆਂ ਉਹ ਪੰਜਾਬ ਆਧਾਰਿਤ ਇਕਾਈਆਂ ਹਨ। ਕਈ ਗੰਭੀਰ ਚੁਣੌਤੀਆਂ ਹਨ ਜਿਨ੍ਹਾਂ ਦਾ ਇਸ ਨਵੀਂ ਪਾਰਟੀ ਨੂੰ ਨਿਮਰਤਾ ਅਤੇ ਅਮਲੀ ਰੂਪ ’ਚ ਸਬਕ ਲੈ ਕੇ ਸਾਹਮਣਾ ਕਰਨਾ ਚਾਹੀਦਾ ਹੈ। ਇਸ ਨੂੰ ਮੌਜੂਦਾ ਅਕਾਲੀ ਦਲ (ਬਾਦਲ) ਪ੍ਰਤੀ ਟਕਰਾਅ ਵਾਲਾ ਰਵੱਈਆ ਨਹੀਂ ਅਪਣਾਉਣਾ ਚਾਹੀਦਾ। ਇਸ ਨੂੰ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਾਲੇ ਤਤਕਾਲੀਨ ਅਕਾਲੀ ਦਲ ਦੇ ਸਾਹਮਣੇ ਸੰਤ ਫਤਿਹ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਉਭਾਰ ਤੋਂ ਸਿੱਖਣਾ ਚਾਹੀਦਾ ਹੈ। ਇਹ ਦੋਵੇਂ 1967 ਵਿੱਚ ਪੰਜਾਬ ਦੀ ਪਹਿਲੀ ਗ਼ੈਰ-ਕਾਂਗਰਸੀ ਗੱਠਜੋੜ ਸਰਕਾਰ ਵਿੱਚ ਸ਼ਾਮਿਲ ਹੋਏ ਸਨ। ਦੋ ਅਕਾਲੀ ਦਲਾਂ ਵਿਚਕਾਰ ਟਕਰਾਅ ਨਾ ਸਿਰਫ਼ ਪੰਜਾਬ ਨੂੰ ਨੁਕਸਾਨ ਪਹੁੰਚਾਏਗਾ, ਬਲਕਿ ਇਸ ਦੇ ਭਾਰਤ ਲਈ ਵੀ ਮਾੜੇ ਨਤੀਜੇ ਹੋਣਗੇ। ਇਹ ਯਾਦ ਰੱਖਣਾ ਅਹਿਮ ਹੈ ਕਿ 1970 ਦੇ ਦਹਾਕੇ ਵਿੱਚ ਸਿੱਖ-ਨਿਰੰਕਾਰੀ ਟਕਰਾਅ ਨੂੰ ਕਈਆਂ ਵੱਲੋਂ ਸਿੱਖ ਭਾਈਚਾਰੇ ਦਾ ਪੂਰਨ ਅੰਦਰੂਨੀ ਮਾਮਲਾ ਮੰਨ ਕੇ ਖਾਰਜ ਕਰ ਦਿੱਤਾ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਸਵੀਕਾਰਿਆ ਜਾਂਦਾ ਹੈ ਕਿ ਇਸ ਨੂੰ ਜਿਸ ਤਰ੍ਹਾਂ ਗ਼ਲਤ ਢੰਗ ਨਾਲ ਨਜਿੱਠਿਆ ਗਿਆ, ਪੂਰੇ ਭਾਰਤ ਦੀ ਰਾਜਨੀਤਕ ਪ੍ਰਣਾਲੀ ਲਈ ਇਸ ਦੇ ਤਬਾਹਕੁਨ ਸਿੱਟੇ ਨਿਕਲੇ।

ਛੋਟੇ ਅਕਾਲੀ ਅਤੇ ਸਿੱਖ ਧੜਿਆਂ ਦੇ ਪ੍ਰਗਟਾਏ ਫ਼ਿਕਰ, ਜੋ 1980 ਦੇ ਦਹਾਕੇ ਤੋਂ ਦੁੱਖ ਭੋਗਣ ਵਾਲਿਆਂ ਦੀ ਨਾਰਾਜ਼ਗੀ ਨੂੰ ਸਪੱਸ਼ਟਤਾ ਨਾਲ ਜ਼ਾਹਿਰ ਕਰਦੇ ਹਨ, ਨੂੰ ਵੀ ਦੂਰ ਕਰਨ ਦੀ ਲੋੜ ਹੈ, ਜਿਵੇਂ ਚਿਰਾਂ ਤੋਂ ਬੰਦ ਸਿੱਖ ਕੈਦੀਆਂ ਨਾਲ ਸਬੰਧਿਤ ਮੁੱਦੇ। ਇਨ੍ਹਾਂ ਧੜਿਆਂ ਨੂੰ ਨਾਲ ਜੋੜਨ ਅਤੇ ਭਵਿੱਖੀ ਰਾਜਨੀਤੀ ’ਤੇ ਮੁੜ ਵਿਚਾਰ ਲਈ ਇਨ੍ਹਾਂ ਦੀ ਮਦਦ ਕਰਨ ਦੀ ਲੋੜ ਹੈ।

ਨਵੀਂ ਪਾਰਟੀ ਨੂੰ ਉੱਚੀਆਂ ਜਾਤਾਂ ਦੇ ਪੰਜਾਬੀ ਹਿੰਦੂ ਭਾਈਚਾਰੇ ਨਾਲ ਰਿਸ਼ਤੇ ਕਾਇਮ ਕਰਨੇ ਚਾਹੀਦੇ ਹਨ। ਪੰਜਾਬ ਦੀ ਆਬਾਦੀ ਦਾ ਇਹ ਹਿੱਸਾ ਭਾਵੇਂ ਸਿਰਫ਼ 13-14 ਫ਼ੀਸਦੀ ਹੀ ਹੈ, ਪਰ ਇਹ ਆਰਥਿਕ ਤੌਰ ’ਤੇ ਸਭ ਤੋਂ ਖੁਸ਼ਹਾਲ, ਸਿੱਖਿਆ ਪੱਖੋਂ ਸਭ ਤੋਂ ਵੱਧ ਸਾਖ਼ਰ ਅਤੇ ਪੇਸ਼ੇਵਰ ਤੌਰ ’ਤੇ ਪੰਜਾਬੀ ਸਮਾਜ ਦਾ ਸਭ ਤੋਂ ਉੱਨਤ ਹਿੱਸਾ ਹਨ। ਇਸ ਵਿੱਚ ਮੁੱਖ ਤੌਰ ’ਤੇ ਤਿੰਨ ਜਾਤਾਂ- ਬ੍ਰਾਹਮਣ, ਖੱਤਰੀ ਅਤੇ ਬਾਣੀਏ ਸ਼ਾਮਿਲ ਹਨ। ਕੁਝ ਸਿੱਖਾਂ ਦਾ ਪਿਛੋਕੜ ਹਾਲਾਂਕਿ ਬ੍ਰਾਹਮਣ ਤੇ ਬਾਣੀਆ ਜਾਤਾਂ ਤੋਂ ਵੀ ਹੈ, ਪਰ ਇਹ ਖੱਤਰੀ ਭਾਈਚਾਰਾ ਹੈ ਜਿਸ ਨੇ ਸਭ ਤੋਂ ਵੱਧ ਸਿੱਖੀ ਨੂੰ ਅਪਣਾਇਆ ਤੇ ਜਿਹੜੇ ਸਿੱਖੀ ਵੱਲ ਨਹੀਂ ਆਏ, ਉਨ੍ਹਾਂ ਦਾ ਵੀ ਗੁਰੂਆਂ ਨਾਲ ਡੂੰਘਾ ਭਾਵਨਾਤਮਕ ਅਤੇ ਧਾਰਮਿਕ ਜੁੜਾਓ ਹੈ। (**ਬਾਕੀ ਸਫ਼ਾ 27 ’ਤੇ**)

# ਇਤਿਹਾਸਕ ਸਮਝੌਤੇ ਪੂਨਾ ਪੈਕਟ ਦੀ ਕੀ ਅਹਿਮੀਅਤ ਹੈ ?



ਐਸ. ਐਲ. ਵਿਰਦੀ

ਭਾਰਤੀਆਂ ਵਿੱਚ ਦਿਨੋ-ਦਿਨ ਵਧ ਰਹੀ ਬੇਚੈਨੀ ਨੂੰ ਦੇਖਦੇ ਹੋਏ ਬਰਤਾਨਵੀ ਸਰਕਾਰ ਨੇ 1919 ਦੇ ਕਾਨੂੰਨ ਤੇ ਸੰਵਿਧਾਨ ਸੁਧਾਰਾਂ ਦੀ ਸਮੀਖਿਆ ਲਈ 8 ਨਵੰਬਰ 1927 ਨੂੰ ਭਾਰਤੀ ਐਕਟ 1919 ਅਧੀਨ ਜੌਹਨ ਸਾਈਮਨ ਦੀ ਪ੍ਰਧਾਨਗੀ ਹੇਠ ਇੱਕ 'ਇੰਡੀਅਨ ਸਟੈਚੂਟਰੀ ਕਮਿਸ਼ਨ' ਕਾਇਮ ਕੀਤਾ ਸੀ। ਆਮ ਤੌਰ 'ਤੇ ਇਸ ਨੂੰ ਸਾਈਮਨ ਕਮਿਸ਼ਨ ਵੀ ਕਿਹਾ ਜਾਂਦਾ ਹੈ। ਜੌਹਨ ਸਾਈਮਨ ਦੀ ਰਹਿਨੁਮਾਈ 'ਚ ਇਹ ਛੇ ਮੈਂਬਰੀ ਕਮਿਸ਼ਨ 3 ਫਰਵਰੀ 1928 ਨੂੰ ਭਾਰਤ ਆਇਆ।

ਮਹਾਤਮਾ ਗਾਂਧੀ ਤੇ ਕਾਂਗਰਸ ਪਾਰਟੀ ਵੱਲੋਂ ਬਾਈਕਾਟ ਕਰਨ ਦੇ ਬਾਵਜੂਦ ਡਾ: ਬੀ.ਆਰ. ਅੰਬੇਡਕਰ ਅਤੇ 18 ਦਲਿਤ ਜਥੇਬੰਦੀਆਂ ਨੇ ਸਾਈਮਨ ਕਮਿਸ਼ਨ ਦਾ ਸਵਾਗਤ ਕੀਤਾ। ਉਨ੍ਹਾਂ ਕਮਿਸ਼ਨ ਨੂੰ ਆਪਣੇ ਹੱਕਾਂ ਪ੍ਰਤੀ ਮੈਮੋਰੰਡਮ ਦਿੱਤੇ। ਡਾ: ਅੰਬੇਡਕਰ ਨੇ ਬਹਿਸਕ੍ਰਿਤ ਹਿਤਕਾਰਨੀ ਸਭਾ ਵੱਲੋਂ ਸਮਾਜਿਕ ਜਬਰ, ਜਾਤ-ਪਾਤ ਆਧਾਰਿਤ ਵਧੀਕੀਆਂ ਅਤੇ ਮਨੂੰਵਾਦੀ ਗੁਲਾਮੀ ਦੇ ਖ਼ਾਤਮੇ ਲਈ ਸਾਈਮਨ ਕਮਿਸ਼ਨ ਨੂੰ ਇੱਕ ਯਾਦ ਪੱਤਰ ਦਿੱਤਾ ਅਤੇ ਕਮਿਸ਼ਨ ਨਾਲ ਵਿਚਾਰ-ਵਟਾਂਦਰਾ ਕੀਤਾ। ਅੰਗਰੇਜ਼ ਸਰਕਾਰ ਨੇ ਭਾਰਤੀਆਂ ਦੇ ਵੱਖ-ਵੱਖ ਵਿਚਾਰਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਐਲਾਨ ਕੀਤਾ ਕਿ ਸਾਈਮਨ ਕਮਿਸ਼ਨ ਦਾ ਕੰਮ ਪੂਰਾ ਹੋਣ ਤੋਂ ਬਾਅਦ ਭਾਰਤੀਆਂ ਨੂੰ ਨਵਾਂ ਸੰਵਿਧਾਨ ਬਣਾਉਣ ਤੋਂ ਪਹਿਲਾਂ ਉਸ 'ਤੇ ਬਹਿਸ ਕਰਨ ਦਾ ਮੌਕਾ ਦਿੱਤਾ ਜਾਵੇਗਾ। ਸਾਈਮਨ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਕਰਨ ਲਈ ਲੰਡਨ ਵਿਖੇ 1930, 1931, 1932 ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ। ਬਰਤਾਨਵੀ ਸਮਰਾਟ ਜਾਰਜ ਪੰਜਵੇਂ ਨੇ 12 ਨਵੰਬਰ 1930 ਨੂੰ ਪਹਿਲੀ ਗੋਲਮੇਜ਼ ਕਾਨਫਰੰਸ ਦਾ ਲੰਡਨ ਵਿਖੇ ਉਦਘਾਟਨ ਕੀਤਾ। ਗੋਲਮੇਜ਼ ਕਾਨਫਰੰਸ ਵਿੱਚ ਡਾ: ਅੰਬੇਡਕਰ ਨੇ ਭਾਰਤ ਲਈ ਸੰਪੂਰਨ ਆਜ਼ਾਦੀ ਦੀ ਮੰਗ ਕਰਦਿਆਂ ਕਿਹਾ, 'ਮੈਂ ਉਨ੍ਹਾਂ ਲੋਕਾਂ (ਦਲਿਤਾਂ) ਵੱਲੋਂ ਬੋਲ ਰਿਹਾ ਹਾਂ, ਜੋ ਭਾਰਤ ਦੀ ਵਸੋਂ ਦਾ ਪੰਜਵਾਂ ਹਿੱਸਾ ਹਨ, ਜੋ ਇੰਗਲੈਂਡ ਜਾਂ ਫਰਾਂਸ ਦੀ ਵਸੋਂ ਨਾਲੋਂ ਵੱਧ ਹੈ। ਇਨ੍ਹਾਂ ਲੋਕਾਂ ਦੀ ਹਾਲਤ ਗੁਲਾਮਾਂ ਨਾਲੋਂ ਵੀ ਮਾੜੀ ਹੈ। ਬਰਤਾਨਵੀ ਸ਼ਾਸਨ ਤੋਂ ਪਹਿਲਾਂ ਛੂਆ-ਛੂਤ ਕਰਕੇ ਸਾਡੀ ਹਾਲਤ ਘ੍ਰਿਣਾ ਪੂਰਨ ਸੀ। ਕੀ ਬਰਤਾਨਵੀ ਸਰਕਾਰ ਨੇ ਇਸ ਨੂੰ ਦੂਰ ਕਰਨ ਲਈ ਕੁਝ ਕੀਤਾ ਹੈ ? ਬਰਤਾਨੀਆ ਤੋਂ ਪਹਿਲਾਂ ਅਸੀਂ ਖੂਹਾਂ ਤੋਂ ਪਾਣੀ ਨਹੀਂ ਸੀ ਭਰ ਸਕਦੇ, ਕੀ ਬਰਤਾਨੀਆ ਸਰਕਾਰ ਨੇ ਸਾਨੂੰ ਪਾਣੀ ਭਰਨ ਦਾ ਹੱਕ ਲੈ ਕੇ ਦਿੱਤਾ ਹੈ ? ਬਰਤਾਨੀਆ ਤੋਂ ਪਹਿਲਾਂ ਅਸੀਂ ਮੰਦਰਾਂ ਵਿੱਚ ਪ੍ਰਵੇਸ਼ ਨਹੀਂ ਸਨ ਕਰ ਸਕਦੇ, ਕੀ ਅਸੀਂ ਹੁਣ ਦਾਖ਼ਲ ਹੋ ਸਕਦੇ ਹਾਂ ?'

ਉਨ੍ਹਾਂ ਕਿਹਾ, 'ਮੈਂ ਆਜ਼ਾਦੀ ਦਾ ਵਿਰੋਧੀ ਨਹੀਂ, ਪਰ ਆਜ਼ਾਦੀ ਲੰਗੜੀ ਨਹੀਂ, ਸੰਪੂਰਨ ਹੋਣੀ ਚਾਹੀਦੀ ਹੈ।



ਸਾਨੂੰ ਅਜਿਹੀ ਸਰਕਾਰ ਚਾਹੀਦੀ ਹੈ, ਜਿਸ ਵਿਚ ਤਾਕਤ ਅਜਿਹੇ ਲੋਕਾਂ ਦੇ ਹੱਥਾਂ ਵਿਚ ਹੋਵੇ, ਜੋ ਇਕ ਮਾਤਰ ਦੇਸ਼ ਤੇ ਸਮਾਜ ਨੂੰ ਹੀ ਸਭ ਤੋਂ ਵੱਧ ਪਿਆਰ ਕਰਦੇ ਹੋਣ। ਸਾਨੂੰ ਅਜਿਹੀ ਸਰਕਾਰ ਚਾਹੀਦੀ ਹੈ, ਜਿਸ ਵਿਚ ਸ਼ਕਤੀ ਅਜਿਹੇ ਲੋਕਾਂ ਦੇ ਹੱਥਾਂ ਵਿਚ ਹੋਵੇ, ਜਿਹੜੇ ਸਮਾਜਿਕ ਅਤੇ ਆਰਥਿਕ ਢਾਂਚੇ ਵਿੱਚ ਪਰਿਵਰਤਨ ਕਰਨ ਅਤੇ ਇਨਸਾਫ਼ ਕਰਨ ਲੱਗੇ ਘਬਰਾਉਣਗੇ ਨਹੀਂ।'

ਲੰਡਨ 'ਚ ਹੋਈਆਂ ਤਿੰਨ ਗੋਲਮੇਜ਼ ਕਾਨਫ਼ਰੰਸਾਂ ਦੀ ਸਮਾਪਤੀ ਉਪਰੰਤ ਬਰਤਾਨਵੀ ਪ੍ਰਧਾਨ ਮੰਤਰੀ ਮੈਕਡਾਨਲਡ ਨੇ 17 ਅਗਸਤ 1932 ਨੂੰ ਫਿਰਕੂ ਫ਼ੈਸਲੇ (ਕਮਿਊਨਲ ਐਵਾਰਡ) ਦਾ ਐਲਾਨ ਕਰ ਦਿੱਤਾ, ਜਿਸ ਵਿੱਚ ਪ੍ਰਧਾਨ ਮੰਤਰੀ ਮੈਕਡਾਨਲਡ ਨੇ ਹਿੰਦੂ, ਮੁਸਲਮਾਨਾਂ, ਸਿੱਖਾਂ, ਯੂਰਪੀਆਂ, ਐਂਗਲੋ ਭਾਰਤੀਆਂ ਅਤੇ ਅਛੂਤ (ਦਲਿਤਾਂ) ਨੂੰ ਵੀ ਰਾਜ ਭਾਗ ਵਿੱਚ ਵੱਖ-ਵੱਖ ਚੋਣ ਪ੍ਰਣਾਲੀ ਦੇ ਅਧਿਕਾਰ ਦੇ ਦਿੱਤੇ।

ਭਾਰਤ ਦੇ ਇਤਿਹਾਸ ਵਿੱਚ ਕਮਿਊਨਲ ਐਵਾਰਡ ਰਾਹੀਂ ਪਹਿਲੀ ਵਾਰ ਦਲਿਤਾਂ ਨੂੰ ਰਾਜ-ਭਾਗ ਵਿੱਚ ਕਾਨੂੰਨੀ ਤੌਰ 'ਤੇ ਵੱਖਰੇ ਚੋਣ ਖੇਤਰਾਂ ਰਾਹੀਂ ਆਪਣੇ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਮਿਲਿਆ। ਪਰ ਮਹਾਤਮਾ ਗਾਂਧੀ ਨੇ ਅਛੂਤਾਂ (ਦਲਿਤਾਂ) ਦੇ ਵੱਖਰੇ ਅਧਿਕਾਰਾਂ ਦਾ ਵਿਰੋਧ ਕੀਤਾ। ਮਹਾਤਮਾ ਗਾਂਧੀ ਨੇ ਯਰਵਦਾ ਜੇਲ੍ਹ ਵਿਚੋਂ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਧਮਕੀ ਭਰਿਆ ਪੱਤਰ ਲਿਖਿਆ ਕਿ ਜੇਕਰ ਅਛੂਤਾਂ ਦੇ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਗਏ ਤਾਂ ਮੈਂ ਆਪਣੇ ਪ੍ਰਾਣਾਂ ਦੀ ਬਾਜ਼ੀ ਲਗਾ ਦਿਆਂਗਾ। ਏਨਾ ਹੀ ਨਹੀਂ, ਗਾਂਧੀ ਨੇ ਦਲਿਤਾਂ ਦੇ ਵੱਖਰੇ ਅਧਿਕਾਰਾਂ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ। ਡਾ: ਅੰਬੇਡਕਰ ਇਸ ਸਮੇਂ ਬੜੀ ਮੁਸੀਬਤ 'ਚ ਫਸ ਗਏ ਕਿ ਜੇ ਉਹ ਗਾਂਧੀ ਨੂੰ ਮਰਨ ਦਿੰਦੇ ਹਨ ਤਾਂ ਦੇਸ਼ ਦੇ 7 ਕਰੋੜ ਦਲਿਤ ਵੀ ਗਾਂਧੀ ਦੀ ਮੌਤ ਦੇ ਫਲਸਰੂਪ ਅਖੌਤੀ ਉੱਚ ਜਾਤੀ ਵਾਲਿਆਂ ਵੱਲੋਂ ਕੀਤੇ ਜਾਣ ਵਾਲੇ ਕਤਲੇਆਮ ਤੋਂ ਨਹੀਂ ਬਚ ਸਕਦੇ।

ਅੰਤ! ਉੱਚ ਜਾਤੀ ਦੇ ਮੁੱਖ ਆਗੂਆਂ ਵੱਲੋਂ ਡਾ: ਅੰਬੇਡਕਰ ਨੂੰ ਵਿਸ਼ਵਾਸ ਦਿਵਾਉਣ 'ਤੇ ਕਿ, 'ਹਿੰਦੂਇਜ਼ਮ ਨੂੰ ਆਪਣੇ-ਆਪ ਨੂੰ ਸੁਧਾਰਨ ਦਾ ਅੰਤਿਮ ਮੌਕਾ ਦਿਓ, ਅਸੀਂ 10 ਸਾਲਾਂ ਵਿੱਚ ਦੇਸ਼ ਵਿਚੋਂ ਜਾਤ-ਪਾਤ ਤੇ ਛੂਆ-ਛਾਤ ਦਾ ਨਾਮੋ-ਨਿਸ਼ਾਨ ਮਿਟਾ ਦਿਆਂਗੇ।' ਗਾਂਧੀ ਦੀ ਜਾਨ ਬਚਾਉਣ ਲਈ ਬੜੇ ਦੁਖੀ ਮਨ ਨਾਲ ਡਾ: ਅੰਬੇਡਕਰ ਨੇ ਦਲਿਤਾਂ ਦੇ ਅਲੱਗ ਚੋਣ ਅਧਿਕਾਰਾਂ ਦੀ ਮੰਗ ਛੱਡ ਦਿੱਤੀ। ਸਿੱਟੇ ਵਜੋਂ ਗਾਂਧੀ ਤੇ ਡਾ: ਅੰਬੇਡਕਰ (ਜੋ ਦੋ ਕੌਮਾਂ ਦੀ ਨੁਮਾਇੰਦਗੀ ਕਰਦੇ ਸਨ) ਵਿਚਕਾਰ 24 ਸਤੰਬਰ, 1932 ਨੂੰ 'ਪੂਨਾ ਪੈਕਟ' ਨਾਂਅ ਦਾ ਸਮਝੌਤਾ ਹੋਇਆ, ਜਿਸ ਤਹਿਤ ਅਛੂਤ ਦਲਿਤ (ਅਨੁਸੂਚਿਤ ਜਾਤੀਆਂ, ਕਬੀਲਿਆਂ) ਨੂੰ ਪਹਿਲੀ ਵਾਰ ਰਾਖਵਾਂਕਰਨ ਦੀ ਸਹੂਲਤ ਦਿੱਤੀ ਗਈ।

ਇਸ ਲਈ ਰਾਖਵਾਂਕਰਨ ਦਲਿਤ ਵਰਗਾਂ ਲਈ ਕੋਈ ਭੀਖ ਜਾਂ ਦਇਆ ਨਹੀਂ, ਬਲਕਿ ਦਲਿਤਾਂ ਦਾ ਇਸ ਦੇ ਬਦਲੇ ਵਿੱਚ ਦਲਿਤਾਂ ਦੀ ਆਪਣੇ ਵੱਖਰੇ ਚੋਣ ਤੇ ਦੋਹਰੀ ਵੋਟ ਦਾ ਅਧਿਕਾਰ ਛੱਡਣਾ ਇਕ ਮਹਾਨ ਕੁਰਬਾਨੀ ਹੈ। ਕਮਿਊਨਲ ਐਵਾਰਡ ਰਾਹੀਂ ਮਿਲੇ ਵੱਖਰੇ ਅਧਿਕਾਰਾਂ ਨੂੰ ਮਜਬੂਰਨ ਛੱਡ ਕੇ ਰਾਖਵਾਂਕਰਨ ਲੈਣ ਪਿੱਛੇ ਵੀ ਡਾ: ਅੰਬੇਡਕਰ ਦੀ ਬਹੁਤ ਡੂੰਘੀ ਸੋਚ ਸੀ, ਕਿਉਂਕਿ ਉਹ ਇਹ ਮਹਿਸੂਸ ਕਰਦੇ ਸਨ ਕਿ ਇਨਸਾਨ ਨੂੰ ਜ਼ਿੰਦਾ ਰਹਿਣ ਲਈ ਚਾਰ ਸਾਧਨਾਂ ਨੌਕਰੀਪੇਸ਼ਾ, ਜ਼ਮੀਨ, ਉਦਯੋਗ ਤੇ ਵਪਾਰ ਵਿਚੋਂ ਇੱਕ ਦਾ ਹੋਣਾ ਜ਼ਰੂਰੀ ਹੈ। ਪ੍ਰੰਤੂ ਮੇਰੇ ਲੋਕਾਂ ਕੋਲ ਤਾਂ ਇਨ੍ਹਾਂ ਵਿਚੋਂ ਇਕ ਵੀ ਸਾਧਨ ਨਹੀਂ ਹੈ। ਇਸ ਲਈ ਨਾ ਚਾਹੁੰਦੇ ਹੋਏ ਵੀ ਮਜਬੂਰੀ ਵੱਸ ਉਨ੍ਹਾਂ ਨੂੰ ਪੂਨਾ ਪੈਕਟ ਦਾ ਕੌੜਾ ਘੁੱਟ ਭਰਨਾ ਪਿਆ ਅਤੇ ਰਾਖਵਾਂਕਰਨ ਨੂੰ ਸਵੀਕਾਰ ਕਰਨਾ ਪਿਆ। ਸਦੀਆਂ ਦੇ ਪਛਾੜੇ, ਲਤਾੜੇ, ਅਛੂਤ, ਗੁਲਾਮ ਰਾਖਵੀਆਂ ਸੀਟਾਂ 'ਤੇ ਮੰਤਰੀ, ਸੰਸਦ ਮੈਂਬਰ, ਵਿਧਾਇਕ ਪੰਚ-ਸਰਪੰਚ ਅਤੇ ਮੁਲਾਜ਼ਮ-ਅਫ਼ਸਰ ਬਣਨ ਲੱਗੇ। ਦੁੱਖ ਤਾਂ ਇਸ ਗੱਲ ਦਾ ਹੈ ਕਿ ਰਾਖਵੀਆਂ ਸੀਟਾਂ 'ਤੇ ਜਿੱਤੇ ਇਹ ਮੰਤਰੀ, ਸੰਸਦ ਮੈਂਬਰ, ਵਿਧਾਇਕ ਸੰਸਦ ਤੇ ਵਿਧਾਨ ਸਭਾਵਾਂ ਵਿੱਚ ਇਸ ਕਰਕੇ ਬੋਲਦੇ ਹੀ ਨਹੀਂ ਕਿ ਜੇ ਬੋਲੇ ਤਾਂ ਅਗਲੀ ਵਾਰ ਟਿਕਟ ਤੇ ਮੰਤਰੀ ਦਾ ਅਹੁਦਾ ਕੱਟਿਆ ਜਾਵੇਗਾ। ਹੁਣ ਡਾ: ਅੰਬੇਡਕਰ ਦੇ ਜਨਮ ਦਿਨ ਮਨਾਉਣ ਨੂੰ ਹਾਕਮ ਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ 'ਦਲਿਤਾਂ ਲਈ ਅਫ਼ੀਮ' ਦੇ ਤੌਰ 'ਤੇ ਵਰਤਣਾ ਸ਼ੁਰੂ ਕੀਤਾ ਹੋਇਆ ਹੈ ਤਾਂ ਜੋ ਦਲਿਤ ਸ਼ੋਸ਼ਿਤ ਮਜ਼ਦੂਰ ਕਿਸਾਨ ਉਨ੍ਹਾਂ ਦੇ ਬੇਹੋਸ਼ ਵੋਟਰ ਬਣੇ ਰਹਿਣ, ਕਿਉਂਕਿ ਉਨ੍ਹਾਂ ਨੂੰ ਡਾ: ਅੰਬੇਡਕਰ ਦੇ ਸਮਾਜਵਾਦ ਨਾਲ ਕੋਈ ਸਰੋਕਾਰ ਨਹੀਂ, ਸਿਰਫ਼ ਵੋਟਾਂ ਨਾਲ ਹੈ। ਬਸ! ਇਹੋ ਦਲਿਤਾਂ ਦੀ ਤ੍ਰਾਸਦੀ ਦਾ ਕਾਰਨ ਬਣਿਆ ਹੋਇਆ ਹੈ।


# ਮਹਾਨ ਕੋਸ਼ ਨਾਲ ਸਬੰਧਿਤ ਘਟਨਾਕ੍ਰਮ-ਭਵਿੱਖ ਲਈ ਯੂਨੀਵਰਸਟੀ ਠੋਸ ਪ੍ਰਬੰਧ ਕਰੇ


ਪ੍ਰੋ.ਫੈਸਰ ਰਣਜੀਤ ਸਿੰਘ ਧਨੋਆ

ਲੰਘੇ ਅਗਸਤ ਦੀ 29 ਤਾਰੀਖ ਨੂੰ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਜਦੋਂ ਦੇਖਿਆ ਕਿ ਇੱਕ ਟੋਏ ਵਿੱਚ ਭਾਈ ਕਾਹਨ ਸਿੰਘ ਨਾਭਾ ਦੁਆਰਾ ਰਚਿਤ ਉਸ ਮਹਾਨ ਕੋਸ਼ ਦੀਆਂ ਵੱਡੀ ਗਿਣਤੀ ਵਿੱਚ ਕਾਪੀਆਂ ਨੂੰ ਸੁੱਟ ਕੇ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਵਿੱਚ 30000 ਤੋਂ ਵੀ ਵਧੇਰੇ ਗ਼ਲਤੀਆਂ ਹੋਣ ਦੀ ਚਰਚਾ ਚੱਲ ਰਹੀ ਸੀ ਤਾਂ ਉਨ੍ਹਾਂ ਨੇ ਯੂਨੀਵਰਸਿਟੀ ਦੀ ਇਸ ਕਾਰਵਾਈ ਦਾ ਉਸੇ ਵਕਤ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਵਿਦਿਆਰਥੀਆਂ ਦੇ ਵਿਰੋਧ ਅੱਗੇ ਝੁਕਣ ਦਾ ਦਿਖਾਵਾ ਕਰਦਿਆਂ ਬੇਸ਼ੱਕ ਯੂਨੀਵਰਸਿਟੀ ਪ੍ਰਸ਼ਾਸਨ ਨੇ ਆਪਣੀ ਗ਼ਲਤੀ ਦੇ ਅਹਿਸਾਸ ਵਜੋਂ ਦੋ ਕਰਮਚਾਰੀਆਂ ਨੂੰ ਮੁਅੱਤਲ ਕਰਕੇ ਮਾਮਲੇ ਦੀ ਲਿੱਪਾ-ਪੋਚੀ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਇਹ ਸਮੁੱਚਾ ਘਟਨਾਕ੍ਰਮ ਜਿੱਥੇ ਆਪਣੇ ਪਿੱਛੇ ਬਹੁਤ ਸਾਰੇ ਸਵਾਲ ਛੱਡ ਗਿਆ ਹੈ ਉਥੇ ਇਸ ਦੇ ਕੁਝ ਪਹਿਲੂ ਅਜਿਹੇ ਵੀ ਹਨ ਜਿਨ੍ਹਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਣੀ ਬਣਦੀ ਹੈ।

ਪਹਿਲੀ ਵਾਰ 1927 ਵਿੱਚ ਛਪੇ ਇਸ ਮਹਾਨ ਕੋਸ਼ ਨੂੰ ਜਦੋਂ ਪੰਜਾਬੀ ਯੂਨੀਵਰਸਿਟੀ ਨੇ ਦੂਜੀ ਵਾਰ ਛਾਪਿਆ ਤਾਂ ਇਸ ਵਿੱਚ ਅਨੇਕਾਂ ਗ਼ਲਤੀਆਂ, ਵਿਆਕਰਨ ਨਿਯਮਾਂ ਦੀ ਅਣਦੇਖੀ, ਤੱਥਾਂ ਦੀ ਬੇਤਰਤੀਬੀ ਅਤੇ ਧਾਰਮਿਕ ਗ੍ਰੰਥਾਂ ਦੇ ਮੁਢਲੇ ਹਵਾਲੇ ਤੇ ਉਨ੍ਹਾਂ ਦੇ ਅਰਥਾਂ ਨਾਲ ਛੇੜ ਛਾੜ ਦਾ ਮਾਮਲਾ ਸਾਹਮਣੇ ਆਇਆ। ਠੀਕ ਇਥੋਂ ਹੀ ਸ਼ੁਰੂ ਹੁੰਦੀ ਹੈ ਸਵਾਲਾਂ ਦੀ ਉਹ ਲੜੀ ਜਿਨ੍ਹਾਂ ਦਾ ਜਵਾਬ ਅਸੀਂ ਪਾਠਕਾਂ ਲਈ ਖੋਜੇ ਜਾਣ ਦੀ ਮੰਗ ਕਰਦੇ ਹਾਂ। ਪੌਣੇ ਤਿੰਨ ਕਰੋੜ ਦੀ ਲਾਗਤ ਨਾਲ ਦੂਸਰੀ ਵਾਰ ਛਪੇ ਇਸ ਮਹਾਨ ਕੋਸ਼ ਵਿੱਚ 30000 ਗ਼ਲਤੀਆਂ ਕਿਵੇਂ ਰਹਿ ਗਈਆਂ ਜਦੋਂ ਕਿ ਉਸ ਵਕਤ ਦੇ ਬਾਜ਼ਾਰ ਭਾਅ ਨਾਲੋਂ ਡੇਢੇ ਦੁੱਗਣੇ ਭਾਅ ਤੈਅ ਕਰਕੇ ਅਨੁਵਾਦਕ ਨੂੰ ਪ੍ਰਤੀ ਪੰਨਾ 1600 ਰੁਪਏ, ਗ਼ਲਤੀਆਂ ਦੀ ਸੁਧਾਈ ਕਰਨ ਵਾਲੇ ਨੂੰ ਪ੍ਰਤੀ ਪੰਨਾ 1200 ਰੁਪਏ ਅਤੇ ਪਰੂਫ਼ ਰੀਡਿੰਗ ਲਈ ਪ੍ਰਤੀ ਪੰਨਾ 400 ਰੁਪਏ ਦਿੱਤੇ ਗਏ ਸਨ। ਕਹਿਣ ਤੋਂ ਭਾਵ 1250 ਪੰਨਿਆਂ ਵਾਲੇ ਇਸ ਮਹਾਨ ਕੋਸ਼ ਵਿੱਚ ਜੇਕਰ ਤੀਹ ਹਜ਼ਾਰ ਗ਼ਲਤੀਆਂ ਰਹਿ ਗਈਆਂ ਤਾਂ ਅਨੁਵਾਦਕ ਵੀਹ ਲੱਖ, ਸੁਧਾਈ ਕਰਨ ਵਾਲਾ 15 ਲੱਖ ਕਿਸ ਚੀਜ਼ ਦੇ ਲੈ ਗਏ ? ਪਰੂਫ਼ ਰੀਡਿੰਗ ਲਈ ਪੰਜ ਲੱਖ ਰੁਪਏ ਵਸੂਲਣ ਵਾਲੇ ਦਾ ਵੀ ਇਨ੍ਹਾਂ ਗ਼ਲਤੀਆਂ 'ਤੇ ਧਿਆਨ ਕਿਉਂ ਨਹੀਂ ਗਿਆ ?

ਸਾਡਾ ਦੂਸਰਾ ਸਵਾਲ ਹੈ ਕਿ, ਕੀ ਉਹ ਯੂਨੀਵਰਸਿਟੀ ਦੇ ਹੀ ਕਰਮਚਾਰੀ ਸਨ ਜਾਂ ਫ਼ਿਰ ਬਾਹਰਲੇ ਵਿਅਕਤੀ ਸਨ ਜਿਨ੍ਹਾਂ ਨੂੰ ਇਹ ਅਤਿ ਮਹੱਤਵਪੂਰਨ ਕੰਮ ਸੌਂਪਿਆ ਗਿਆ ਸੀ ? ਜੇਕਰ ਇਹ ਵਿਅਕਤੀ ਯੂਨੀਵਰਸਿਟੀ ਤੋਂ ਬਾਹਰੀ ਸਨ ਤਾਂ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿਭਾਗਾਂ ਦੇ ਮੁਖੀਆਂ ਦੀ ਇਸ ਮਹਾਨ ਕੋਸ਼ ਦੀ ਛਪਾਈ ਕਾਰਜ ਵਿੱਚ ਕੀ ਭੂਮਿਕਾ ਸੀ ? ਸਾਡੀ ਸਮਝ ਅਨੁਸਾਰ ਇਹ ਤਿੰਨੋਂ ਕੰਮ ਯੂਨੀਵਰਸਿਟੀ ਦੇ ਅੰਦਰੋਂ ਹੀ ਹੋਏ ਹੋਣਗੇ। ਸਾਡੇ ਇਸ ਕਥਨ ਪਿੱਛੇ ਇੱਕ ਠੋਸ ਤਰਕ ਇਹ ਹੈ ਕਿ ਕਿਸੇ ਖਰੜੇ ਦੀ ਦੂਸਰੀ ਵਾਰ



ਛਪਾਈ ਹੋਣ ਵਕਤ ਅਕਸਰ ਉਸ ਕੰਮ ਨੂੰ ਬਹੁਤੀ ਸੰਜੀਦਗੀ ਨਾਲ ਨਹੀਂ ਲਿਆ ਜਾਂਦਾ ਬਲਕਿ ਇੱਕ ਰਸਮੀ ਕਾਰਵਾਈ ਵਜੋਂ ਹੀ ਕੰਮ ਨੂੰ ਅੰਜਾਮ ਦੇ ਦਿੱਤਾ ਜਾਂਦਾ ਹੈ। ਕੀ ਇਸੇ ਕਾਰਨ ਹੀ ਤਿੰਨੇ ਅਹਿਮ ਜ਼ਿੰਮੇਵਾਰੀਆਂ ਨਿਭਾਉਣ ਵਾਲੇ ਵਿਅਕਤੀਆਂ ਦੇ ਨਾਂਅ ਨਸ਼ਰ ਕਰਨ ਤੋਂ ਯੂਨੀਵਰਸਿਟੀ ਪ੍ਰਸ਼ਾਸਨ ਸੰਕੋਚ ਤਾਂ ਨਹੀਂ ਕਰ ਰਿਹਾ ? ਕਿਉਂਕਿ ਸਰਕਾਰੀ ਅਦਾਰਿਆਂ ਵਿੱਚ ਇਸ ਤਰ੍ਹਾਂ ਦੇ ਕੰਮਾਂ ਲਈ ਮੁਖੀ (ਇੱਥੇ ਉਪ-ਕੁਲਪਤੀ) ਦੀ ਅਗਵਾਈ ਹੇਠ ਬਣੀਆਂ ਕਮੇਟੀਆਂ ਸਮਾਂ ਸੀਮਾ ਅਤੇ ਬਾਕੀ ਸ਼ਰਤਾਂ ਨਿਰਧਾਰਿਤ ਕਰਕੇ ਹੀ ਸੰਬੰਧਿਤ ਵਿਅਕਤੀ ਨੂੰ ਕੀਤਾ ਜਾਣ ਵਾਲਾ ਕਾਰਜ ਸੌਂਪਦੀਆਂ ਹਨ। ਜੇ ਉਹ ਬਾਹਰੀ ਵਿਅਕਤੀ ਸਨ ਤਾਂ ਫ਼ਿਰ ਵਿਭਾਗਾਂ ਦੇ ਮੁਖੀਆਂ ਨੂੰ ਇਸ ਸਮੁੱਚੇ ਕਾਰਜ ਦੌਰਾਨ ਲਾਂਭੇ ਕਿਉਂ ਰੱਖਿਆ ਗਿਆ ?

2016 ਵਿੱਚ ਇੱਕ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਿਆ ਸੀ, ਜਿਸ ਵਿੱਚ ਇਹ ਮੰਗ ਰੱਖੀ ਗਈ ਸੀ ਕਿ ਗ਼ਲਤੀਆਂ ਹੋਣ ਕਾਰਨ ਇਸ ਮਹਾਨ ਕੋਸ਼ ਦੀ ਵਿਕਰੀ ਅਤੇ ਵੰਡ 'ਤੇ ਰੋਕ ਲੱਗਣੀ ਚਾਹੀਦੀ ਹੈ। ਏਨਾ ਹੀ ਨਹੀਂ ਅਦਾਲਤ ਨੇ 2018 ਵਿੱਚ ਇਸ ਕੋਸ਼ ਦੀ ਵਿਕਰੀ 'ਤੇ ਰੋਕ ਲਗਾ ਵੀ ਦਿੱਤੀ ਸੀ। ਪਰੰਤੂ ਅਦਾਲਤੀ ਹੁਕਮਾਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਤਿੰਨ ਤੋਂ ਚਾਰ ਸਾਲ ਕਿਸ ਦੇ ਇਸ਼ਾਰੇ 'ਤੇ ਇਸ ਮਹਾਨ ਕੋਸ਼ ਦੀ ਵਿੱਕਰੀ ਨੂੰ ਜਾਰੀ ਰੱਖਿਆ ਗਿਆ ? ਕੀ ਇਹ ਅਦਾਲਤੀ ਹੁਕਮਾਂ ਦੀ ਅਣਦੇਖੀ ਦਾ ਮਾਮਲਾ ਨਹੀਂ ਬਣਦਾ ? ਜੇ ਹਾਂ ਤਾਂ ਇਸ ਲਈ ਕਿਹੜੀ ਧਿਰ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ ?

ਸਰਕਾਰੀ ਅਦਾਰਿਆਂ ਦੇ ਵਿੱਤੀ ਆਦਾਨ ਪ੍ਰਦਾਨ ਵਾਲੇ ਕੰਮਾਂ ਵਿੱਚ ਸੰਜੀਦਗੀ ਵਧੇਰੇ ਹੋਣ ਕਾਰਨ ਅਜਿਹੇ ਕੰਮਾਂ ਵਿੱਚ ਸ਼ਾਮਿਲ ਵਿਅਕਤੀ ਫ਼ੂਕ-ਫ਼ੂਕ ਕੇ ਕਦਮ ਰੱਖਦੇ ਹਨ। ਸੰਭਵਤਾ ਪੂਰਨ ਇਸ ਛਪਾਈ ਕਾਰਜ ਲਈ ਅਨੁਵਾਦ ਕਰਨ, ਸੋਧ ਅਤੇ ਪਰੂਫ਼ ਰੀਡਿੰਗ ਲਈ ਸਥਾਪਿਤ ਵਿਧੀ ਅਨੁਸਾਰ ਸੰਬੰਧਿਤ ਫ਼ਰਮਾਂ ਪਾਸੋਂ ਅੰਦਾਜ਼ਨ ਲਾਗਤ ਖਰਚਿਆਂ ਦਾ ਵੇਰਵਾ ਮੰਗਣ, ਤੁਲਨਾਤਮਿਕ ਸਟੇਟਮੈਂਟ ਆਦਿ ਦੇ ਦਸਤਾਵੇਜ਼ ਤਿਆਰ ਕਰਨ ਦੀ ਲੋੜ ਪਈ ਹੋਵੇਗੀ। ਨਿਰਧਾਰਿਤ ਕੰਮ ਨੂੰ ਸ਼ੁਰੂ ਕਰਨ ਦੀ ਆਗਿਆ ਦੇਣ ਤੋਂ ਲੈ ਕੇ ਉਕਤ ਸਾਰੇ ਕਾਗਜ਼ ਅਤੇ ਬਿਲਾਂ ਦੇ ਭੁਗਤਾਨ ਨੂੰ ਉਪ-ਕੁਲਪਤੀ ਨੇ ਹੀ ਤਸਦੀਕ ਕੀਤਾ ਹੋਵੇਗਾ। ਸਵਾਲਾਂ ਸਿਰ ਸਵਾਲ ਇਹ ਕਿ ਉਕਤ ਤੱਥਾਂ ਦੀ ਰੌਸ਼ਨੀ ਵਿੱਚ ਇਸ ਹੋਈ ਕੋਤਾਹੀ ਲਈ ਉਸ ਸਮੇਂ ਦੇ ਉਪ-ਕੁਲਪਤੀ ਨੂੰ ਬਰਾਬਰ ਦਾ ਜ਼ਿੰਮੇਵਾਰ ਕਿਉਂ ਨਾ ਠਹਿਰਾਇਆ ਜਾਵੇ ? ਜੇਕਰ ਇਸ ਸਵਾਲ ਦਾ ਉੱਤਰ ਹਾਂ ਵਿੱਚ ਹੈ ਤਾਂ ਫ਼ਿਰ ਇੱਕ ਹੋਰ ਸਵਾਲ ਖੜ੍ਹਾ ਹੁੰਦਾ ਹੈ ਕਿ ਉਪ-ਕੁਲਪਤੀ ਨੇ ਪ੍ਰੈਸ ਇੰਚਾਰਜ ਹਰਿੰਦਰਪਾਲ ਸਿੰਘ ਕਾਲੜਾ ਅਤੇ ਹੇਮਿੰਦਰ ਭਾਰਤੀ ਨੂੰ ਕਿਸ ਅਧਿਕਾਰਤ ਹੈਸੀਅਤ ਵਿੱਚ ਮੁਅੱਤਲ ਕਰ ਦਿੱਤਾ ? ਇਹ ਵੀ ਸਭ ਜਾਣਦੇ ਹਨ ਕਿ ਪ੍ਰੈਸ ਇੰਚਾਰਜ ਦਾ ਕੰਮ ਤਾਂ ਮੁਹੱਈਆ ਕਰਵਾਏ ਗਏ ਮਾਸਟਰ ਪ੍ਰਿੰਟ ਨੂੰ ਨਿਰਧਾਰਤ ਮੰਗ ਅਨੁਸਾਰ ਛਾਪ ਕੇ ਜਿਲਦ ਬਗੈਰਾ ਬੰਨ੍ਹ ਕੇ ਕਿਤਾਬ ਨੂੰ ਤਿਆਰ ਕਰਵਾਉਣਾ ਹੁੰਦਾ ਹੈ। ਕੀ ਸਮੁੱਚੇ ਘਟਨਾਕ੍ਰਮ ਲਈ ਇਹ ਦੋਵੇਂ ਵਿਅਕਤੀ ਹੀ ਜ਼ਿੰਮੇਵਾਰ ਸਨ ?

ਯੂਨੀਵਰਸਿਟੀ ਦੇ ਉਪ-ਕੁਲਪਤੀ ਵਲੋਂ ਇਹ ਕਹਿਣਾ ਆਪਣੇ-ਆਪ ਵਿੱਚ ਸਵਾਲ ਪੈਦਾ ਕਰਦਾ ਹੈ ਕਿ ਮਾਹਿਰਾਂ ਵੱਲੋਂ ਸੁਝਾਏ ਅਨੁਸਾਰ ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਨਸ਼ਟ ਕਰਨ ਲਈ ਟੋਇਆ ਪੁੱਟ ਕੇ ਪਾਣੀ ਅਤੇ ਮਿੱਟੀ ਪਾਉਣ ਦਾ ਫ਼ੈਸਲਾ ਵਾਤਾਵਰਣ ਮੁਖੀ ਨਾਲ ਮੂੰਹ ਜ਼ੁਬਾਨੀ ਕੀਤੀ ਗਈ ਸਲਾਹ ਉਪਰੰਤ ਲਿਆ ਗਿਆ ਸੀ। ਜਦੋਂ ਕਿ ਸਰਕਾਰੀ ਕੰਮਾਂ-ਕਾਰਾਂ ਨਾਲ ਥੋੜ੍ਹਾ ਜਿਹਾ ਵੀ ਬਾ-ਵਾਸਤਾ ਰੱਖਣ ਵਾਲਾ ਵਿਅਕਤੀ ਵੀ ਬਾਖ਼ੂਬੀ ਜਾਣਦਾ ਹੈ ਕਿ ਇਨ੍ਹਾਂ ਅਦਾਰਿਆਂ ਵਿਚ ਤਾਂ ਜੇ ਦੋ ਢਾਈ ਸੌ ਰੁਪਏ ਦੇ ਮੁੱਲ ਦੀ ਕੋਈ ਚੀਜ਼ ਵੀ ਨਸ਼ਟ ਕਰਨੀ ਹੋਵੇ ਤਾਂ ਉਸ ਲਈ ਵੀ ਸਥਾਪਿਤ ਵਿਧੀ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਤਾਂ ਫ਼ਿਰ ਵੀ ਪੰਜਾਬੀ ਭਾਸ਼ਾ ਦੇ ਨਾਂਅ 'ਤੇ ਬਣਿਆ ਉਚੇਰੀ ਸਿੱਖਿਆ ਦਾ ਸੰਸਥਾਨ ਹੈ, ਇਸ ਨੇ ਪੌਣੇ ਤਿੰਨ ਕਰੋੜ ਦੀ ਲਾਗਤ ਨਾਲ ਛਪੇ ਇਸ ਮਹਾਨ ਕੋਸ਼ ਨੂੰ ਨਸ਼ਟ ਕਰਨ ਦੀ ਵਿਧੀ-ਵਿਧਾਨ ਸੰਬੰਧੀ ਸਿੱਖ ਵਿਦਵਾਨਾਂ, ਸਿੱਖਿਆ ਤੇ ਸਮਾਜ ਸ਼ਾਸਤਰੀਆਂ ਤੇ ਸੰਪਾਦਨਾ ਦੇ ਕੰਮ ਨਾਲ ਜੁੜੀਆਂ ਸੀਨੀਅਰ ਹਸਤੀਆਂ ਨਾਲ ਵਿਚਾਰ ਵਟਾਂਦਰਾ ਕਿਉਂ ਨਹੀਂ ਕੀਤਾ ?

ਇਸ ਸਮੁੱਚੇ ਘਟਨਾਕ੍ਰਮ ਵਿੱਚ ਸਿੱਖ ਪੰਥ ਦੇ ਧਾਰਮਿਕ, ਵਿਦਿਅਕ ਸੇਵਾ ਸੰਭਾਲ ਅਤੇ ਪ੍ਰਚਾਰ ਕਾਰਜਾਂ ਲਈ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਆਪਣੇ ਹਿੱਸੇ ਦੇ ਸਵਾਲ ਤੋਂ ਬਚ ਨਹੀਂ ਸਕਦੀ, ਜਿਸ ਨੇ ਇਸ ਮਹਾਨ ਕੋਸ਼ ਵਿੱਚ ਗ਼ਲਤੀਆਂ ਹੋਣ ਦੀ ਸ਼ਿਕਾਇਤ ਮਿਲਣ ਉਪਰੰਤ ਆਪਣੇ ਪੱਧਰ 'ਤੇ ਇੱਕ ਮਾਹਿਰਾਂ ਦੀ ਕਮੇਟੀ ਦਾ ਗਠਨ ਕੀਤਾ ਸੀ ਤੇ ਉਸ ਕਮੇਟੀ ਨੇ ਗ਼ਲਤੀਆਂ ਹੋਣ ਦੀ ਪੁਸ਼ਟੀ ਕਰਦਿਆਂ ਇਸ ਕੋਸ਼ ਦੀ ਵਿਕਰੀ 'ਤੇ ਮੁਕੰਮਲ ਰੋਕ ਲਗਾਉਣ ਦੀ ਸਿਫ਼ਾਰਿਸ਼ ਕੀਤੀ ਸੀ। ਇਸ ਦੇ ਨਾਲ ਹੀ ਪੰਜਾਬ ਦੀ ਉਚ ਅਦਾਲਤ ਵੀ ਇਸੇ ਕਾਰਨ ਉਕਤ ਕੋਸ਼ ਦੀ ਵਿਕਰੀ 'ਤੇ ਰੋਕ ਲਗਾਉਣ ਦਾ ਫ਼ੈਸਲਾ ਕਰ ਚੁੱਕੀ ਸੀ। ਮਾਹਿਰਾਂ ਦੀ ਸਿਫ਼ਾਰਿਸ਼ ਤੇ ਅਦਾਲਤ ਦੇ ਫ਼ੈਸਲੇ ਦੇ ਬਾਵਜੂਦ ਮਹਾਨ ਕੋਸ਼ ਦੀ ਵਿਕਰੀ ਤਿੰਨ ਤੋਂ ਚਾਰ ਸਾਲ ਤੱਕ ਬੇਰੋਕ ਟੋਕ ਜਾਰੀ ਰਹਿੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਠੋਸ ਕਾਰਵਾਈ ਅਮਲ ਵਿੱਚ ਲਿਆਉਣ ਤੋਂ ਕਿਉਂ ਅਸਫ਼ਲ ਹੋਈ ?

(ਬਾਕੀ ਸਫ਼ਾ 26 'ਤੇ)

# ਹੜ੍ਹਾਂ ਦੀ ਸਮੱਸਿਆ ਦੇ ਹੱਲ ਲਈ ਮਜ਼ਬੂਤ ਰਾਜਨੀਤਕ ਇਰਾਦੇ ਦੀ ਲੋੜ



ਕੇ.ਐਸ. ਪੰਨੂ
ਸਾਬਕਾ ਆਈ.ਐਸ. ਅਧਿਕਾਰੀ।

ਪੰਜਾਬ ਦੇ ਜੰਮਿਆਂ ਨੂੰ ਅੱਜ ਕੱਲ੍ਹ ਇੱਕ ਹੋਰ ਮੁਸੀਬਤ ਨਾਲ ਸਿੱਝਣਾ ਪੈ ਰਿਹਾ ਹੈ। 2025 ਦੇ ਅਗਸਤ-ਸਤੰਬਰ ਮਹੀਨੇ 'ਚ ਹੋਈਆਂ ਬਾਰਿਸ਼ਾਂ ਕਾਰਨ ਪੰਜਾਬ, ਹੜ੍ਹਾਂ ਦੀ ਮਹਾਂ ਤਰਾਸਦੀ ਦਾ ਸ਼ਿਕਾਰ ਹੋਇਆ ਹੈ। ਸਾਲ 2023 ਵਿੱਚ ਵੀ ਜੁਲਾਈ ਮਹੀਨੇ ਇਸੇ ਤਰ੍ਹਾਂ ਪੰਜਾਬ ਦਾ ਵੱਡਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ ਸੀ।

ਵਾਤਾਵਰਣ ਵਿੱਚ ਹੋ ਰਹੀ ਤਬਦੀਲੀ ਕਾਰਨ ਪਹਾੜਾਂ ਅਤੇ ਮੈਦਾਨਾਂ ਵਿੱਚ ਪੈਂਦੇ ਮੂਸਲੇਧਾਰ ਮੀਂਹ ਅਤੇ ਬੱਦਲ ਫਟਣ ਦੀਆਂ ਮਨੁੱਖੀ ਕੰਟਰੋਲ ਤੋਂ ਬਾਹਰ ਹੋ ਵਾਪਰਦੀਆਂ ਕੁਦਰਤੀ ਘਟਨਾਵਾਂ ਮੁੱਖ ਤੌਰ 'ਤੇ ਹੜ੍ਹਾਂ ਦਾ ਕਾਰਨ ਬਣ ਰਹੀਆਂ ਹਨ। ਪੰਜਾਬ ਵਾਸੀਆਂ ਦੇ ਚੇਤੇ ਵਿੱਚ ਸਤੰਬਰ 1947, ਅਕਤੂਬਰ 1955, ਜੁਲਾਈ 1988, ਸਤੰਬਰ 1993 ਦੇ ਹੜ੍ਹਾਂ ਵੱਲੋਂ ਵੱਡੇ ਪੱਧਰ ਦੇ ਕੀਤੀ ਤਬਾਹੀ ਦੀਆਂ ਯਾਦਾਂ ਅਜੇ ਵੀ ਕਈ ਵਾਰੀ ਤਾਜ਼ੀਆਂ ਹੋ ਜਾਂਦੀਆਂ ਹਨ।

1955 ਦੇ ਹੜ੍ਹਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਸਰਦਾਰ ਪਰਤਾਪ ਸਿੰਘ ਕੈਰੋਂ, ਮੁੱਖ ਮੰਤਰੀ ਦੀ ਅਗਵਾਈ ਹੇਠ ਬਹੁਤ ਵੱਡੀ ਪੂੰਜੀ ਖਰਚ ਕੇ ਵੱਡੇ ਪੱਧਰ 'ਤੇ ਪੰਜਾਬ ਵਿੱਚ ਡਰੇਨਾਂ ਕੱਢੀਆਂ ਸਨ ਅਤੇ ਦਰਿਆਵਾਂ 'ਤੇ ਧੁੱਸੀ ਬੰਨ੍ਹ ਬਣਾਏ ਸਨ। ਕਿਉਂਕਿ ਪੰਜਾਬ ਦਾ ਸਾਰਾ ਖਿੱਤਾ ਇਸ ਦੇ ਚਾਰ ਦਰਿਆਵਾਂ ਰਾਵੀ, ਬਿਆਸ, ਸਤਲੁਜ ਅਤੇ ਘੱਗਰ ਦਾ ਬੇਸਿਨ ਹੈ, ਇਸ ਲਈ ਪੰਜਾਬ ਦੇ ਕੁਦਰਤੀ ਪਾਣੀ ਦੇ ਵਹਾਅ ਦੇ ਸਾਰੇ ਸਰੋਤ ਜਿਵੇਂ ਕਿ ਨਾਲੇ, ਡਰੇਨਾਂ, ਚੋਆਂ, ਰਾਉ ਆਦਿ ਅਲੱਗ ਅਲੱਗ ਭੂਗੋਲਿਕ ਸਥਿਤੀ ਅਨੁਸਾਰ ਕਿਸੇ ਇੱਕ ਜਾਂ ਦੂਜੇ ਦਰਿਆ ਵਿੱਚ ਜਾ ਕੇ ਡਿਗਦੇ ਹਨ। ਮੌਸਮੀ ਤਬਦੀਲੀਆਂ ਕਾਰਨ ਪੰਜਾਬ ਦੇ ਦਰਿਆਵਾਂ ਦਾ ਪਹਾੜੀ ਕੈਚਮੈਂਟ ਏਰੀਆ ਜੋ ਕਿ ਹਿਮਾਚਲ ਅਤੇ ਜੰਮੂ ਦੀਆਂ ਉੱਚੀਆਂ ਪਹਾੜੀਆਂ ਵਿੱਚ ਪੈਂਦਾ ਹੈ ਜਿੱਥੇ ਕਈ ਵਾਰ ਇਕਦਮ ਬਹੁਤ ਜ਼ਿਆਦਾ ਮੀਂਹ ਪੈ ਜਾਣ ਕਾਰਨ ਦਰਿਆਵਾਂ ਵਿੱਚ ਇਕਦਮ ਮਣਾਂ ਮੂੰਹੀਂ ਪਾਣੀ ਆ ਜਾਂਦਾ ਹੈ। ਇਸ ਵਾਰ ਮਿਤੀ 28 ਅਗਸਤ ਨੂੰ ਜੰਮੂ ਵਿੱਚ 380 ਮਿਲੀਮੀਟਰ ਬਰਸਾਤ ਇੱਕ ਦਿਨ ਵਿੱਚ ਹੋਈ ਜਿਸ ਨਾਲ ਰਾਵੀ ਦਰਿਆ ਪੂਰੇ ਉਫਾਨ 'ਤੇ ਆਇਆ। ਦੱਸਣਯੋਗ ਹੈ ਕਿ ਪੰਜਾਬ ਵਿੱਚ ਸਾਰੇ ਸਾਲ ਵਿੱਚ ਔਸਤ 550 ਮਿਲੀ ਮੀਟਰ ਬਰਸਾਤ ਪੈਂਦੀ ਹੈ। ਦੂਜੇ ਪਾਸੇ ਕਈ ਵਾਰ ਪਾਣੀ ਦਾ ਭਾਰ ਨਾ ਸਹਾਰਦੇ ਹੋਏ ਬੱਦਲ ਫਟ ਜਾਂਦੇ ਹਨ ਜਿਸ ਕਾਰਨ ਇਕਦਮ ਅਣਕਿਆਸੀ ਬਰਸਾਤ ਹੋ ਜਾਂਦੀ ਹੈ ਜਿਵੇਂ ਕਿ ਹਿਮਾਚਲ ਦੇ ਕੁੱਲੂ ਸ਼ਹਿਰ ਨੇੜੇ ਬੀਤੇ ਅਗਸਤ ਮਹੀਨੇ 'ਚ ਕਈ ਵੇਰ ਹੋਇਆ ਜਿਸ ਨਾਲ ਬਿਆਸ ਦਰਿਆ ਵਿੱਚ ਬੇਤਹਾਸ਼ਾ ਪਾਣੀ ਆਇਆ। ਦੋਵੇਂ ਹਾਲਾਤ ਵਿੱਚ ਇਕਦਮ



ਡਿੱਗਿਆ ਵੱਡੇ ਅਸਮਾਨੀ ਦਿਓ ਰੂਪੀ ਪਾਣੀ ਦਾ ਗੁਬਾਰਾ ਪਹਾੜੀ ਗਾਰ, ਪੱਥਰ ਆਦਿ ਨੂੰ ਧੱਕਦਾ ਹੋਇਆ ਦਰਿਆਵਾਂ ਰਾਹੀਂ ਡੈਮਾਂ ਨੂੰ ਚੀਰਦਾ ਹੋਇਆ ਪੰਜਾਬ ਦੇ ਮੈਦਾਨੀ ਖੇਤਰਾਂ ਵਿੱਚ ਪ੍ਰਵੇਸ਼ ਕਰ ਗਿਆ ਜੋ ਕਿ ਅੱਗੇ ਦਰਿਆਵਾਂ ਦੇ ਬੰਨ੍ਹਾਂ ਅਤੇ ਕੰਢਿਆਂ ਨੂੰ ਤੋੜਦਾ ਹੋਇਆ ਆਪਣੀ ਗਤੀ-ਭਰਪੂਰ ਤਾਕਤ ਨਾਲ ਰਸਤੇ ਵਿੱਚ ਆਉਂਦੇ ਹਰੇਕ ਢਾਂਚੇ ਅਤੇ ਰੋਕਾਂ ਨੂੰ ਵਹਾ ਕੇ ਲੈ ਜਾਂਦਾ ਰਿਹਾ ਹੈ।

ਇਲਾਜ: ਜਦੋਂ ਬਿਮਾਰੀ ਦੀ ਪਛਾਣ ਹੋ ਜਾਵੇ ਤਾਂ ਇਸ ਦਾ ਇਲਾਜ ਸੌਖਾ ਹੋ ਜਾਂਦਾ ਹੈ। ਪਰ ਜੇਕਰ ਇਲਾਜ ਕਰਨ ਵਾਲਾ ਡਾਕਟਰ ਹੀ ਇਲਾਜ ਨਾ ਕਰਦਾ ਹੋਵੇ ਤਾਂ ਬਿਮਾਰੀ ਦਿਨੋ ਦਿਨ ਭਿਆਨਕ ਰੂਪ ਅਖ਼ਤਿਆਰ ਕਰਦੀ ਹੈ।

ਸਿੰਧ ਘਾਟੀ ਦੀ ਸੱਭਿਅਤਾ ਅਤੇ ਦਰਿਆਵਾਂ ਵਿੱਚ ਮਿੱਟੀ : ਅੱਜ ਤੋਂ 5 ਹਜ਼ਾਰ ਸਾਲ ਪਹਿਲਾਂ ਦਰਿਆਵਾਂ ਕੰਢੇ ਪੰਜਾਬ ਵਿੱਚ ਘੁੱਗ ਵਸਦੀ ਸਿੰਧ ਘਾਟੀ ਦੀ ਸੱਭਿਅਤਾ ਸ਼ੁਰੂ ਹੋਈ ਸੀ। ਜੋਹਨ ਮਾਰਸ਼ਲ, ਪ੍ਰਸਿੱਧ ਪੁਰਾਤੱਤਵ ਵਿਗਿਆਨੀ ਵੱਲੋਂ ਇਸ ਸੱਭਿਅਤਾ ਦਾ ਰਾਵੀ ਦਰਿਆ 'ਤੇ ਵਸਿਆ ਮਹਿੰਦਜੋਦੜੋ ਸ਼ਹਿਰ 1930 ਵਿੱਚ ਲੱਭਿਆ ਗਿਆ ਅਤੇ ਪਾਇਆ ਗਿਆ ਕਿ ਜਦੋਂ ਇਹ ਸ਼ਹਿਰ ਵਸਿਆ ਸੀ ਤਾਂ ਇਹ ਦਰਿਆ ਤੋਂ 6-7 ਫੁੱਟ ਉੱਚਾ ਸੀ। ਪਰ 1300 ਸਾਲ ਬਾਅਦ ਜਦੋਂ ਇਸ ਸੱਭਿਆਤਾ ਦਾ ਖਤਮਾ ਹੋਇਆ ਤਾਂ ਖੁਦਾਈ ਤੋਂ ਪਤਾ ਲੱਗਿਆ ਕਿ ਘਰਾਂ ਦੀਆਂ ਨੀਹਾਂ ਲਗਭਗ 7 ਵਾਰੀ ਨਵੇਂ ਸਿਰੇ ਤੋਂ ਉੱਚੇ ਚੱਕ ਕੇ ਸਥਾਪਿਤ ਕੀਤੀਆਂ ਗਈਆਂ ਸਨ। 1930 ਵਿੱਚ ਖੁਦਾਈ ਸਮੇਂ ਪਤਾ ਲੱਗਿਆ ਕਿ ਮੌਜੂਦਾ ਸਮੇਂ ਰਾਵੀ ਦਰਿਆ ਇਸ ਸ਼ਹਿਰ ਤੋਂ 50 ਫੁੱਟ ਉੱਚਾ ਵਗ ਰਿਹਾ ਸੀ। ਜਿਸ ਦਾ ਮਤਲਬ ਹੈ ਕਿ 5000 ਸਾਲਾਂ ਵਿੱਚ ਦਰਿਆ ਰਾਵੀ ਵਿੱਚ 50 ਫੁੱਟ ਤੱਕ ਪਹਾੜਾਂ ਤੋਂ ਆਇਆ ਰੇਤਾ ਵਿਛਣ ਕਾਰਨ ਇਹ ਏਨਾ ਉੱਚਾ ਹੋ ਗਿਆ ਸੀ। ਭਾਵੇਂ ਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਦਰਿਆ ਕੰਢੇ ਘੁੱਗ ਵਸਦੀ ਇਹ ਸੱਭਿਅਤਾ ਕਿਹੜੇ ਕਾਰਨਾਂ ਕਰਕੇ ਖਤਮ ਹੋਈ ਪਰ ਇੱਕ ਗੱਲ ਸਪੱਸ਼ਟ ਹੈ ਕਿ ਦਰਿਆਵਾਂ ਵਿੱਚ ਮਿੱਟੀ ਚੜ੍ਹਨ ਕਾਰਨ ਇਸ ਸੱਭਿਅਤਾ ਨੂੰ ਹੜ੍ਹਾਂ ਦੀ ਬਹੁਤ ਵੱਡੀ ਮਾਰ ਸਹਿਣੀ ਪਈ ਸੀ।

ਇਸ ਲਈ ਲੋੜ ਹੈ ਕਿ ਪੰਜਾਬ ਦੇ ਸਮੇਤ ਘੱਗਰ ਚਾਰੇ ਦਰਿਆਵਾਂ ਦੀ ਲਗਾਤਾਰ ਸਾਫ ਸਫਾਈ ਅਤੇ ਸਾਂਭ ਸੰਭਾਲ ਦਾ ਪ੍ਰੋਜੈਕਟ ਬਣਾ ਕੇ ਕੰਮ ਕੀਤਾ ਜਾਵੇ। ਇਨ੍ਹਾਂ ਵਿਚੋਂ ਸਾਲਾਂ ਦੀ ਇਕੱਠੀ ਹੋਈ ਗਾਰ/ਮਿੱਟੀ ਕੱਢ ਕੇ ਇਨ੍ਹਾਂ ਦੀ ਕੁਦਰਤੀ ਸਤਹਿ ਅਤੇ ਵਹਾਅ ਨੂੰ ਬਹਾਲ ਕੀਤਾ ਜਾਵੇ ਅਤੇ ਇਸ ਨੂੰ ਲਗਾਤਾਰ ਬਹਾਲ ਰੱਖਿਆ ਜਾਵੇ।

ਇਨ੍ਹਾਂ ਦਰਿਆਵਾਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਕੇ ਦਰਿਆਵਾਂ ਦੀ ਚੈਨੇਲਾਈਜੇਸ਼ਨ ਕੀਤੀ ਜਾਵੇ।

ਇਹ ਵੀ ਜ਼ਰੂਰੀ ਹੈ ਕਿ ਇਨ੍ਹਾਂ ਦਰਿਆਵਾਂ ਵਿਚ ਖੇਤੀ ਕਰਦੇ ਕਿਸਾਨਾਂ ਨੂੰ ਸਫੈਦੇ ਜਾਂ ਪਾਪੂਲਰ ਵਰਗੇ ਜੰਗਲਾਤੀ ਦਰਖਤਾਂ ਦੀ ਖੇਤੀ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਪਾਣੀ ਦੇ ਵਹਾਅ ਵਿੱਚ ਕੋਈ ਰੋਕ ਟੋਕ ਨਾ ਆਵੇ। ਵੱਡੇ ਫੰਡਾਂ ਦੀ ਜ਼ਰੂਰਤ :ਉਕਤ ਕੰਮਾਂ ਲਈ ਬਹੁਤ ਵੱਡੀ ਰਕਮ ਦੀ ਜ਼ਰੂਰਤ ਪਵੇਗੀ ਜੋ ਕਿ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵਲੋਂ ਹਰੇਕ ਸਾਲ ਸਹੀ ਸਮੇਂ ਉਪਲਬਧ ਕਰਾਉਣੀ ਬਣਦੀ ਹੈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਜੋ ਕਿ ਭਾਖੜਾ ਤੇ ਪੌਂਗ ਡੈਮ ਦੇ ਰੱਖ ਰਖਾਅ ਲਈ ਜ਼ਿੰਮੇਵਾਰ ਹੈ ਅਤੇ ਇਸ ਰੱਖ ਰਖਾਅ ਲਈ ਉਹ ਮੈਂਬਰ ਰਾਜਾਂ (ਪੰਜਾਬ, ਹਰਿਆਣਾ ਅਤੇ ਰਾਜਸਥਾਨ) ਨੂੰ ਪਾਣੀ ਅਤੇ ਮੁਫਤ ਬਿਜਲੀ ਦੇ ਕੇ ਉਨ੍ਹਾਂ ਤੋਂ ਹਿੱਸੇ ਅਨੁਸਾਰ ਡੈਮਾਂ ਦੇ ਰੱਖ ਰਖਾਅ 'ਤੇ ਹੁੰਦੇ ਖਰਚੇ ਲਈ ਰਕਮ ਪ੍ਰਾਪਤ ਕਰਦਾ ਹੈ। ਕਿਉਂਕਿ ਡੈਮਾਂ ਤੋਂ ਹੇਠਾਂ ਵਗਦੇ ਦਰਿਆਵਾਂ ਦਾ ਰੱਖ-ਰਖਾਅ ਵੀ ਡੈਮਾਂ ਦੇ ਰੱਖ-ਰਖਾਅ ਦਾ ਹੀ ਇੱਕ ਅਟੁੱਟ ਹਿੱਸਾ ਹੈ, ਇਸ ਲਈ ਸਤਲੁਜ ਅਤੇ ਬਿਆਸ ਦਰਿਆ ਦੇ ਮੁਕੰਮਲ ਰੱਖ-ਰਖਾਅ ਲਈ ਹਰਿਆਣਾ ਅਤੇ ਰਾਜਸਥਾਨ ਤੋਂ ਉਨ੍ਹਾਂ ਨੂੰ ਦਿੱਤੀ ਜਾ ਰਹੀ ਲਗਭਗ ਮੁਫਤ ਬਿਜਲੀ ਤੇ ਸੈੱਸ ਲਗਾ ਕੇ ਰਕਮ ਪ੍ਰਾਪਤ ਕਰਕੇ ਬੋਰਡ ਵਲੋਂ ਪੰਜਾਬ ਸਰਕਾਰ ਨੂੰ ਦਰਿਆਵਾਂ ਦੀ ਸਾਂਭ ਸੰਭਾਲ ਲਈ ਦੇਣੀ ਚਾਹੀਦੀ ਹੈ ਕਿਉਂਕਿ ਦਰਿਆਵਾਂ ਦੇ ਪਾਣੀ ਦਾ ਨਿਯੰਤਰਣ ਸਿਰਫ ਡੈਮਾਂ 'ਤੇ ਕਰਕੇ ਹੀ ਜ਼ਿੰਮੇਵਾਰੀ ਖ਼ਤਮ ਨਹੀ ਹੋ ਜਾਂਦੀ ਸਗੋਂ ਡੈਮਾਂ ਤੋਂ ਛੱਡੇ ਜਾਂਦੇ ਪਾਣੀ ਕਾਰਨ ਪੈਦਾ ਹੋਈ ਹੜ੍ਹਾਂ ਦੀ ਸਮੱਸਿਆ ਨੂੰ ਵੀ ਨਿਯੰਤਰਨ ਕਰਨਾ ਇਸੇ ਜ਼ਿੰਮੇਵਾਰੀ ਦਾ ਅਨਿੱਖੜਵਾਂ ਹਿੱਸਾ ਹੈ। ਜੇਕਰ ਦੂਜੇ ਸੂਬੇ ਹਰੇਕ ਸਾਲ ਮੁਫ਼ਤ ਬਿਜਲੀ ਲੈਂਦੇ ਹਨ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਨ੍ਹਾਂ ਡੈਮਾਂ ਕਾਰਨ ਪੈਦਾ ਹੋਏ ਹੜ੍ਹਾਂ ਨੂੰ ਨਿਯੰਤਰਣ ਕਰਨ ਲਈ ਵੀ ਜ਼ਿੰਮੇਵਾਰੀ ਨਿਭਾਉਣ।

(ਬਾਕੀ ਸਫ਼ਾ 27 'ਤੇ)


# ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣ ਲਈ ਵਿਆਪਕ ਯੋਜਨਾਬੰਦੀ ਦੀ ਲੋੜ ਕਿਉਂ ?

ਡਾ. ਮਨਮੋਹਨ ਜੀਤ ਸਿੰਘ
-ਭੂਮੀ ਵਿਗਿਆਨੀ ਅਤੇ ਡੀਨ,
ਪੀ.ਏ.ਯੂ.-ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ।

ਪੰਜਾਬ, ਦੇਸ਼ ਦਾ ਅੰਨ ਭੰਡਾਰ ਹੀ ਨਹੀਂ, ਇਸ ਦਾ ਰਾਖਾ ਵੀ ਹੈ। ਇੱਥੇ ਦਰਿਆਵਾਂ ਰਾਹੀਂ ਆਈ ਉਪਜਾਊ ਮਿੱਟੀ, ਸਾਫ ਪਾਣੀ ਤੇ ਅਨੁਕੂਲ ਮੌਸਮ ਜਿੱਥੇ ਖੇਤੀ ਲਈ ਸਹਾਈ ਹੋਇਆ, ਉਥੇ ਸਿਰੜੀ ਕਿਸਾਨਾਂ, ਖੇਤੀ ਖੋਜ ਤੇ ਸਮੇਂ ਦੀਆਂ ਸਰਕਾਰਾਂ ਦੀਆਂ ਅਨਾਜ ਪੈਦਾਵਾਰ ਵਧਾਉਣ ਦੀਆਂ ਨੀਤੀਆਂ ਨੇ ਪੰਜਾਬ ਵਿੱਚ ਹਰਾ ਇਨਕਲਾਬ ਲਿਆ ਕੇ ਦੇਸ਼ ਦੇ ਕਰੋੜਾਂ ਨਾਗਰਿਕਾਂ ਦਾ ਢਿੱਡ ਭਰਨ ਦਾ ਕੰਮ ਕੀਤਾ। ਪਹਾੜਾਂ ਦੇ ਪੈਰਾਂ ਵਿੱਚ ਵਸਿਆ ਹੋਣ ਕਰਕੇ ਪੰਜਾਬ ਨੂੰ ਜਿੱਥੇ ਦਰਿਆਵਾਂ ਨੇ ਉਪਜਾਊ ਮਿੱਟੀ ਦਿੱਤੀ, ਉੱਥੇ ਦਰਿਆਵਾਂ 'ਚ ਆਉਂਦੇ ਹੜ੍ਹਾਂ ਕਾਰਨ ਭਿਆਨਕ ਤਬਾਹੀ ਵੀ ਇਸ ਦੇ ਹਿੱਸੇ ਹੀ ਆਈ। ਪੰਜਾਬ ਦਾ ਲਗਭਗ 25 ਫ਼ੀਸਦੀ ਇਲਾਕਾ ਹੜ੍ਹਾਂ ਦੀ ਮਾਰ ਹੇਠ ਆਉਣ ਵਾਲਾ ਹੈ। ਇਸ ਵਾਰ ਪੰਜਾਬ ਦੇ ਲਗਭਗ 2000 ਪਿੰਡਾਂ ਦੇ ਘਰਾਂ ਤੇ 4 ਲੱਖ ਏਕੜ ਫਸਲ ਨੂੰ ਹੜ੍ਹਾਂ ਦੀ ਭਿਆਨਕ ਮਾਰ ਪਈ ਹੈ। ਇਨ੍ਹਾਂ ਹੜ੍ਹਾਂ ਕਾਰਨ ਸਾਰੀ ਦੁਨੀਆਂ ਵਿੱਚ ਵਸਦੇ ਪੰਜਾਬੀ ਚਿੰਤਤ ਹਨ, ਜੋ ਦੁਨੀਆ ਵਿੱਚ ਕਿਤੇ ਵੀ ਮੁਸੀਬਤ ਆਉਣ 'ਤੇ ਸਹਾਇਤਾ ਕਰਨ ਲਈ ਸਭ ਤੋਂ ਮੂਹਰੇ ਰਹਿੰਦੇ ਹਨ। ਸਮਾਜ ਸੇਵੀ ਸੰਸਥਾਵਾਂ ਤੇ ਸੋਸ਼ਲ ਮੀਡੀਆ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਇੱਕ ਵੱਡੀ ਮੁਹਿੰਮ ਖੜ੍ਹੀ ਕੀਤੀ ਤਾਂ ਸਮਾਜ ਦਾ ਹਰ ਵਰਗ ਵਿਸ਼ੇਸ਼ਕਰ ਪੰਜਾਬੀ ਕਲਾਕਾਰ ਇਸ ਔਖੀ ਘੜੀ ਵਿੱਚ ਸਭ ਤੋਂ ਅੱਗੇ ਹੋ ਕੇ ਮਦਦ ਲਈ ਬਹੁੜੇ ਹਨ।

ਇਨ੍ਹਾਂ ਹੜ੍ਹਾਂ ਨੇ ਪੰਜਾਬੀਆਂ ਦੇ ਮਨਾਂ ਵਿੱਚ ਬਹੁਤ ਸਾਰੇ ਤੌਖਲੇ ਪੈਦਾ ਕੀਤੇ ਹਨ, ਉਹ ਹੜ੍ਹਾਂ ਲਈ ਡੈਮਾਂ, ਦਰਿਆਵਾਂ, ਨਾਲਿਆਂ ਦੀ ਸਫਾਈ ਨਾ ਹੋਣ ਨੂੰ ਦੋਸ਼ੀ ਠਹਿਰਾਅ ਰਹੇ ਹਨ। ਹੜ੍ਹ ਪ੍ਰਭਾਵਿਤ ਲੋਕਾਂ ਦੇ ਬਚਾਅ ਤੇ ਮੁੜ ਵਸੇਬੇ ਲਈ ਯਤਨ ਕਰਨ ਦੌਰਾਨ ਇਕ ਵੱਡਾ ਪ੍ਰਸ਼ਨ ਹਰ ਪੰਜਾਬੀ ਦੇ ਮਨ ਵਿੱਚ ਹੈ ਕਿ ਆਉਣ ਵਾਲੇ ਸਮਿਆਂ ਲਈ ਇਸ ਸਾਰੇ ਵਾਕਿਆ ਤੋਂ ਸਬਕ ਲੈਂਦਿਆ ਕੀ-ਕੀ ਇੰਤਜ਼ਾਮ ਕੀਤੇ ਜਾਣੇ ਚਾਹੀਦੇ ਹਨ ? ਅਸੀਂ ਇਨ੍ਹਾਂ ਇੰਤਜ਼ਾਮਾਂ ਨੂੰ 3 ਹਿੱਸਿਆਂ ਵਿੱਚ ਵੰਡ ਸਕਦੇ ਹਾਂ: ਤੁਰੰਤ ਕਰਨ ਵਾਲੇ ਕੰਮ, ਜਲਦੀ ਕਰਨ ਵਾਲੇ ਕੰਮ ਅਤੇ ਲੰਮੇ ਸਮੇਂ ਦੀ ਯੋਜਨਾਬੰਦੀ।

ਤੁਰੰਤ ਕਰਨ ਵਾਲੇ ਕੰਮ:-ਕਿਸੇ ਵੀ ਹੜ੍ਹ-ਪੀੜਤ ਇਲਾਕੇ ਵਿੱਚ ਸਭ ਤੋਂ ਪਹਿਲਾ ਕੰਮ ਮਨੁੱਖੀ ਜਾਨਾਂ ਤੇ ਪਸ਼ੂਆਂ ਦੀ ਜਾਨ ਦੀ ਹਿਫਾਜ਼ਤ ਕਰਨੀ ਅਤੇ ਹੜ੍ਹ-ਪ੍ਰਭਾਵਿਤ ਇਲਾਕੇ ਵਿੱਚ ਰਾਸ਼ਨ, ਪੀਣ ਵਾਲਾ ਪਾਣੀ, ਹੋਰ ਜ਼ਰੂਰੀ ਵਸਤਾਂ ਤੇ ਕੱਪੜੇ ਆਦਿ ਉਪਲੱਬਧ ਕਰਵਾਉਣੇ ਹੁੰਦੇ ਹਨ, ਸਾਡੀਆਂ ਸੰਸਥਾਵਾਂ ਨੇ ਇਹ ਕੰਮ ਬਹੁਤ ਤੇਜ਼ੀ ਨਾਲ ਕਰਦਿਆਂ ਅਨੇਕਾਂ ਮਨੁੱਖੀ ਜਾਨਾਂ ਤੇ ਪਸ਼ੂਆਂ ਦੀਆਂ ਜਾਨਾਂ ਬਚਾਅ ਲਈਆਂ ਹਨ। ਇਸ ਤੋਂ ਅਗਲਾ ਕੰਮ ਹੜ੍ਹ ਮਾਰੇ ਇਲਾਕਿਆਂ 'ਚੋਂ ਲੋਕਾਂ ਤੇ ਪਸ਼ੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾ ਕੇ ਉਨ੍ਹਾਂ ਦੇ ਰਹਿਣ ਤੇ ਖਾਣ-ਪੀਣ ਦਾ ਅਸਥਾਈ ਪ੍ਰਬੰਧ ਕਰਨਾ, ਹੜ੍ਹਾਂ ਦੇ ਪਾਣੀ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਕਰਨੀ ਬਹੁਤ ਮਹੱਤਵਪੂਰਨ ਹੁੰਦੀ ਹੈ। ਭਾਵੇਂ ਸਮਾਜ ਸੇਵੀ ਸੰਸਥਾਵਾਂ ਨੇ ਬੇਮਿਸਾਲ ਪ੍ਰਬੰਧ ਕੀਤੇ ਹਨ, ਪਰ ਸੰਸਥਾਵਾਂ ਦੀ ਆਪਸੀ ਤਾਲਮੇਲ ਦੀ ਘਾਟ ਕਾਰਨ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇਸ ਸਮੇਂ ਇਲਾਕਾ ਪੱਧਰ 'ਤੇ ਸਭ ਮਹਿਕਮਿਆਂ ਤੇ ਸਮਾਜ ਸੇਵੀ ਸੰਸਥਾਵਾਂ ਵਿਚਾਲੇ ਤਾਲਮੇਲ ਦੀ ਲੋੜ ਹੈ, ਇਸ ਕੰਮ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੋਹਰੀ ਰੋਲ ਨਿਭਾਉਣਾ ਹੋਵੇਗਾ।




ਜਲਦੀ ਕਰਨ ਵਾਲੇ ਹੋਰ ਕੰਮ:- ਪਾਣੀ ਉਤਰਨ ਬਾਅਦ ਪਿੰਡ ਪੱਧਰ 'ਤੇ ਘਰ-ਘਰ ਹੋਏ ਨੁਕਸਾਨ, ਫਸਲਾਂ ਤੇ ਖੇਤਾਂ ਦੇ ਹੋਏ ਨੁਕਸਾਨ ਦਾ ਅਨੁਮਾਨ ਲਗਾਉਣ ਤੋਂ ਇਲਾਵਾ ਘਰਾਂ ਦਾ ਸੁਰੱਖਿਆ ਆਡਿਟ ਕਰਕੇ ਹੜ੍ਹ ਪੀੜਤਾਂ ਦੀ ਜਲਦੀ ਘਰ ਵਾਪਸੀ ਇੱਕ ਅਹਿਮ ਕੰਮ ਹੋਵੇਗਾ। ਘਰਾਂ 'ਚੋਂ ਗਾਰ ਕੱਢਣ, ਹੜ੍ਹਾਂ ਦੇ ਪਾਣੀ ਨਾਲ ਘਰਾਂ ਦੇ ਖਰਾਬ ਹੋਏ ਸਮਾਨ ਦੀ ਜਗ੍ਹਾ ਨਵੇਂ ਸਮਾਨ ਦਾ ਪ੍ਰਬੰਧ ਕਰਨ ਅਤੇ ਛੱਤਾਂ, ਕੰਧਾਂ ਤੇ ਫਰਸ਼ਾਂ ਦੀ ਮੁਰੰਮਤ 'ਤੇ ਵੀ ਵੱਡਾ ਖਰਚਾ ਹੋਵੇਗਾ। ਖੇਤਾਂ ਵਿੱਚ ਆਈ ਰੇਤ ਤੇ ਮਿੱਟੀ ਨੂੰ ਹਟਾਉਣਾ ਅਤੇ ਟਿਊਬਵੈਲਾਂ ਤੇ ਬੋਰਾਂ ਨੂੰ ਠੀਕ ਕਰਵਾਉਣ ਤੇ ਕਈ ਥਾਵਾਂ 'ਤੇ ਖੇਤਾਂ ਦੀ ਹੱਦ-ਬੰਦੀ ਨੂੰ ਦੁਬਾਰਾ ਨਿਰਧਾਰਤ ਕਰਨਾ ਵੀ ਵੱਡੀਆਂ ਚੁਣੌਤੀਆਂ ਹੋਣਗੀਆਂ। ਪੰਜਾਬ ਕੈਬਨਿਟ ਵੱਲੋਂ ਲਿਆ ਗਿਆ ਫ਼ੈਸਲਾ ਕਿ ਕਿਸਾਨ ਆਪਣੇ ਖੇਤਾਂ 'ਚੋਂ ਹੜ੍ਹਾਂ ਨਾਲ ਆਈ ਰੇਤਾ ਨੂੰ ਵੇਚ ਸਕਦਾ ਹੈ, ਕੁਝ ਹੱਦ ਤੱਕ ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਕਰ ਸਕਦਾ ਹੈ। ਭਾਵੇਂ ਹੜ੍ਹ ਪੀੜਤਾਂ ਨੂੰ ਪੰਜਾਬੀ ਕਲਾਕਾਰਾਂ, ਸੋਸ਼ਲ ਮੀਡੀਆ, ਸਮਾਜ ਸੇਵੀ ਸੰਸਥਾਵਾਂ ਤੇ ਕਾਰਸੇਵਾ ਵਾਲੇ ਸੇਵਾਦਾਰਾਂ ਨੇ ਵੱਡੇ ਪੱਧਰ 'ਤੇ ਰਾਹਤ ਪਹੁੰਚਾ ਕੇ ਔਖਾ ਸਮਾਂ ਸੰਭਾਲਿਆ ਹੈ। ਇਸ ਮੌਕੇ ਤਕਨੀਕੀ ਮਾਹਰਾਂ ਦੇ ਸਹਿਯੋਗ ਨਾਲ ਜੀ.ਪੀ.ਐੱਸ., ਜੀ.ਆਈ.ਐੱਸ., ਰਿਮੋਟ ਸੈਂਸਿੰਗ, ਮਨਸੂਈ ਬੁੱਧੀ (ਏ.ਆਈ.) ਤੇ ਵੈੱਬ ਬੇਸਡ ਐਪਲੀਕੇਸ਼ਨਾਂ ਬਣਾ ਕੇ ਹਰ ਪੀੜਿਤ ਤੱਕ ਪਹੁੰਚ ਬਣਾਉਣੀ ਜ਼ਰੂਰੀ ਹੈ। ਇਸ ਸਮੇਂ ਹਰ ਨਾਗਰਿਕ, ਸਮਾਜਿਕ ਸੰਸਥਾਵਾਂ, ਸਥਾਨਕ ਸ਼ਾਹੂਕਾਰ ਤੇ ਸੂਬਾ ਸਰਕਾਰ ਪੀੜਤਾਂ ਦੀ ਵੱਡੀ ਮਦਦ ਕਰ ਸਕਦੇ ਹਨ।

**ਆਮ ਨਾਗਰਿਕ ਕੀ ਕਰੇ ?**

ਆਉਣ ਵਾਲੇ ਸਮੇਂ ਵਿੱਚ ਹੜ੍ਹ ਨਾ ਆਉਣ ਜਾਂ ਉਨ੍ਹਾਂ ਦਾ ਅਸਰ ਘੱਟ ਕਰਨ ਲਈ ਹਰ ਨਾਗਰਿਕ ਵੱਧ ਤੋਂ ਵੱਧ ਦਰਖਤ ਲਗਾ ਕੇ ਉਨ੍ਹਾਂ ਦੀ ਸੰਭਾਲ ਕਰੇ। ਹਰ ਘਰ ਵਿੱਚ ਮੀਂਹ ਦੇ ਪਾਣੀ ਨੂੰ ਸੰਭਾਲ ਕੇ ਉਸ ਦੀ ਮੁੜ ਵਰਤੋਂ ਲਈ ਢਾਂਚੇ ਬਣਾਏ ਜਾਣ ਜਾਂ ਪਾਣੀ ਦੇ ਜ਼ਮੀਨ ਵਿਚ ਜ਼ੀਰਨ ਦਾ ਪ੍ਰਬੰਧ ਕੀਤਾ ਜਾਵੇ। ਖੇਤਾਂ ਵਿੱਚ ਹਰ ਕਿਸਾਨ ਪੰਜਾਬ ਦੇ 4-5 ਕਿਸਮ ਦੇ ਵਿਰਾਸਤੀ ਦਰਖਤ ਲਗਾਏ ਤੇ 5-10 ਮਰਲੇ ਦਾ ਇੱਕ ਟੋਭਾ ਬਣਾ ਕੇ ਰੱਖੇ। ਇਹ ਟੋਭਾ ਮੀਂਹ ਦੇ ਪਾਣੀ ਨੂੰ ਜ਼ਮੀਨ ਵਿੱਚ ਜ਼ੀਰਨ ਵਿੱਚ ਸਹਾਇਤਾ ਕਰ ਸਕਦਾ ਹੈ।

**ਪਿੰਡ ਪੱਧਰ 'ਤੇ ਉਪਰਾਲੇ**

ਪੰਜਾਬ ਦੇ ਪਿੰਡਾਂ ਵਿੱਚ ਇਸ ਸਮੇਂ ਲਗਭਗ 20,000 ਛੱਪੜ ਹਨ। ਇਨ੍ਹਾਂ ਛੱਪੜਾਂ ਵਿੱਚ ਹੇਠਾਂ ਗਾਰ ਜਮ੍ਹਾਂ ਹੋਣ ਕਰਕੇ ਸਾਰਾ ਸਾਲ ਪਾਣੀ ਖੜ੍ਹਾ ਰਹਿੰਦਾ ਹੈ। ਇਹ ਛੱਪੜ ਬਰਸਾਤੀ ਪਾਣੀ ਜ਼ਮੀਨ ਵਿੱਚ ਪਾਉਣ ਲਈ ਬਹੁਤ ਢੁਕਵੇਂ ਹਨ। ਜੇਕਰ ਮਈ-ਜੂਨ ਵਿਚ ਛੱਪੜਾਂ 'ਚੋਂ ਮਿੱਟੀ-ਗਾਰਾ ਕੱਢ ਕੇ ਇਸ ਨੂੰ ਖੇਤਾਂ ਵਿੱਚ ਪਾਇਆ ਜਾਵੇ ਤਾਂ ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਾ ਸਕਦੇ ਹਾਂ, ਮਿੱਟੀ ਕੱਢਣ ਨਾਲ ਮੀਂਹ ਦਾ ਪਾਣੀ ਜ਼ਮੀਨ ਵਿੱਚ ਤੇਜੀ ਨਾਲ ਜ਼ੀਰ ਜਾਵੇਗਾ। ਪੰਚਾਇਤਾਂ ਨੂੰ ਪਿੰਡ ਦੀਆਂ ਖਾਲੀ ਥਾਵਾਂ 'ਤੇ ਵੱਧ ਤੋਂ ਵੱਧ ਦਰਖਤ ਲਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

**ਸ਼ਹਿਰੀ/ਸਥਾਨਕ ਸਰਕਾਰਾਂ ਦੇ ਉਪਰਾਲੇ**

ਸ਼ਹਿਰਾਂ ਤੇ ਕਸਬਿਆਂ ਵਿੱਚ ਥੋੜ੍ਹਾ ਜਿਹਾ ਮੀਂਹ ਪੈਣ 'ਤੇ ਚਾਰੇ ਪਾਸੇ ਜਲ-ਥਲ ਹੋ ਜਾਂਦਾ ਹੈ, ਇਸ ਲਈ ਸ਼ਹਿਰੀ ਸਥਾਨਕ ਸਰਕਾਰਾਂ ਨੂੰ ਸ਼ਹਿਰਾਂ 'ਚ ਛੱਤਾਂ ਦਾ ਪਾਣੀ ਜ਼ਮੀਨ ਵਿੱਚ ਰੀਚਾਰਜ ਕਰਨ ਲਈ ਕਾਨੂੰਨ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਸ਼ਹਿਰਾਂ ਦੇ ਨੀਂਵੇ ਇਲਾਕਿਆਂ 'ਚ ਪਾਣੀ ਨੂੰ ਜ਼ਮੀਨ 'ਚ ਰੀਚਾਰਜ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇੰਜੀਨੀਅਰਾਂ ਵੱਲੋਂ ਵਿਕਸਿਤ ਕੀਤੇ ਮਾਡਲ ਨੂੰ ਅਪਣਾ ਕੇ ਢਾਂਚੇ ਬਣਾਉਣੇ ਚਾਹੀਦੇ ਹਨ। ਸ਼ਹਿਰਾਂ ਵਿੱਚ ਇੰਟਰਲਾਕ ਟਾਇਲਾਂ ਜਾਂ ਕੰਕਰੀਟ ਵਾਲੀਆਂ ਸੜਕਾਂ ਬਣਾਉਣ ਦੀ ਬਜਾਏ ਮੋਰੀਆਂ ਵਾਲੀਆਂ ਟਾਇਲਾਂ ਦੀ ਵਰਤੋਂ ਹੋਵੇ ਤਾਂ ਜੋ ਬਰਸਾਤੀ ਪਾਣੀ ਵੱਧ ਤੋਂ ਵੱਧ ਜ਼ਮੀਨ ਵਿੱਚ ਜ਼ੀਰ ਸਕੇ।

**ਸਰਕਾਰੀ ਪੱਧਰ 'ਤੇ ਹੋਣ ਵਾਲੇ ਉਪਰਾਲੇ**

ਸਰਕਾਰ ਵੱਡੇ ਪੱਧਰ 'ਤੇ ਮਾਹਰਾਂ ਦੀ ਸਲਾਹ ਨਾਲ ਯੋਜਨਾਬੰਦੀ ਤਿਆਰ ਕਰੇ। ਲੋਕਾਂ ਨੂੰ ਫਸਲ ਬੀਮਾ ਯੋਜਨਾ, ਪਸ਼ੂਆਂ ਦਾ ਬੀਮਾ ਤੇ ਘਰਾਂ ਦੇ ਬੀਮਾ ਆਦਿ ਕਰਵਾਉਣ ਲਈ ਉਤਸ਼ਾਹਿਤ ਕਰਨ ਲਈ ਆਪਣਾ ਢੁਕਵਾਂ ਹਿੱਸਾ ਪਾਵੇ ਤਾਂ ਹੜ੍ਹਾਂ ਤੋਂ ਬਾਅਦ ਹੋਣ ਵਾਲੇ ਨੁਕਸਾਨ ਦੀ ਪੂਰਤੀ ਲਈ ਸਰਕਾਰ ਨੂੰ ਘੱਟ ਪੈਸੇ ਖਰਚਣੇ ਪੈਣਗੇ।

(ਬਾਕੀ ਸਫ਼ਾ 27 'ਤੇ)



# ਜਦ ਪੈਣ ਕਪਾਹੀਂ ਫੁੱਲ ਵੇ...

## ਵਿਆਹ-ਸ਼ਾਦੀਆਂ ਦੀ ਰੁੱਤ ਵੀ ਮੰਨਿਆ ਜਾਂਦੈ ਅੱਸੂ ਮਹੀਨੇ ਨੂੰ

## ਅੱਸੂ ਪਾਲਾ ਜੰਮਿਆ, ਕੱਤੇ ਵੱਡਾ ਹੋ, ਮੱਘਰ ਫ਼ੌਜਾਂ ਚਾੜ੍ਹੀਆਂ, ਪੋਹ ਲੜਾਈ ਹੋ




**ਦੇਸੀ ਮਹੀਨੇ ਅੱਸੂ ਨੂੰ ਪਾਲਾ ਜੰਮਣ ਦੀ ਰੁੱਤ ਕਿਹਾ ਜਾਂਦਾ ਹੈ, ਇਸੇ ਲਈ ਲੋਕ ਗੀਤਾਂ ਵਿੱਚ ਅੱਸੂ ਨੂੰ ਸਿਆਲ ਦਾ ਪੁੱਤ ਕਿਹਾ ਜਾਂਦਾ ਹੈ। ਅੱਸੂ ਮਹੀਨੇ ਰਾਤਾਂ ਲੰਬੀਆਂ ਅਤੇ ਕਾਲੀਆਂ ਹੋਣ ਲੱਗਦੀਆਂ ਹਨ ਅਤੇ ਦਿਨ ਛੋਟੇ ਹੋਣ ਲੱਗਦੇ ਹਨ। ਦਿਨ ਵਿੱਚ ਭਾਵੇਂ ਗਰਮੀ ਹੁੰਦੀ ਹੈ, ਪਰ ਸਵੇਰੇ ਅੰਮ੍ਰਿਤ ਵੇਲੇ ਅਤੇ ਸ਼ਾਮ ਵੇਲੇ ਠੰਡੀ ਸ਼ੀਤਲ ਹਵਾ ਰੁਮਕਦੀ ਹੈ, ਜਿਵੇਂ ਇਹ ਹਵਾ ਦੂਰ ਨੇੜੇ ਦੇ ਪਹਾੜਾਂ ਨਾਲ ਖਹਿ ਖਹਿ ਕੇ ਆਈ ਹੋਵੇ। ਇਸ ਮਹੀਨੇ ਰਾਤੀਂ ਤਰੇਲ ਪੈਂਦੀ ਹੈ, ਜੋ ਕਿ ਫੁੱਲਾਂ ਉਪਰ ਪਈ ਕਿਸੇ ਸ਼ਬਨਮ ਦੇ ਹੰਝੂ ਜਾਂ ਚਿੱਟੇ ਮੋਤੀਆਂ ਵਰਗੀ ਵਰਗੀ ਲਗਦੀ ਹੈ।**



ਪੰਜਾਬ ਦੁਨੀਆ ਦਾ ਸਿਰਫ਼ ਅਜਿਹਾ ਇੱਕਲੌਤਾ ਇਲਾਕਾ ਮੰਨਿਆ ਜਾਂਦਾ ਹੈ, ਜਿਥੇ ਇੱਕ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ। ਕਈ ਵਿਦਵਾਨ ਇਹ ਦਾਅਵਾ ਕਰਦੇ ਹਨ ਕਿ ਪੰਜਾਬ ਤੋਂ ਬਿਨਾਂ ਦੁਨੀਆਂ ਦੇ ਕਿਸੇ ਵੀ ਇਲਾਕੇ ਵਿੱਚ ਇੱਕ ਸਾਲ ਵਿੱਚ 6 ਰੁੱਤਾਂ ਨਹੀਂ ਆਉਂਦੀਆਂ।

ਭਾਵੇਂ ਗਲੋਬਲ ਵਾਰਮਿੰਗ ਕਾਰਨ ਹੁਣ ਰੁੱਤਾਂ ਆਪਣਾ ਸਮਾਂ ਬਦਲ ਰਹੀਆਂ ਪ੍ਰਤੀਕ ਹੋ ਰਹੀਆਂ ਹਨ, ਪਰ ਫਿਰ ਵੀ ਹਰ ਰੁੱਤ ਆਪਣੇ ਨਿਸ਼ਚਿਤ ਸਮੇਂ 'ਤੇ ਪੰਜਾਬ ਫੇਰਾ ਪਾਉਂਦੀ ਹੈ, ਗਾਉਂਦੀ ਹੈ ਅਤੇ ਪੈਲਾਂ ਪਾਉਂਦੀ ਆਪਣਾ ਅਸਰ ਦਿਖਾਉਂਦੀ ਹੈ। ਹਰ ਰੁੱਤ ਆਪੋ ਆਪਣੇ ਸਮੇਂ ਅਨੁਸਾਰ ਕੁਦਰਤ ਦੇ ਅਸੂਲਾਂ ਅਨੁਸਾਰ ਚੱਲਦੀ ਹੋਈ ਹਰ ਪਾਸੇ ਮਹਿਕਾਂ ਵੰਡਦੀ ਹੋਈ, ਲੋਕਾਈ ਨੂੰ ਸ਼ਰੋਸ਼ਾਰ ਕਰ ਜਾਂਦੀ ਹੈ। ਹਰ ਰੁੱਤ ਦਾ ਆਪੋ ਆਪਣਾ ਮਹੱਤਵ ਅਤੇ ਮਾਨਤਾ ਹੁੰਦੀ ਹੈ।

ਅੱਸੂ ਮਹੀਨੇ ਅਕਸਰ ਲੋਕ ਪੂਰੀ ਬਾਂਹ ਦੇ ਕਪੜੇ ਪਾਉਣ ਨੂੰ ਤਰਜੀਹ ਦੇਣ ਲੱਗਦੇ ਹਨ, ਇਸ ਮਹੀਨੇ ਭਾਵੇਂ ਠੰਡ ਤਾਂ ਨਹੀਂ ਲੱਗਦੀ ਹੁੰਦੀ, ਪਰ ਜੇਠ, ਹਾੜ, ਸਾਉਣ, ਭਾਦੋਂ ਦੇ ਮਹੀਨਿਆਂ ਦੌਰਾਨ ਅੱਧੀ ਬਾਂਹ ਦੀਆਂ ਸ਼ਰਟਾਂ ਅਤੇ ਟੀ ਸ਼ਰਟਾਂ ਪਾ ਪਾ ਕੇ ਅੱਕੇ ਲੋਕ ਅੱਸੂ ਮਹੀਨੇ ਮੌਸਮ ਵਿੱਚ ਹਲਕੀ ਜਿਹੀ ਠੰਡਕ ਮਹਿਸੂਸ ਕਰਦਿਆਂ ਹੀ ਪੂਰੀ ਬਾਂਹ ਦੀਆਂ ਸ਼ਰਟਾਂ ਪਾਉਣ ਨੂੰ ਤਰਜੀਹ ਦਿੰਦੇ ਹਨ। ਇਸ ਮਹੀਨੇ ਮੁਟਿਆਰਾਂ ਵੀ ਰੇਸ਼ਮ ਦੇ ਸੂਟ ਪਾ ਕੇ ਪੈਲਾਂ ਪਾਉਂਦੀਆਂ ਨਜ਼ਰ ਆ ਜਾਂਦੀਆਂ ਹਨ।

ਅੱਸੂ ਵਿੱਚ ਮੌਸਮ ਬਹੁਤ ਸੋਹਾਵਣਾ ਹੁੰਦਾ ਹੈ । ਅੱਸੂ ਮਹੀਨੇ ਕਪਾਹ ਨੂੰ ਫੁੱਲ ਪੈ ਜਾਂਦੇ ਹਨ। ਇਸੇ ਕਾਰਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਇਹ ਲਿਖਿਆ ਕਿ

" ਜਦ ਪੈਣ ਕਪਾਹੀਂ ਫੁੱਲ ਵੇ,
ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ
ਧਰਮੀ ਬਾਬਲਾ "



ਅੱਸੂ ਮਹੀਨੇ ਵਿੱਚ ਸਾਰਾ ਆਲਮ ਹੀ ਕੁਦਰਤ ਦੇ ਰੰਗ ਵਿੱਚ ਨਸ਼ਿਆਇਆ ਹੋਇਆ ਝੂਮਦਾ ਲੱਗ ਰਿਹਾ ਹੈ। ਅੱਸੂ ਮਹੀਨੇ ਵਿੱਚ ਇੱਕ ਪਾਸੇ ਖੇਤਾਂ ਵਿੱਚ ਕਪਾਹ ਤੇ ਹੋਰ ਫਸਲਾਂ ਨੂੰ ਫੁੱਲ ਪੈ ਚੁੱਕੇ ਹੁੰਦੇ ਹਨ ਅਤੇ ਕਈ ਫਸਲਾਂ ਪੱਕ ਚੁਕੀਆਂ ਹਨ। ਇਸ ਮਹੀਨੇ ਮੱਕੀ ਦੀ ਫਸਲ ਪੱਕਣ ਤੋਂ ਬਾਅਦ ਕਿਸਾਨਾਂ ਦੇ ਘਰਾਂ ਦੀਆਂ ਛੱਤਾਂ ਉਪਰ ਛੱਲੀਆਂ ਸੁੱਕਣੀਆਂ ਪਾਈਆਂ ਹੋਈਆਂ ਹਨ।

ਅੱਸੂ ਮਹੀਨੇ ਨੂੰ ਪਾਠ ਪੂਜਾ ਦਾ ਪਵਿੱਤਰ ਮਹੀਨਾ ਵੀ ਕਿਹਾ ਜਾਂਦਾ ਹੈ। ਅੱਸੂ ਮਹੀਨੇ ਕੀਤੀ ਜਾਂਦੀ ਪਾਠ ਪੂਜਾ ਦਾ ਬਹੁਤ ਮਹਾਤਮ ਸਮਝਿਆ ਜਾਂਦਾ ਹੈ।

ਅੱਸੂ ਮਹੀਨੇ ਬਹੁਤ ਵਿਆਹ-ਸ਼ਾਦੀਆਂ ਹੁੰਦੇ ਹਨ, ਜਿਸ ਕਰਕੇ ਅੱਸੂ ਮਹੀਨੇ ਨੂੰ ਕਾਰਜਾਂ ਦਾ ਮਹੀਨਾ ਅਤੇ ਵਿਆਹਾਂ ਦਾ ਮਹੀਨਾਂ ਵੀ ਕਿਹਾ ਜਾਂਦਾ ਹੈ।



ਅੱਸੂ ਮਹੀਨੇ ਨੂੰ ਇਹ ਮਾਣ ਜਾਂਦਾ ਹੈ, ਕਿ ਇਸ ਮਹੀਨੇ ਹਰ ਭਰ ਜਵਾਨ ਮੁਟਿਆਰ ਗੁਲਾਬੀ ਰੰਗੇ ਸੁਪਨੇ ਲੈਣ ਲੱਗਦੀ ਹੈ। ਹਰ ਮੁਟਿਆਰ ਚਾਹੁੰਦੀ ਹੈ ਕਿ ਉਸਦਾ ਵਿਆਹ ਅੱਸੂ ਮਹੀਨੇ ਵਿੱਚ ਹੀ ਹੋਵੇ। ਅੱਸੂ ਮਹੀਨੇ ਦੇ ਸ਼ੁਰੂ ਹੋਣ ਨਾਲ ਹੀ ਜੋਬਨ ਮੱਤੀਆਂ ਮੁਟਿਆਰਾਂ ਦੇ ਦਿਲਾਂ ਵਿੱਚ ਕਈ ਤਰ੍ਹਾਂ ਦੇ ਵਲਵਲੇ ਉਠਣ ਲੱਗਦੇ ਹਨ, ਉਹਨਾਂ ਨੂੰ ਹਰ ਚੀਜ਼ ਹੀ ਨਸ਼ਿਆਈ ਲੱਗਦੀ ਹੈ। ਉਹਨਾਂ ਦੀਆਂ ਅੱਖਾਂ ਚਿੱਟੇ ਦਿਨ ਹੀ ਅਧਮੀਟੀਆਂ ਜਿਹੀਆਂ ਹੋ ਕੇ ਰੰਗੀਨ ਸੁਪਨੇ ਵੇਖਣ ਲੱਗ ਜਾਂਦੀਆਂ ਹਨ। ਅੱਸੂ ਮਹੀਨੇ ਦੀ ਮੁੱਖ ਵਿਸ਼ੇਸ਼ਤਾ ਇਹ ਵੀ ਹੈ ਇਹਨਾਂ ਦਿਨਾਂ ਵਿੱਚ ਭੋਜਨ, ਦਹੀਂ, ਦਾਲਾਂ, ਸਬਜੀਆਂ ਅਤੇ ਹੋਰ ਸਮਾਨ ਦੇ ਖਰਾਬ ਹੋਣ ਦਾ ਡਰ ਵੀ ਨਹੀਂ ਹੁੰਦਾ, ਇਸ ਕਾਰਨ ਹੀ ਜੋਬਨਮੱਤੀ ਪੰਜਾਬਣ ਮੁਟਿਆਰ ਆਪਣੇ ਬਾਬਲ ਨੂੰ ਅੱਸੂ ਮਹੀਨੇ ਵਿੱਚ ਹੀ ਉਸਦਾ ਮੰਗਣਾ ਅਤੇ ਵਿਆਹ ਕਰਨ ਲਈ ਕਹਿੰਦੀ ਹੈ। ਅੱਸੂ ਮਹੀਨੇ ਆਮ ਤੌਰ 'ਤੇ ਹੋਰਨਾਂ ਮਹੀਨਿਆਂ ਨਾਲੋਂ ਸਬਜ਼ੀਆਂ ਅਤੇ ਹੋਰ ਫਲ ਫਰੂਟ ਆਦਿ ਕੁਝ ਸਸਤੇ ਹੋ ਜਾਂਦੇ ਹਨ। ਅੱਸੂ ਮਹੀਨੇ ਨੂੰ ਪਾਠ-ਪੂਜਾ ਕਰਨ ਲਈ ਵੀ ਸ਼ੁੱਭ ਮੰਨਿਆਂ ਜਾਂਦਾ ਹੈ।

ਅੱਸੂ ਮਹੀਨੇ ਦਾ ਪਰਵਾਸ ਨਾਲ ਵੀ ਚੰਗਾ ਸਬੰਧ ਹੁੰਦਾ ਹੈ। ਦਿਵਾਲੀ ਮੌਕੇ ਪੰਜਾਬ ਆਉਣ ਲਈ ਪਰਵਾਸੀ ਪੰਜਾਬੀ ਅੱਸੂ ਮਹੀਨੇ ਹੀ ਵਿਦੇਸ਼ ਵਿੱਚ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੰਦੇ ਹਨ। ਇਸ ਤੋਂ ਇਲਾਵਾ ਪੰਜਾਬੀਆਂ ਦੇ ਉੱਡਣੇ ਮਹਿਮਾਣ ਪਰਵਾਸੀ ਪੰਛੀ ਅਤੇ ਕੂੰਜਾਂ ਵੀ ਅੱਸੂ ਮਹੀਨੇ ਦੇ ਅੰਤਲੇ ਦਿਨਾਂ ਦੌਰਾਨ ਦੁਨੀਆਂ ਦੇ ਸਭ ਤੋਂ ਠੰਡੇ ਮੰਨੇ ਜਾਂਦੇ ਇਲਾਕੇ ਸਾਈਬੇਰੀਆ ਅਤੇ ਹੋਰ ਠੰਡੇ ਮੁਲਕਾਂ ਤੋਂ ਪੰਜਾਬ ਸਮੇਤ ਭਾਰਤ ਦੇ ਵੱਖ -ਵੱਖ ਇਲਾਕਿਆਂ ਵਿੱਚ ਪਰਵਾਸ ਕਰਨ ਲਈ ਆਪਣੇ ਪਰ ਤੋਲਣੇ ਸ਼ੁਰੂ ਕਰ ਦਿੰਦੇ ਹਨ ਅਤੇ ਆਪਣੇ ਆਲਣਿਆਂ ਨੂੰ ਚੰਗੀ ਤਰਾਂ ਮਜਬੂਤ ਬਣਾ ਲੈਂਦੇ ਹਨ , ਇਸਦੇ ਨਾਲ ਹੀ ਸਾਈਬੇਰੀਆ ਅਤੇ ਹੋਰ ਮੁਲਕਾਂ ਵਿੱਚ ਕੂੰਜਾਂ ਆਪਣੇ ਆਲਣਿਆਂ ਵਿੱਚ ਆਪਣੇ ਬੱਚਿਆਂ ਲਈ ਚੋਗ ਇਕਠਾ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਇਸਦੇ ਨਾਲ ਹੀ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਸਾਈਬੇਰੀਆ, ਮੰਗੋਲੀਆਂ , ਚੀਨ ਦੇ ਉਚੇ ਪਹਾੜਾਂ ਅਤੇ ਕਾਲੇ ਸਾਗਰ ਸਮੇਤ ਹੋਰ ਇਲਾਕਿਆਂ ਤੋਂ ਪੰਜਾਬ ਅਤੇ ਭਾਰਤ ਦੇ ਹੋਰ ਇਲਾਕਿਆਂ ਵਿੱਚ ਆਉਣ ਲਈ ਕੱਤਕ ਮਹੀਨੇ ਮਾਰਨ ਵਾਲੀ ਆਪਣੀ ਪਰਵਾਸ ਦੀ ਲੰਮੀਂ ਉਡਾਰੀ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ। ਅੱਸੂ ਨੂੰ ਆਸਾਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ।





# ਸਿੱਖਿਆ ਬਹਾਨੇ ਵਿਦੇਸ਼ ਉਡਾਰੀਆਂ ਨੂੰ ਲੱਗੀਆਂ 'ਬਰੇਕਾਂ'

## ਕੈਨੇਡਾ ਵੱਲੋਂ 80 ਫ਼ੀਸਦੀ ਭਾਰਤੀ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਰੱਦ

## ਅਮਰੀਕੀ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਚ 13 ਫ਼ੀਸਦੀ ਦੀ ਆਈ ਗਿਰਾਵਟ



## ਪਿਛਲੇ 5 ਸਾਲਾਂ ਦੌਰਾਨ ਵੱਖ-ਵੱਖ ਮੁਲਕਾਂ 'ਚ ਮਾਰੇ ਗਏ 633 ਭਾਰਤੀ ਵਿਦਿਆਰਥੀ

**ਜਗਮੋਹਨ ਸਿੰਘ 'ਲੱਕੀ'**



ਪੜ੍ਹਾਈ ਬਹਾਨੇ ਵਿਦੇਸ਼ ਉਡਾਰੀ ਮਾਰਨ ਵਾਲੇ ਭਾਰਤੀ ਵਿਦਿਆਰਥੀਆਂ ਦੇ ਖੰਭ ਹੁਣ ਤਿੜਕਣ ਲੱਗੇ ਹਨ। ਇਹਨਾਂ ਵਿਦਿਆਰਥੀਆਂ ਦੀਆਂ ਪਰਦੇਸ ਉਡਾਰੀਆਂ ਨੂੰ ਵਿਦੇਸ਼ਾਂ ਦੇ ਸਖ਼ਤ ਕਾਨੂੰਨਾਂ ਨੇ ਪੱਕੀਆਂ ਬਰੇਕਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਮੀਗ੍ਰੇਸ਼ਨ ਰਿਫ਼ਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ 2025 ਵਿੱਚ ਭਾਰਤੀ ਵਿਦਿਆਰਥੀਆਂ ਦੀਆਂ ਲੱਗਭਗ 80 ਫ਼ੀਸਦੀ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਏਸ਼ੀਆ ਅਤੇ ਅਫ਼ਰੀਕਾ ਦੇ ਬਿਨੈਕਾਰਾਂ ਨੂੰ ਵੀ ਨੁਕਸਾਨ ਝੱਲਣਾ ਪਿਆ ਹੈ ਪਰ ਸਭ ਤੋਂ ਜ਼ਿਆਦਾ ਭਾਰਤੀ ਵਿਦਿਆਰਥੀ ਪ੍ਰਭਾਵਿਤ ਹੋਏ ਹਨ। ਅੱਪਗ੍ਰੈਡ ਸਟੱਡੀ ਅਬਰੌਡ ਦੁਆਰਾ ਟ੍ਰਾਂਸਨੈਸ਼ਨਲ ਐਜੂਕੇਸ਼ਨ (ਟੀ.ਐਨ.ਈ.) 2024-25 ਦੀ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਭਾਰਤੀ ਵਿਦਿਆਰਥੀਆਂ ਦੀਆਂ ਅਮਰੀਕੀ ਯੂਨੀਵਰਸਿਟੀਆਂ ਵਿੱਚ ਅਰਜ਼ੀਆਂ 'ਚ 13 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਇਹ ਵਧਦੀ ਸਿੱਖਿਆ ਲਾਗਤ, ਸਖ਼ਤ ਵੀਜ਼ਾ ਨਿਯਮਾਂ ਅਤੇ ਪੋਸਟ-ਗ੍ਰੈਜੂਏਟ ਰੁਜ਼ਗਾਰ ਬਾਰੇ ਅਨਿਸ਼ਚਿਤਤਾ ਦੇ ਕਾਰਨ ਹੈ। ਅਜੇ ਕੁਝ ਦਿਨ ਪਹਿਲਾਂ ਹੀ ਅਮਰੀਕਾ ਨੇ ਐਚ 1-ਬੀ ਵੀਜ਼ਾ ਲਈ ਫ਼ੀਸਾਂ ਵਿੱਚ ਭਾਰੀ ਵਾਧਾ ਕੀਤਾ ਹੈ, ਜਿਸ ਕਾਰਨ ਭਾਰਤ ਤੋਂ ਅਮਰੀਕਾ ਜਾਣ ਵਾਲੇ ਆਈ.ਟੀ. ਮਾਹਿਰਾਂ ਦੀ ਗਿਣਤੀ ਵੀ ਘੱਟ ਗਈ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਤਾਂ ਸਪਸ਼ਟ ਕਿਹਾ ਹੈ ਕਿ ਜਿਹੜੇ ਅੰਤਰਰਾਸ਼ਟਰੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹਾਈ ਕਰਨ ਆਉਂਦੇ ਹਨ, ਉਨ੍ਹਾਂ ਨੂੰ ਅਮਰੀਕਾ ਦੀ ਨਾਗਰਿਕਤਾ ਨਹੀਂ ਦਿੱਤੀ ਜਾਵੇਗੀ ਸਗੋਂ ਉਹਨਾਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਾਪਸ ਆਪਣੇ ਮੁਲਕ ਪਰਤਣਾ ਪਵੇਗਾ। ਆਸਟ੍ਰੇਲੀਆ, ਨਿਊਜ਼ੀਲੈਂਡ, ਹਾਲੈਂਡ ਅਤੇ ਹੋਰ ਮੁਲਕ ਪਹਿਲਾਂ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਪਣੇ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਚੁੱਕੇ ਹਨ।

ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਵਿੱਚ 13 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਭਾਰਤੀ ਵਿਦਿਆਰਥੀਆਂ ਵਿੱਚ ਤਿੰਨ ਦੇਸ਼ ਖਾਸ ਤੌਰ 'ਤੇ ਪ੍ਰਸਿੱਧ ਹਨ: ਕੈਨੇਡਾ, ਸੰਯੁਕਤ ਰਾਜ ਅਮਰੀਕਾ ਅਤੇ ਯੂਨਾਈਟਿਡ ਕਿੰਗਡਮ। ਲੱਖਾਂ ਭਾਰਤੀ ਵਿਦਿਆਰਥੀਆਂ ਨੇ ਇਨ੍ਹਾਂ ਦੇਸ਼ਾਂ ਵਿੱਚ ਪੜ੍ਹਾਈ ਕੀਤੀ, ਪਰ ਹੁਣ ਉਨ੍ਹਾਂ ਦੀ ਗਿਣਤੀ ਘੱਟ ਰਹੀ ਹੈ, ਜਿਸ ਦੇ ਵੱਖ ਵੱਖ ਕਾਰਨ ਹਨ। ਕੈਨੇਡੀਅਨ ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, 2024 ਵਿੱਚ ਸਿਰਫ਼ 188,000 ਭਾਰਤੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਗਿਆ ਸੀ। ਇਹ ਗਿਣਤੀ ਦੋ ਸਾਲ ਪਹਿਲਾਂ ਦੁੱਗਣੀ ਸੀ। ਭਾਰਤੀ ਵਿਦਿਆਰਥੀਆਂ ਵਿੱਚ ਕੈਨੇਡਾ ਵਿੱਚ ਪੜ੍ਹਾਈ ਕਰਨ ਦੀ ਤਰਜੀਹ ਵੀ ਲਗਾਤਾਰ ਘਟਦੀ ਜਾ ਰਹੀ ਹੈ। ਅਸਲ ਵਿੱਚ ਕੈਨੇਡਾ ਦੇ ਸਖ਼ਤ ਹੋਏ ਕਾਨੂੰਨਾਂ ਅਤੇ ਉਥੇ ਭਾਰਤੀ ਵਿਦਿਆਰਥੀਆਂ ਨੂੰ ਆ ਰਹੀਆਂ ਅਨੇਕਾਂ ਤੰਗੀਆਂ ਕਾਰਨ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋਣ ਲੱਗ ਪਿਆ ਹੈ।

ਕੈਨੇਡਾ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਮੁਲਕ ਹੁਣ ਪਹਿਲਾਂ ਵਰਗਾ ਨਹੀਂ ਰਿਹਾ। ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਅਨੇਕਾਂ ਤੰਗੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡਾ ਵਿੱਚ ਰਿਹਾਇਸ਼ ਦੀ ਘਾਟ ਹੈ, ਬੁਨਿਆਦੀ ਢਾਂਚੇ 'ਤੇ ਦਬਾਅ ਵਧ ਰਿਹਾ ਹੈ ਅਤੇ ਸਥਾਨਕ ਸਿਆਸਤਦਾਨ ਵਿਦੇਸ਼ੀਆਂ ਦੀ ਗਿਣਤੀ ਘਟਾਉਣ ਦੀ ਮੰਗ ਕਰ ਰਹੇ ਹਨ। ਇਨ੍ਹਾਂ ਤਿੰਨਾਂ ਕਾਰਕਾਂ ਕਾਰਨ ਵੀਜ਼ਾ ਰੱਦ ਹੋਣ ਵਿੱਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਵੀਜ਼ਾ ਰੱਦ ਹੋਣ ਦੀ ਦਰ ਵਧਣ ਦੇ ਪਿੱਛੇ ਇੱਕ ਨਵਾਂ ਨਿਯਮ ਵੀ ਹੈ। ਵਿਦਿਆਰਥੀਆਂ ਨੂੰ ਹੁਣ ਇੱਥੇ ਪੜ੍ਹਾਈ ਕਰਨ ਲਈ ਮਹੱਤਵਪੂਰਨ ਬੱਚਤ ਦਾ ਸਬੂਤ ਦਿਖਾਉਣ ਦੀ ਲੋੜ ਹੈ। ਉਨ੍ਹਾਂ ਨੂੰ ਸਿਰਫ਼ ਤਾਂ ਹੀ ਵਿਦਿਆਰਥੀ ਵੀਜ਼ਾ ਦਿੱਤਾ ਜਾਂਦਾ ਹੈ ਜੇਕਰ ਉਨ੍ਹਾਂ ਕੋਲ 20,000 ਕੈਨੇਡੀਅਨ ਡਾਲਰ ਤੋਂ ਵੱਧ ਹਨ। ਜੋ ਵਿਦਿਆਰਥੀ ਇਸ ਲੋੜ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹਿੰਦੇ ਹਨ, ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ।

ਕੈਨੇਡਾ ਸਰਕਾਰ ਨੇ 2025 ਵਿੱਚ ਸਿਰਫ਼ 437,000 ਅਧਿਐਨ ਪਰਮਿਟ ਜਾਰੀ ਕਰਨ ਦਾ ਟੀਚਾ ਰੱਖਿਆ ਹੈ, ਜੋ ਕਿ ਪਿਛਲੇ ਸਾਲ ਨਾਲੋਂ 10% ਘੱਟ ਹੈ। ਇਨ੍ਹਾਂ ਵਿੱਚੋਂ 73,000 ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਹਨ, ਜਦੋਂ ਕਿ 243,000 ਅੰਡਰਗ੍ਰੈਜੂਏਟ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ। ਇਸ ਤੋਂ ਇਲਾਵਾ, 120,000 ਅਧਿਐਨ ਪਰਮਿਟ ਨਵਿਆਉਣ ਅਤੇ ਸਕੂਲੀ ਵਿਦਿਆਰਥੀਆਂ ਲਈ ਰਾਖਵੇਂ ਰੱਖੇ ਗਏ ਹਨ। ਅਧਿਐਨ ਪਰਮਿਟਾਂ ਦੀ ਗਿਣਤੀ ਵਿੱਚ ਕਮੀ ਤੋਂ ਬਾਅਦ, ਕੈਨੇਡਾ ਨੇ ਵੀ ਸਖ਼ਤ ਦਸਤਾਵੇਜ਼ ਤਸਦੀਕ ਸ਼ੁਰੂ ਕਰ ਦਿੱਤੀ ਹੈ, ਜਿਸ ਦੇ ਨਤੀਜੇ ਵਜੋਂ ਬਹੁਤ ਸਾਰੀਆਂ ਵਿਦਿਆਰਥੀ ਵੀਜ਼ਾ ਅਰਜ਼ੀਆਂ ਰੱਦ ਹੋ ਗਈਆਂ ਹਨ।

ਲੰਘੇ ਦਿਨੀਂ ਆਸਟ੍ਰੇਲੀਆ, ਇੰਗਲੈਂਡ ਵਾਂਗ ਕੈਨੇਡਾ ਵਿੱਚ ਪਰਵਾਸੀਆਂ ਵਿਰੋਧੀ ਪ੍ਰਦਰਸ਼ਨ ਵੀ ਹੋਏ ਹਨ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੱਛਮੀ ਮੁਲਕਾਂ ਵਿੱਚ ਹੁਣ ਪਰਵਾਸੀਆਂ ਖਾਸ ਕਰਕੇ ਭਾਰਤੀ ਵਿਦਿਆਰਥੀਆਂ ਨੂੰ ਰਹਿਣਾ ਸੌਖਾ ਨਹੀਂ ਹੈ, ਉਹ ਉਥੇ ਹਰ ਦਿਨ ਨਿੱਤ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। **(ਬਾਕੀ ਸਫ਼ਾ 27 'ਤੇ)**



**ਵਿਦੇਸ਼ ਜਾ ਕੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਵਿਚੋਂ 33% ਵਿਦਿਆਰਥੀ ਸਿੱਖਿਆ ਕਰਜ਼ੇ ਲੈਂਦੇ ਹਨ, 28% ਵਿਦਿਆਰਥੀ ਸਕਾਲਰਸ਼ਿਪ 'ਤੇ ਨਿਰਭਰ ਕਰਦੇ ਹਨ ਅਤੇ 22% ਵਿਦਿਆਰਥੀ ਆਪਣੀ ਬਚਤ ਨਾਲ ਆਪਣੀ ਪੜ੍ਹਾਈ ਲਈ ਫੰਡ ਦਿੰਦੇ ਹਨ। ਜ਼ਿਆਦਾਤਰ ਵਿਦਿਆਰਥੀ 10-30 ਲੱਖ ਦੇ ਬਜਟ ਦੇ ਅੰਦਰ ਆਪਣੀ ਪੜ੍ਹਾਈ ਨੂੰ ਅੱਗੇ ਵਧਾਉਣ ਦਾ ਟੀਚਾ ਰੱਖਦੇ ਹਨ।**

## ਜਰਮਨੀ, ਯੂ.ਏ.ਟੀ., ਆਇਰਲੈਂਡ ਬਣੇ ਵਿਦਿਆਰਥੀਆਂ ਦੀ ਪਸੰਦ

ਭਾਰਤੀ ਵਿਦਿਆਰਥੀ ਹੁਣ ਉੱਚ ਸਿੱਖਿਆ ਲਈ ਅਮਰੀਕਾ ਅਤੇ ਕੈਨੇਡਾ ਦੀ ਬਜਾਏ ਜਰਮਨੀ, ਆਇਰਲੈਂਡ ਅਤੇ ਯੂ.ਏ.ਈ. ਨੂੰ ਚੁਣ ਰਹੇ ਹਨ। ਅੱਪਗ੍ਰੈਡ ਸਟੱਡੀ ਅਬਰੌਡ ਦੁਆਰਾ ਟ੍ਰਾਂਸਨੈਸ਼ਨਲ ਐਜੂਕੇਸ਼ਨ (ਟੀ.ਐਨ.ਈ.) 2024-25 ਦੀ ਇੱਕ ਨਵੀਂ ਰਿਪੋਰਟ ਦੇ ਅਨੁਸਾਰ ਜਰਮਨੀ ਭਾਰਤੀ ਵਿਦਿਆਰਥੀਆਂ ਲਈ ਇੱਕ ਪਸੰਦੀਦਾ ਸਥਾਨ ਬਣ ਰਿਹਾ ਹੈ। 2022 ਵਿੱਚ, 13.2 ਪ੍ਰਤੀਸ਼ਤ ਭਾਰਤੀ ਵਿਦਿਆਰਥੀ ਜਰਮਨੀ ਗਏ। ਇਹ ਅੰਕੜਾ 2024-25 ਵਿੱਚ ਵਧ ਕੇ 32.6 ਪ੍ਰਤੀਸ਼ਤ ਹੋ ਗਿਆ। ਯੂ.ਏ.ਈ. ਵੀ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ, ਉੱਥੇ 42 ਪ੍ਰਤੀਸ਼ਤ ਅੰਤਰਰਾਸ਼ਟਰੀ ਵਿਦਿਆਰਥੀ ਭਾਰਤੀ ਹਨ। ਆਇਰਲੈਂਡ ਆਪਣੀ ਅੰਗਰੇਜ਼ੀ-ਭਾਸ਼ਾ ਦੀ ਸਿੱਖਿਆ ਅਤੇ ਛੋਟੇ ਡਿਗਰੀ ਪ੍ਰੋਗਰਾਮਾਂ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰ ਰਿਹਾ ਹੈ।

## ਭਾਰਤੀ ਵਿਦਿਆਰਥੀਆਂ ਦੀਆਂ ਵਿਦੇਸ਼ਾਂ 'ਚ ਮੌਤਾਂ


ਇੱਕ ਰਿਪੋਰਟ ਅਨੁਸਾਰ ਪਿਛਲੇ 5 ਸਾਲਾਂ ਦੌਰਾਨ (2019 ਤੋਂ) ਵਿਦੇਸ਼ਾਂ ਵਿੱਚ ਪੜ੍ਹਾਈ ਕਰ ਰਹੇ 633 ਭਾਰਤੀ ਵਿਦਿਆਰਥੀ ਵੱਖ-ਵੱਖ ਕਾਰਨਾਂ ਕਾਰਨ ਮਾਰੇ ਗਏ ਹਨ, ਜਿਨ੍ਹਾਂ ਵਿੱਚ ਕੁਝ ਮੌਤਾਂ ਕੁਦਰਤੀ ਕਾਰਨਾਂ, ਦੁਰਘਟਨਾਵਾਂ ਜਾਂ ਮੈਡੀਕਲ ਮਾਮਲਿਆਂ ਕਾਰਨ ਹੋਈਆਂ ਹਨ। ਇਸ ਦੌਰਾਨ ਸਭ ਤੋਂ ਵੱਧ ਮੌਤਾਂ ਕੈਨੇਡਾ ਵਿੱਚ (172) ਹੋਈਆਂ, ਜਦਕਿ ਦੂਜੇ ਨੰਬਰ 'ਤੇ ਅਮਰੀਕਾ ਹੈ, ਜਿੱਥੇ 108 ਮੌਤਾਂ ਹੋਈਆਂ। ਇਨ੍ਹਾਂ ਤੋਂ ਇਲਾਵਾ ਇੰਗਲੈਂਡ (58), ਆਸਟ੍ਰੇਲੀਆ (57), ਰੂਸ (37) ਤੇ ਜਰਮਨੀ ਵੀ ਇਸ ਮਾਮਲੇ 'ਚ ਕਾਫ਼ੀ ਅੱਗੇ ਹਨ। ਇਸ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਸਭ ਤੋਂ ਵੱਧ ਮੌਤਾਂ ਵੀ ਕੈਨੇਡਾ 'ਚ ਹੋਈਆਂ।

## ਵਿਦੇਸ਼ ਜਾਣ ਲਈ ਵਿਦਿਆਰਥੀ ਲੈਂਦੇ ਨੇ ਕਰਜ਼ਾ




ਵਿਦੇਸ਼ ਜਾਣ ਦੇ ਚਾਹਵਾਨ ਪੰਜਾਬੀ ਵਿਦਿਆਰਥੀ ਅਕਸਰ ਆਪਣੀ ਪੜ੍ਹਾਈ ਦਾ ਖਰਚਾ ਪੂਰਾ ਕਰਨ ਲਈ ਬੈਂਕਾਂ, ਆੜ੍ਹਤੀਆਂ ਅਤੇ ਹੋਰ ਸਰੋਤਾਂ ਤੋਂ ਕਰਜ਼ਾ ਲੈਂਦੇ ਹਨ। ਵਿਦੇਸ਼ ਵਿੱਚ ਜਾ ਕੇ ਉਹਨਾਂ ਉਪਰ ਦੂਹਰੀ ਜ਼ਿੰਮੇਵਾਰੀ ਪੈ ਜਾਂਦੀ ਹੈ। ਇੱਕ ਪਾਸੇ ਤਾਂ ਉਹਨਾਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਦਾ ਫ਼ਿਕਰ ਹੁੰਦਾ ਹੈ, ਦੂਜੇ ਪਾਸੇ ਪੜ੍ਹਾਈ ਲਈ ਲਏ ਕਰਜ਼ੇ ਦੀਆਂ ਕਿਸ਼ਤਾਂ ਕਾਰਨ ਉਨ੍ਹਾਂ ਦੀ ਰਾਤਾਂ ਦੀ ਨੀਂਦਰ ਉੱਡ ਜਾਂਦੀ ਹੈ। ਕਰਜ਼ੇ ਦੀਆਂ ਕਿਸ਼ਤਾਂ ਉਤਾਰਨ ਲਈ ਉਹ ਵਿਦੇਸ਼ਾਂ ਵਿੱਚ ਪੜ੍ਹਾਈ ਦੇ ਨਾਲ ਦਿਨ ਰਾਤ ਸਿਫ਼ਤਾਂ ਵਿੱਚ ਕੰਮ ਕਰਦੇ ਹਨ, ਪਰ ਕਈ ਵਾਰ ਵਿਦੇਸ਼ਾਂ 'ਚ ਕੰਮ ਨਹੀਂ ਮਿਲਦਾ, ਜਿਸ ਕਾਰਨ ਵਿਦਿਆਰਥੀਆਂ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਜਾਂਦੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ 'ਚ ਪਬਲਿਕ ਸੈਕਟਰ ਦੇ ਦਰਜਨ ਬੈਂਕ ਹਨ ਜਿਨ੍ਹਾਂ ਤੋਂ ਲੰਘੇ ਚਾਰ ਵਰ੍ਹਿਆਂ ਦੌਰਾਨ ਵਿਦਿਆਰਥੀਆਂ ਨੇ 2114.36 ਕਰੋੜ ਦਾ ਵਿੱਦਿਅਕ ਲੋਨ ਚੁੱਕਿਆ ਹੈ। ਜਦੋਂ ਨਵੇਂ ਦਾਖ਼ਲੇ ਸ਼ੁਰੂ ਹੁੰਦੇ ਹਨ ਤਾਂ ਵਿੱਦਿਅਕ ਲੋਨ ਲੈਣ ਵਾਲਿਆਂ ਦੇ ਗੇੜੇ ਬੈਂਕਾਂ ਵਿੱਚ ਵਧ ਜਾਂਦੇ ਹਨ। ਪੰਜਾਬ 'ਚ ਪਬਲਿਕ ਸੈਕਟਰ ਦੀਆਂ ਬੈਂਕਾਂ ਨੇ ਸਾਲ 2021-22 ਵਿੱਚ 436.67 ਕਰੋੜ ਰੁਪਏ ਦਾ ਵਿੱਦਿਅਕ ਲੋਨ ਜਾਰੀ ਕੀਤਾ ਅਤੇ ਉਸ ਮਗਰੋਂ ਸਾਲ 2022-23 ਤੋਂ 2024-25 ਦੇ ਤਿੰਨ ਵਰ੍ਹਿਆਂ 'ਚ 1677.69 ਕਰੋੜ ਦਾ 'ਵਿੱਦਿਅਕ ਲੋਨ' ਇਨ੍ਹਾਂ ਬੈਂਕਾਂ ਨੇ ਦਿੱਤਾ ਹੈ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
QUIKQ
WEX
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

1 ਅਕਤੂਬਰ 'ਤੇ ਵਿਸ਼ੇਸ਼

# ਸਿੰਘ ਸਭਾ ਲਹਿਰ

ਸਿੰਘ ਸਭਾ ਇੱਕ ਜਾਗ੍ਰਿਤੀ ਦੀ ਲਹਿਰ ਹੈ। ਇਸ ਲਹਿਰ ਨੇ ਉਸ ਵੇਲੇ ਮਾਰਗ ਤੋਂ ਭਟਕੀ ਹੋਈ ਸਿੱਖ ਲੁਕਾਈ ਦਾ ਮਾਰਗ ਦਰਸ਼ਨ ਕੀਤਾ ਤੇ ਨਾਨਕ ਪੰਥੀ ਧਰਮ ਦੇ ਸੰਕਲਪ ਨੂੰ ਅੱਗੇ ਤੋਰਨ ਦਾ ਬਹੁਪੱਖੀ ਯਤਨ ਕੀਤਾ।

29 ਮਾਰਚ, 1849 ਨੂੰ ਪੰਜਾਬੀ ਰਾਜ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾਉਣ ਦਾ ਐਲਾਨ ਹੋਇਆ ਸੀ। ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਤਰਨ ਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ ਸਰਕਾਰ ਗੁਰਦੁਆਰਿਆਂ 'ਤੇ ਕਬਜ਼ੇ ਕਰਕੇ ਸਿੱਖ ਧਰਮ ਨੂੰ ਕਮਜ਼ੋਰ ਕਰਨ ਦੀ ਨੀਤੀ ਹੇਠ ਕੰਮ ਕਰ ਰਹੀ ਸੀ। ਹਕੂਮਤ ਨੇ ਆਪਣੇ ਰਾਜ ਦੀਆਂ ਜੜ੍ਹਾਂ ਡੂੰਘੀਆਂ ਕਰਨ ਲਈ ਇਸਾਈ ਧਰਮ ਦਾ ਵਿਸਥਾਰ ਕੀਤਾ। ਸੰਨ 1857 ਦੇ ਗਦਰ ਨੂੰ ਇਸੇ ਨੀਤੀ ਨੇ ਠੱਲ੍ਹ ਪਾਈ। ਗਦਰ ਦੇ ਕੁਝ ਹਾਮੀ ਅੰਗਰੇਜ਼ ਸਰਕਾਰ ਦਾ ਧਰਮਾਂ ਵਿੱਚ ਵਧੇਰੇ ਦਖ਼ਲ ਦੇਣਾ ਸਮਝਦੇ ਸਨ। ਸਿੱਖ ਧਰਮ ਦੀ ਗਿਰਾਵਟ ਸਮੇਂ ਪੋਠੋਹਾਰ ਦੇ ਇਲਾਕੇ ਵਿੱਚ ਨਿਰੰਕਾਰੀ ਲਹਿਰ ਬਾਬਾ ਦਿਆਲ ਸਿੰਘ ਜੀ ਨੇ ਚਲਾਈ ਸੀ। ਜ਼ੋਰਦਾਰ ਉਪਰਾਲਾ ਇਹਨਾਂ ਦਾ ਮਨੋਰਥ ਸਿਰਫ਼ ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨਾ ਸੀ। ਜੋ ਉਹਨਾਂ ਨੇ ਕਈ ਦੁੱਖ ਤਕਲੀਫ਼ਾਂ ਝੱਲ ਕੇ ਵੀ ਕੀਤਾ। ਸਿੱਖੀ ਸੇਵਕੀ ਵਧਣ 'ਤੇ ਗੁਰੂ ਡੰਮ ਦਾ ਵੀ ਜੋਰ ਵੱਧ ਗਿਆ। ਜਿਸ ਕਰਕੇ ਇਹ ਲਹਿਰ ਪੋਠੋਹਾਰ ਤੋਂ ਬਾਹਰ ਨਾ ਜਾ ਸਕੀ।

ਫਿਰ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਨੂੰ ਗੜ੍ਹ ਬਣਾ ਕੇ ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਚਲਾਈ। ਇਸ ਸਮੇਂ ਸਰਕਾਰੀ ਨੌਕਰੀਆਂ , ਸਕੂਲਾਂ, ਕਚਹਿਰੀਆਂ, ਡਾਕਖਾਨਾ, ਤਾਰ ਘਰ ਅਤੇ ਰੇਲਵੇ ਆਦਿ ਦਾ ਨਾ ਮਿਲਵਰਤਨ ਕੀਤਾ। ਬੜਾ ਜ਼ੋਰਦਾਰ ਪ੍ਰਚਾਰ ਹੋਇਆ। ਇਸ ਲਹਿਰ ਰਾਹੀਂ ਸਿੱਖਾਂ ਵਿੱਚ ਸ਼ੁੱਧ, ਸਾਦਾ, ਸੱਚਾ ਆਚਰਣ ਲਿਆਂਦਾ। ਕ੍ਰਿਤ ਕਮਾਈ ਕਰਕੇ ਆਪਣਾ ਨਿਰਬਾਹ ਕਰਨਾ ਸਿਖਾਇਆ। ਗੁਰਬਾਣੀ ਨਾਲ ਪ੍ਰੇਮ ਅਤੇ ਵੰਡ ਛਕਣ ਅਤੇ ਨਾਮ ਜਪਣ ਦਾ ਅਭਿਆਸ ਮੁੜ ਸ਼ੁਰੂ ਹੋਇਆ। ਸਮਾਜਿਕ ਕੁਰੀਤੀਆ ਨੂੰ ਦੂਰ ਕੀਤਾ। ਇਹ ਵੇਖ ਕੇ ਅੰਗਰੇਜ਼ੀ ਸਰਕਾਰ ਨੂੰ ਈਰਖਾ ਹੋਈ। ਨਾਮਧਾਰੀ ਗਊ ਬੱਧ ਦੇ ਕੱਟੜ ਵਿਰੋਧੀ ਸਨ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਗਊ ਬੱਧ ਹੋਣ ਕਰਕੇ ਵਿਰੋਧ ਕੀਤਾ। ਫਿਰ 14-15 ਜਨਵਰੀ, 1872 ਨੂੰ ਮਾਲੇਰਕੋਟਲਾ ਵਿਖੇ ਨਾਮਧਾਰੀ ਸੱਜਣਾਂ ਨੂੰ ਜੋਸ਼ ਵਿੱਚ ਆ ਕੇ ਬੁੱਚੜ ਵੱਢੇ। ਅੰਗਰੇਜ਼ੀ ਸਰਕਾਰ ਤਾਂ ਪਹਿਲਾਂ ਹੀ ਬਹਾਨਾ ਲੱਭਦੀ ਸੀ। ਨਾਮਧਾਰੀਆਂ 'ਤੇ ਆਫ਼ਤ ਆ ਗਈ। ਸਰਕਾਰ ਨੇ 49 ਨਾਮਧਾਰੀ ਬਿਨਾਂ ਮੁਕਦਮਾ ਚਲਾਏ ਤੋਪਾਂ ਨਾਲ ਉਡਾ ਦਿੱਤੇ। ਕੁਝ ਸਿੰਘਾਂ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ। ਕੁਲ 150 ਸ਼ਹੀਦ ਹੋਏ। ਸੈਂਕੜੇ ਹੀ ਕੈਦ ਕੀਤੇ ਗਏ। ਬਾਬਾ ਰਾਮ ਸਿੰਘ ਨੂੰ ਵੀ ਜਲਾਵਤਨ ਕਰਕੇ ਰੰਗੂਨ ਭੇਜਿਆ ਗਿਆ। ਗੁਰਦੁਆਰਾ ਭੈਣੀ ਸਾਹਿਬ 'ਤੇ ਪੁਲਿਸ ਦਾ ਕਬਜ਼ਾ ਹੋ ਗਿਆ। ਨਾਮਧਾਰੀ ਲਹਿਰ ਮੱਧਮ ਹੋ ਗਈ। ਗੁਰੂ ਡਮ ਦਾ ਵਾਧਾ ਹੋਇਆ। ਨਾਮਧਾਰੀ ਲਹਿਰ ਅੰਗਰੇਜ਼ੀ ਸਰਕਾਰ ਦੇ ਕ੍ਰੋਧ ਦਾ ਨਿਸ਼ਾਨਾ ਬਣੀ। ਇਸ ਲਈ ਸਿੱਖਾਂ ਦੀ ਧਾਰਮਿਕ ਅਗਵਾਈ ਲਈ ਗੁਰੂ ਸਿੰਘ ਸਭਾ ਨੇ ਜਨਮ ਲਿਆ।




ਅੰਗਰੇਜ਼ੀ ਸਰਕਾਰ ਨੇ 1845-46 ਤੋਂ ਇਸਾਈ ਧਰਮ ਦਾ ਵਿਸਥਾਰ ਸ਼ੁਰੂ ਕਰ ਦਿੱਤਾ ਸੀ। ਸੰਨ 1849-1857 ਤੱਕ ਇਸ ਮੁਹਿੰਮ ਨੇ ਜੋਰ ਫੜਿਆ। ਅਨੇਕਾਂ ਇਸਾਈ ਬਣਾਏ ਗਏ। ਸੰਨ 1858 ਤੋਂ ਥਾਂ ਥਾਂ ਕਈ ਮਿਸ਼ਨ ਸਕੂਲ, ਅਤੇ ਸਰਕਾਰੀ ਕਾਲਜ ਖੋਲੇ ਗਏ। ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਬੱਚਿਆਂ ਨੂੰ ਯਸੂ ਮਸੀਹ ਦੇ ਭਗਤ ਬਣਾਉਣੇ ਸ਼ੁਰੂ ਕੀਤੇ। ਸਿੱਖਾਂ ਦੇ ਆਪਣੇ ਸਕੂਲ ਤਾਂ ਸਨ ਹੀ ਨਹੀਂ। ਇਸ ਲਈ ਸਿੱਖਾਂ ਦੇ ਬੱਚੇ ਵੀ ਮਿਸ਼ਨ ਸਕੂਲਾਂ ਵਿੱਚ ਪੜ੍ਹਨ ਕਰਕੇ ਇਸਾਈ ਮਤ ਸਿੱਖ ਧਰਮ ਦੇ ਮੁਕਾਬਲੇ ਵਧੇਰੇ ਜਾਣਦੇ ਸਨ।

ਸੰਨ 1873 ਵਿੱਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਇਸਾਈ ਮਤ ਪ੍ਰਭਾਵ ਹੇਠ ਇਸਾਈ ਹੋਣ ਦੀ ਇੱਛਿਆ ਪ੍ਰਗਟਾਉਣ ਲੱਗੇ। ਸਮੇਂ ਸਿਰ ਪਤਾ ਲੱਗ ਜਾਣ ਕਰਕੇ ਕਈ ਸਿੱਖ ਮੁਖੀਆਂ ਨੇ ਇਹਨਾਂ ਵਿਦਿਆਰਥੀਆਂ ਨੂੰ ਬੜੀ ਮੁਸ਼ਕਿਲ ਨਾਲ ਸਮਝਾ ਬੁਝਾ ਦੇ ਇਸਾਈ ਬਣਨ ਤੋਂ ਰੋਕਿਆ। ਇਸੇ ਸਮੇਂ ਹੀ ਫਿਲੌਰ ਤੋਂ ਇੱਕ ਪੰਡਤ ਸ਼ਰਧਾ ਰਾਮ ਫਿਲੌਰੀ ਜੋ ਅੰਗਰੇਜ਼ੀ ਸਰਕਾਰ ਦਾ ਪਿੱਠੂ ਸੀ, ਨੇ ਅੰਮ੍ਰਿਤਸਰ ਆ ਕੇ ਗੁਰੂ ਕੇ ਬਾਗ ਵਿੱਚ ਕਥਾ ਕਰਕੇ ਸਿੱਖ ਗੁਰੂ ਸਾਹਿਬਾਨ ਅਤੇ ਖ਼ਾਲਸਾ ਪੰਥ ਦੀ ਸ਼ਾਨ ਵਿੱਚ ਕੁਝ ਅਯੋਗ ਸ਼ਬਦ ਕਹੇ। ਸਿੱਖ ਬੜੇ ਜੋਸ਼ ਵਿੱਚ ਆਏ ਅਤੇ ਉੱਤਰ ਦੇਣ ਲਈ ਤਿਆਰ ਹੋਏ। ਜਲਦੀ ਹੀ 30 ਜੁਲਾਈ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿੱਚ ਸਿੱਖਾਂ ਦਾ ਭਾਰੀ ਇਕੱਠ ਹੋਇਆ। ਪੰਥ ਨੂੰ ਇਸਾਈਆਂ ਜਾਂ ਹੋਰ ਸੰਸਥਾਵਾਂ ਦੇ ਅਜਿਹੇ ਅਯੋਗ ਹਮਲਿਆਂ ਤੋਂ ਬਚਾਉਣ ਲਈ ਸ੍ਰੀ ਗੁਰੂ ਸਿੰਘ ਸਭਾ ਦੀ ਬੁਨਿਆਦ ਰੱਖੀ। ਸਰਦਾਰ ਠਾਕੁਰ ਸਿੰਘ ਜੀ ਸੰਧਾਵਾਲੀਆ ਪ੍ਰਧਾਨ, ਗਿਆਨੀ ਗਿਆਨ ਸਿੰਘ ਸਕੱਤਰ, ਸਰਦਾਰ ਅਮਰ ਸਿੰਘ ਮੀਤ ਸੇਵਕ, ਭਾਈ ਧਰਮ ਸਿੰਘ ਮਜੀਠੇ ਬੁੰਗੇ ਵਾਲੇ ਖਜਾਨਚੀ ਥਾਪੇ ਗਏ। ਇਸ ਤੋਂ ਇਲਾਵਾ ਬਾਬਾ ਖੇਮ ਸਿੰਘ ਜੀ ਬੇਦੀ ਅਤੇ ਕੰਵਰ ਬਿਕਰਮ ਸਿੰਘ ਜੀ ਕਪੂਰਥਲਾ ਇਸ ਸਭਾ ਦੇ ਮੁਖੀਏ ਅਤੇ ਮੋਢੀ ਮੈਂਬਰ ਸਨ। ਮੈਂਬਰਾਂ ਦੇ ਦਾਖ਼ਲੇ ਲਈ ਬਾਕਾਇਦਾ ਨਿਯਮ ਬਣਾਏ ਗਏ। ਤਖ਼ਤ ਸਾਹਿਬਾਂ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਵੱਲੋਂ ਸਹਿਯੋਗ ਦੇ ਹੁਕਮਨਾਮੇ ਜਾਰੀ ਹੋਏ। ਸ੍ਰੀ ਗੁਰੂ ਸਿੰਘ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿੱਚ ਜੋ ਕੁਰੀਤੀਆਂ ਆ ਗਈਆਂ ਹਨ, ਉਹਨਾਂ ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਤੇ ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ। ਸਿੱਖਾਂ ਵਿੱਚ ਬੜਾ ਉਤਸ਼ਾਹ ਆਇਆ ਕਿ ਵੱਡੇ ਵੱਡੇ ਗਿਆਨੀ ਤੇ ਵਿਦਵਾਨ ਇਸ ਸਭਾ ਵਿੱਚ ਸ਼ਾਮਲ ਹੋਏ। ਨਿਰਮਲੇ ਅਤੇ ਖਾਸ ਕਰਕੇ ਉਦਾਸੀ ਸੰਤ ਵੀ ਹਿੱਸਾ ਲੈਣ ਲੱਗੇ।

ਇਸ ਤਰ੍ਹਾਂ ਸਭਾ ਤਾਂ ਚੱਲ ਪਈ ਤੇ ਪ੍ਰਚਾਰ ਦਾ ਪ੍ਰਵਾਹ ਵੀ ਚੱਲ ਪਿਆ ਪਰ ਇਸ ਦੇ ਮੋਢੀਆਂ ਵਿੱਚੋਂ ਤਿੰਨ ਆਗੂ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਤੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਆਪਸ ਵਿੱਚ ਇੱਕ ਨਹੀਂ ਸਨ। ਕੰਵਰ ਸਾਹਿਬ ਨਿਰੋਲ ਸੁਧਾਰਵਾਦੀ ਸਨ ਪਰ ਬੇਦੀ ਸਾਹਿਬ ਸੁਧਾਰਵਾਦੀ ਹੋਣ ਦੇ ਨਾਲ ਨਾਲ ਹੀ ਦੇਹਧਾਰੀ ਗੁਰੂਵਾਦ ਥਾਪ ਕੇ ਆਪਣੀ ਪੂਜਾ ਕਰਵਾਉਣ ਦੇ ਅਭਿਲਾਖੀ ਸਨ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਦਾ ਸੁਭਾਅ ਇਹਨਾਂ ਦੋਨਾਂ ਤੋਂ ਕੁਝ ਵੱਖਰਾ ਹੀ ਸੀ। ਉਹ ਗਰਮ ਖਿਆਲੀਏ ਸਨ ਤੇ ਅੰਗਰੇਜ਼ ਹਕੂਮਤ ਦਾ ਤਖ਼ਤਾ ਉਲਟਾਉਣ 'ਤੇ ਉਤਰ ਆਉਂਦੇ ਸਨ।

ਸਿੱਖ ਆਗੂਆਂ ਦੇ ਇਹਨਾਂ ਮਤਭੇਦਾਂ ਦੇ ਕਾਰਨ ਦੋ ਕੁ ਸਾਲ ਪਿੱਛੋਂ ਗੁਰਮਤਿ ਦਾ ਪ੍ਰਚਾਰ ਘਟਣ ਲੱਗ ਪਿਆ ਤੇ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਚਾਲ ਕੁਝ ਸਮੇਂ ਲਈ ਮੱਧਮ ਪੈ ਗਈ।

ਆਪਣੀ ਸੂਝ ਅਤੇ ਲਗਨ ਨਾਲ ਭਾਈ ਗੁਰਮੁੱਖ ਸਿੰਘ ਜੀ ਨੇ ਸੰਨ 1876 ਵਿੱਚ ਸਭਾ ਵਿੱਚ ਨਵੀਂ ਜਾਨ ਪਾ ਦਿੱਤੀ। ਆਪਣੇ ਕਾਲਜ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ ਸਿੱਖ ਧਰਮ ਦੀ ਵਿੱਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨਾ, ਸਿੱਖੀ ਤੋਂ ਦੂਰ ਜਾ ਕੇ ਜਿਉਣ ਵਾਲਿਆਂ ਨੂੰ ਮੋੜ ਲਿਆਉਣ, ਸਿੱਖ ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ, ਪੰਜਾਬੀ ਬੋਲੀ ਵਿੱਚ ਅਖ਼ਬਾਰ ਤੇ ਰਸਾਲੇ ਛਾਪਣਾ, ਵਿਦਿਅਕ ਅਦਾਰੇ ਦੇ ਸਰਕਾਰੀ ਅਫ਼ਸਰਾਂ ਨੂੰ ਸਭਾ ਨਾਲ ਜੋੜਨਾ, ਸਿੱਖਾਂ ਨੂੰ ਅਧਿਆਤਮਕ , ਸਮਾਜਿਕ ਅਤੇ ਵਿਵਹਾਰਿਕ ਵਿਦਿਆ ਦੇ ਕੇ ਹਰ ਪੱਖ ਤੋਂ ਜਾਗ੍ਰਿਤ ਕਰਨਾ, ਹਕੂਮਤ ਨਾਲ ਟਕਰਾਓ ਦੀ ਥਾਂ 'ਤੇ ਮਿਲ ਕੇ ਚੱਲਣਾ। ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਸੰਨ 1876 ਵਿੱਚ ਪੰਜਾਬ ਯੂਨੀਵਰਸਿਟੀ ਉਰੀਐਂਟਲ ਕਾਲਜ ਖੁੱਲ੍ਹਾ, ਡਾ. ਲਾਇਟਨਰ ਭਾਈ ਆਇਆ ਸਿੰਘ ਅਤੇ ਭਾਈ ਗੁਰਮੁੱਖ ਸਿੰਘ ਜੀ ਦੇ ਯਤਨਾਂ ਕਰਕੇ 1877 ਵਿੱਚ ਕਾਲਜ ਵਿੱਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁੱਖ ਸਿੰਘ ਪ੍ਰੋਫੈਸਰ ਲੱਗੇ। ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂੰ ਕਰਵਾਇਆ। ਸਿੱਖ ਧਰਮ ਲਈ ਉਤਸ਼ਾਹਿਤ ਕੀਤਾ, ਧਾਰਮਿਕ ਵਿਸ਼ੇ 'ਤੇ ਪੁਸਤਕਾਂ ਵੀ ਲਿਖੀਆਂ, ਹੋਰ ਪ੍ਰਾਪਤੀਆਂ ਵਿੱਚ ਪੱਤਰਕਾਰੀ ਵਿੱਚ ਕੰਮ ਕੀਤਾ ਤੇ ਸੰਨ 1880 ਵਿੱਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿੱਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦੀਆਂ ਕਾਰਵਾਈਆਂ ਦਾ ਵੇਰਵਾ ਦਿੱਤਾ। ਵਿਦਿਅਕ ਪੰਜਾਬ ਵਿੱਚ ਵਿਦਿਆ ਦਾ ਪ੍ਰਚਾਰ ਹੋਇਆ। ਸੰਨ 1885 ਵਿੱਚ ਖ਼ਾਲਸਾ ਅਖ਼ਬਾਰ ਸ਼ੁਰੂ ਕੀਤਾ, ਸੰਨ 1886 ਵਿੱਚ ਰਸਾਲਾ ਸੁਧਾਰਕ ਰਾਹੀਂ ਗੁਰਮਤਿ ਪ੍ਰਚਾਰ ਹੋਇਆ, ਸੰਨ 1886 ਵਿੱਚ ਹੀ ਖ਼ਾਲਸਾ ਗਜ਼ਟ ਵਿੱਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ। ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚਲਿਆ। ਮੰਜੀ ਸਾਹਿਬ ਦਰਬਾਰ ਵਿੱਚ ਇਕੱਤਰਤਾਵਾਂ ਹੋਣ ਲੱਗੀਆਂ, ਸਿੱਖ ਧਰਮ ਦੀ ਇਤਿਹਾਸਕ ਖੋਜ ਲਈ ਵਿਦਵਾਨ , ਦੂਰ ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜੇ ਸਮੇਂ ਵਿੱਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਛਪਣ ਲੱਗੇ ਤੇ ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁੱਖ ਸਿੰਘ ਜੀ ਦੇ ਯਤਨਾਂ ਨਾਲ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਅਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਦਿੱਤਾ। ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ। ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1879 ਵਿੱਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਨਵੰਬਰ 12-1879 ਈ. ਨੂੰ ਇੱਕ ਇਕੱਤਰਤਾ ਗੁਰਦੁਆਰਾ ਜਨਮ ਅਸਥਾਨ ਗੁਰੂ ਰਾਮਦਾਸ ਜੀ ਵਿਖੇ ਹੋਈ। ਜਿਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਸਭਾ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁੱਖ ਸਿੰਘ ਜੀ ਨੇ ਸੰਨ 1880 ਵਿੱਚ ਲਾਹੌਰ ਤੋਂ ਸਪਤਾਹਿਕ ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਜਿਸ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ ਕੋਨੇ ਵਿੱਚ ਜਾਣ ਲੱਗਿਆ। ਭਾਈ ਗੁਰਮੁੱਖ ਸਿੰਘ ਜੀ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ, ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿੱਚ ਜਿਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਿੰਘ ਸਭਾਵਾਂ ਬਣਨ ਲੱਗੀਆਂ। ਉਹ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇੱਕ ਹੀ ਸੀ, ਪਰ ਫਿਰ ਵੀ ਮੋਢੀਆਂ ਵਿੱਚ ਮਤਭੇਦ ਸਨ। ਫਿਰ ਦੋਵੇਂ ਵੱਖ ਵੱਖ ਜਥੇਬੰਦੀਆਂ ਹੋ ਗਈਆਂ । ਸੰਨ 1880 ਵਿੱਚ ਜਿਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੇ ਸੁਧਾਰ ਸੰਭਾਲ ਲਈ ਪੁਜਾਰੀਆਂ ਦਾ ਵੀ ਸੁਧਾਰ ਕਰਨਾ ਸੀ। ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਾਹੌਰ ਨੇ ਧਰਮ ਵੱਲ ਵਿਸ਼ੇਸ਼ ਧਿਆਨ ਦਿੱਤਾ ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿੱਚ ਬਹੁਗਿਣਤੀ ਪੁਜਾਰੀਆਂ ਸੋਢੀਆਂ, ਬੇਦੀ ਬਾਣਿਆਂ ਦੀ ਸੀ। ਜੋ ਇਸ ਦੇ ਵਿਰੋਧੀ ਸਨ।

ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇੱਕ ਵਾਰੀ ਸਾਂਝੀ ਸਭਾ ਕਾਇਮ ਕੀਤੀ ਗਈ, ਜਿਸ ਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿੱਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦ ਹੇਠ ਪੰਜਾਬੀ ਪ੍ਰਚਾਰਨੀ ਸਭਾ ਬਣਾਈ ਗਈ। ਜਿਸ ਵਿੱਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸਰਦਾਰ ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁੱਖ ਸਿੰਘ ਜੀ ਨਾਲ ਆਣ ਰਲੇ। ਜਿਨ੍ਹਾਂ ਨੇ ਸਭਾ ਦੀ ਉੱਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ, ਪਰ ਸਮੱਸਿਆ ਫਿਰ ਵੀ ਹਲ਼ ਨਾ ਹੋਈ। ਸੰਨ 1883 ਵਿੱਚ ਦੋਵੇਂ ਸਭਾਵਾਂ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਬਣਾ ਦਿੱਤਾ ਗਿਆ। ਭਾਵੇਂ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ, ਪਰ ਸਿੱਖ ਪੰਥ ਵਿੱਚ ਨਵਾਂ ਜੋਸ਼ ਅਤੇ ਮਰਿਆਦਾ ਕਾਇਮ ਕਰਨ ਵਿੱਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਅੰਤਿਕਾ : ਇਹਨਾਂ ਬਿਖੜੇ ਪੈਂਡਿਆਂ 'ਤੇ ਚਲਦੇ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤਕ ਅੱਪੜੇ। ਜਿਵੇਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ ਬਾਅਦ ਖ਼ਾਲਸਾ ਦੀਵਾਨ ਲਾਹੌਰ, ਚੀਫ਼ ਖਾਲਸਾ ਦੀਵਾਨ ਆਦਿ ਗੁਰਦੁਆਰਾ ਸੁਧਾਰ ਲਹਿਰ ਵਿੱਚ ਬਦਲ ਗਏ। ਹੋਰ ਅੱਗੇ ਜਾ ਕੇ ਅਕਾਲੀ ਲਹਿਰ ਹੋਂਦ ਵਿੱਚ ਆਈ। ਉਪਰੰਤ ਰਕਾਬ ਗੰਜ ਦੇ ਮਸਲੇ ਤੋਂ ਲੈ ਕੇ ਅਕਾਲੀ ਮੋਰਚਿਆਂ ਵਿੱਚ ਨਨਕਾਣਾ ਸਾਹਿਬ, ਪੰਜਾ ਸਾਹਿਬ, ਗੁਰੂ ਕੇ ਬਾਗ ਦੇ ਕਈ ਮੋਰਚੇ ਲਾਉਣੇ ਪਏ। ਕਈ ਖ਼ੂਨੀ ਸਾਕੇ ਵਾਪਰੇ, ਅਣ ਮਨੁੱਖੀ ਤਸ਼ੱਦਦ ਸਹੇ। ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ। ਸਿੰਘਾਂ ਨੇ ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿੱਚ ਕਾਇਮ ਰਖਿਆ। ਅੰਤ 1925 ਵਿੱਚ ਗੁਰਦੁਆਰਾ ਐਕਟ ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਆ ਗਿਆ।






# ਕੁਦਰਤ ਨੂੰ ਦਿਓ ਵਧਣ, ਫੁੱਲਣ ਤੇ ਮੌਲਣ ਦੇ ਮੌਕੇ





ਪੰਜ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜ਼ਿੰਦਗੀ ਨੂੰ ਇੱਕ ਫ਼ਲਸਫ਼ੇ ਨਾਲ ਬੰਨ੍ਹਿਆ ਸੀ। ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ। ਇਸ ਫ਼ਲਸਫ਼ੇ ਦਾ ਮਹਾਤਮ ਅੱਜ ਵੀ ਓਨਾ ਹੀ ਸਾਰਥਕ ਹੈ ਜਿੰਨਾ ਉਸ ਵੇਲੇ ਸੀ। ਅੱਜ ਜਦੋਂ ਇਹ ਦੁਨੀਆ ਵਿਕਾਸ ਦੀਆਂ ਨਿੱਤ ਨਵੀਆਂ ਪੈੜਾਂ ਸਿਰਜਦੀ ਹੋਈ ਅੱਗੇ ਵਧਦੀ ਜਾ ਰਹੀ ਹੈ, ਇਸ ਪ੍ਰਕਿਰਿਆ ਵਿੱਚ ਕੁਦਰਤ ਨਾਲ ਸਭ ਤੋਂ ਵੱਧ ਖਿਲਵਾੜ ਹੋ ਰਿਹਾ ਹੈ।

ਕੁਦਰਤੀ ਸੋਮੇ ਪੌਣ, ਪਾਣੀ ਤੇ ਧਰਤ ਦੀ ਹਰ ਤਹਿ ਵਰਤ-ਫੋਲ ਕੇ ਮਨੁੱਖ ਸਾਰੀ ਕਾਇਨਾਤ ਦਾ ਕਿੰਗ' ਬਣਨ ਵੱਲ ਲਗਾਤਾਰ ਓਹੜ-ਪੋਹੜ ਕਰ ਰਿਹਾ ਹੈ। ਇਸ ਸਾਰੇ ਵਰਤਾਰੇ ਨੇ ਕੁਦਰਤ ਲਈ ਨਵੀਆਂ ਚਿੰਤਾਵਾਂ ਪੈਦਾ ਕੀਤੀਆਂ ਹਨ। ਬੇਸ਼ੱਕ ਵਿਕਾਸ ਮਨੁੱਖ ਦਾ ਨਿੱਜੀ ਮਸਲਾ ਹੈ ਪਰ ਇਸ ਨਿੱਜ ਤੋਂ ਬਾਹਰ ਆ ਕੇ ਜਦੋਂ ਉਹ ਅਗਲਾ ਕਦਮ ਪੁੱਟਦਾ ਹੈ ਤਾਂ ਇਕ ਨਵੇਂ ਕਿਸਮ ਦੀ ਦੌੜ ਨੂੰ ਜਨਮ ਦਿੰਦਾ ਹੈ।

ਆਲਮੀ ਪੱਧਰ 'ਤੇ ਜਿੰਨੀ ਕੁਦਰਤ ਵਿਸ਼ਾਲ ਹੈ, ਓਨਾ ਹੀ ਮਨੁੱਖ ਵਿਸਥਾਰ ਕਰਨਾ ਚਾਹ ਰਿਹਾ ਹੈ। ਆਲਮੀ ਤਪਸ਼, ਪਹਾੜਾਂ 'ਤੇ ਜੰਮੀ ਬਰਫ਼, ਧਰਤੀ ਹੇਠਲੇ ਪਾਣੀ ਦਾ ਪੱਧਰ ਨਿਰੰਤਰ ਨੀਵਾਂ ਜਾਣਾ ਤੇ ਅੱਜ ਦੇ ਆਧੁਨਿਕ ਯੁੱਗ 'ਚ ਪੈਦਾ ਹੋਏ ਏਕਿਊਆਈ ਵਰਗੇ ਨਵੇਂ ਸ਼ਬਦ ਵੀ ਮਨੁੱਖ ਦੀ ਇਸ ਵਿਕਾਸ ਕਰਨ ਦੀ ਰੀਝ ਦਾ ਹੀ ਪੁੱਠਾ ਪਾਸਾ ਸਾਬਿਤ ਹੋ ਰਹੇ ਹਨ। ਮੌਸਮ ਲਗਾਤਾਰ ਆਪਣਾ ਮਿਜ਼ਾਜ ਬਦਲ ਰਿਹਾ ਹੈ।

ਦੋ-ਢਾਈ ਦਹਾਕੇ ਜ਼ਹਿਰੀਲੀਆਂ ਗੈਸਾਂ ਨਾਲ ਧਰਤੀ ਦੀ ਓਜ਼ੋਨ ਪਰਤ 'ਚ ਸੁਰਾਖ਼ ਹੋਣ ਕਾਰਨ ਪੈਦਾ ਹੋਣ ਵਾਲੇ ਨੁਕਸਾਨਾਂ ਦਾ ਵੀ ਚਰਚਾ ਛਿੜਦਾ ਰਿਹਾ ਹੈ ਜਦਕਿ ਇਹ ਸਮੱਸਿਆ ਅੱਜ ਵੀ ਬਰਕਰਾਰ ਹੈ। ਜਦੋਂ ਤੱਕ ਕੋਈ ਸਮੱਸਿਆ ਅਖ਼ਬਾਰਾਂ, ਟੀਵੀ ਚੈਨਲਾਂ, ਸੋਸ਼ਲ ਮੀਡੀਆ ਦੀਆਂ ਤੱਤੀਆਂ ਜਾਣਕਾਰੀਆਂ ਦਾ ਹਿੱਸਾ ਨਾ ਬਣੇ, ਸਾਡੇ ਵੀ ਚੇਤਿਆਂ 'ਚ ਨਹੀਂ ਆਉਂਦੀ। ਕਦੇ ਰਾਤ ਵੇਲੇ ਮੱਠੀ-ਮੱਠੀ ਠੰਢ ਮਹਿਸੂਸ ਹੋਣ ਲੱਗਦੀ ਹੈ ਤੇ ਕਦੇ ਦਿਨ ਦਾ ਤਾਪਮਾਨ ਗਰਮ ਮਹਿਸੂਸ ਲੱਗਦਾ ਹੈ। ਕਿਸਾਨਾਂ ਵੱਲੋਂ ਪਰਾਲੀ ਸਾੜਨ ਕਾਰਨ ਪੈਦਾ ਹੋਇਆ ਧੂੰਆਂ ਤੇ ਸਮੌਗ ਜ਼ਰੂਰ ਘੱਟ ਵਿਜ਼ੀਬਿਲਟੀ ਦਾ ਕਾਰਨ ਬਣ ਰਿਹਾ ਹੈ।

ਚੰਡੀਗੜ੍ਹ ਵਰਗਾ ਹਰਿਆਲੀ ਨਾਲ ਭਰਿਆ ਹੋਇਆ ਸ਼ਹਿਰ ਵੀ 400 ਏਕਿਊਆਈ 'ਤੇ ਹਵਾ ਪ੍ਰਦੂਸ਼ਣ ਦੀ ਮਾਰ ਤੋਂ ਬਚ ਨਹੀਂ ਸਕਿਆ ਹੈ। ਇਹੀ ਹਾਲ ਪੰਜਾਬ ਦੇ ਬਹੁਤੇ ਸ਼ਹਿਰਾਂ ਦਾ ਹਾਲ ਹੈ। ਪੰਜਾਬ ਦੇ ਉਦਯੋਗਿਕ ਖੇਤਰਾਂ ਵਾਲੇ ਸ਼ਹਿਰਾਂ ਦਾ ਹਾਲ ਦਿੱਲੀ ਦੇ ਪ੍ਰਦੂਸ਼ਣ ਦੀ ਬਰਾਬਰੀ ਕਰ ਰਿਹਾ ਹੈ। ਪ੍ਰਦੂਸ਼ਣ ਤੇ ਹਵਾ ਦੀ ਗੁਣਵੱਤਾ ਖ਼ਰਾਬ ਹੋਣ ਦੇ ਕਾਰਕ ਸਾਰਿਆਂ ਲਈ ਬਰਾਬਰ ਹਨ। ਦੱਖਣੀ ਕੋਰੀਆ 'ਚ ਅੱਠ ਅਕਤੂਬਰ ਨੂੰ ਮੌਸਮ ਦੇ ਬਦਲਾਅ ਨਾਲ ਸਬੰਧਤ ਇੰਟਰ-ਗਵਰਨਮੈਂਟਲ ਪੈਨਲ ਫਾਰ ਕਲਾਈਮੇਟ ਚੇਂਜ ਨੇ 400 ਪੰਨਿਆਂ ਦੀ ਇਕ ਰਿਪੋਰਟ ਪੇਸ਼ ਕੀਤੀ ਸੀ। ਇਸ ਮੁਤਾਬਕ ਜੇ ਗਰੀਨ ਹਾਊਸ ਗੈਸਾਂ ਦਾ ਨਿਕਾਸ ਤੇਜ਼ੀ ਨਾਲ ਨਾ ਰੋਕਿਆ ਗਿਆ ਤਾਂ ਇਹ ਭਿਆਨਕ ਸਿੱਧ ਹੋਵੇਗਾ।



ਇਹ ਅਸਰ ਧਰਤੀ ਤੇ ਸਮੁੰਦਰ ਵਿਚਲੀ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਘਾਤਕ ਹੋਣਗੇ। ਜੇ ਇਹੀ ਹਾਲ ਰਿਹਾ ਤਾਂ 2030 ਤੋਂ 2052 ਤੱਕ ਧਰਤੀ ਦਾ ਔਸਤ ਤਾਪਮਾਨ ਸਨਅਤੀਕਰਨ ਕਰਕੇ 3 ਤੋਂ 4 ਡਿਗਰੀ ਸੈਲਸੀਅਸ ਵਧ ਜਾਵੇਗਾ ਤੇ ਇਹ ਹੋਰ ਤਪੇਗੀ। ਇਸ ਲਈ ਵਾਤਾਵਰਨ 'ਚ ਹੋ ਰਹੀਆਂ ਇਨ੍ਹਾਂ ਵੱਡੀਆਂ ਖ਼ਰਾਬੀਆਂ ਦੀ ਜ਼ਿੰਮਾ ਹੁਣ ਇਕ-ਦੂਜੇ 'ਤੇ ਥੋਪਣ ਦਾ ਸਮਾਂ ਨਹੀਂ ਹੈ। ਸਮੁੱਚੀ ਲੋਕਾਈ ਨੂੰ ਨਿੱਜ ਤੋਂ ਬਾਹਰ ਆ ਕੇ ਕੁਦਰਤ ਨੂੰ ਵਧਣ, ਫੁੱਲਣ ਤੇ ਮੌਲਣ ਦੇ ਮੌਕੇ ਦੇਣੇ ਪੈਣਗੇ, ਨਹੀਂ ਤਾਂ ਉਹ ਸਮਾਂ ਵੀ ਦੂਰ ਨਹੀਂ ਜਦੋਂ ਇਹ ਵਾਤਾਵਰਣ 'ਚ ਪੈਦਾ ਹੋ ਰਹੇ ਵਿਗਾੜ ਸਾਡੇ ਵੱਸੋਂ ਬਾਹਰ ਹੋ ਜਾਣਗੇ।

# ਕੀ ਵਾਤਾਵਰਣ ਪ੍ਰਣਾਲੀਆਂ ਲਈ ਮਹੱਤਵਪੂਰਨ ਹਨ ਹੜ੍ਹ ?

**ਪੰਜਾਬ 'ਚ ਪਿਛਲੇ ਦਿਨਾਂ ਦੌਰਾਨ ਆਏ ਹੜ੍ਹਾਂ ਨੇ ਭਾਰੀ ਨੁਕਸਾਨ ਕੀਤਾ ਹੈ। ਇਸ ਕਰਕੇ ਹੜ੍ਹਾਂ ਨੂੰ ਤਬਾਹੀ ਦਾ ਕਾਰਨ ਮੰਨਿਆ ਜਾਂਦਾ ਹੈ। ਦੂਜੇ ਪਾਸੇ ਕੁਝ ਵਿਗਿਆਨੀ ਦਾਅਵਾ ਕਰ ਰਹੇ ਹਨ ਕਿ ਹੜ੍ਹਾਂ ਕਾਰਨ ਭਾਵੇਂ ਤਬਾਹੀ ਤਾਂ ਹੁੰਦੀ ਹੈ ਪਰ ਕੁਝ ਫ਼ਾਇਦੇ ਵੀ ਹੁੰਦੇ ਹਨ। ਹੜ੍ਹਾਂ ਦਾ ਕੁਦਰਤ 'ਤੇ ਹਮੇਸ਼ਾ ਮਾੜਾ ਅਸਰ ਨਹੀਂ ਪੈਂਦਾ। ਅਜਿਹਾ ਕਹਿਣ ਵਾਲੇ ਵਿਗਿਆਨੀਆਂ ਦੀ ਗੱਲ ਵੀ ਪੜ੍ਹ-ਸੁਣ ਲੈਣੀ ਚਾਹੀਦੀ ਹੈ।**





ਹੜ੍ਹ ਕੁਝ ਵਾਤਾਵਰਣ ਪ੍ਰਣਾਲੀਆਂ ਦੀ ਮਦਦ ਕਰਦੇ ਹਨ, ਦੂਜੇ ਪਾਸੇ ਇਹ ਵੱਡੇ ਪੱਧਰ 'ਤੇ ਤਬਾਹੀ ਦਾ ਕਾਰਨ ਵੀ ਬਣਦੇ ਹਨ। ਅਜਿਹੇ 'ਚ ਵੱਡਾ ਸਵਾਲ ਇਹ ਹੈ ਕਿ ਹੜ੍ਹ ਵਾਤਾਵਰਨ ਲਈ ਚੰਗੇ ਜਾਂ ਮਾੜੇ ਹਨ? ਹੜ੍ਹਾਂ ਦੌਰਾਨ ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ। ਘਰਾਂ ਦੇ ਹੇਠਲੇ ਹਿੱਸੇ ਪਾਣੀ ਵਿੱਚ ਡੁੱਬ ਜਾਂਦੇ ਹਨ। ਲੋਕਾਂ ਕੋਲ ਨਾ ਤਾਂ ਸਿਰ ਛੁਪਾਉਣ ਲਈ ਥਾਂ ਹੁੰਦੀ ਹੈ ਅਤੇ ਨਾ ਹੀ ਕਿਤੇ ਜਾਣ ਲਈ ਕੋਈ ਰਸਤਾ। ਪਾਣੀ ਦੇ ਤੇਜ਼ ਵਹਾਅ ਵਿੱਚ ਪਸ਼ੂ ਵੀ ਰੁੜ੍ਹ ਜਾਂਦੇ ਹਨ। ਲੋਕਾਂ ਦੀ ਸਾਰੀ ਜ਼ਿੰਦਗੀ ਦੀ ਬੱਚਤ ਪਾਣੀ ਵਿੱਚ ਰੁੜ੍ਹ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਕੀ ਕੋਈ ਸੋਚ ਸਕਦਾ ਹੈ ਕਿ ਹੜ੍ਹਾਂ ਦੇ ਕੁਝ ਫ਼ਾਇਦੇ ਵੀ ਹਨ?

1980 ਅਤੇ 2022 ਦੇ ਵਿਚਕਾਰ ਯੂਰਪੀਅਨ ਯੂਨੀਅਨ ਵਿੱਚ ਦਰਜ ਕੀਤੀਆਂ ਸਾਰੀਆਂ ਜਲਵਾਯੂ-ਸਬੰਧਤ ਅਤਿਅੰਤ ਘਟਨਾਵਾਂ ਵਿੱਚੋਂ ਆਰਥਿਕ ਨੁਕਸਾਨ ਦਾ ਸਭ ਤੋਂ ਵੱਡਾ ਕਾਰਨ ਹੜ੍ਹ ਰਿਹਾ ਹੈ। ਇਸ ਦੇ ਬਾਵਜੂਦ, ਇਸਦਾ ਕੁਦਰਤ 'ਤੇ ਹਮੇਸ਼ਾ ਮਾੜਾ ਪ੍ਰਭਾਵ ਨਹੀਂ ਪੈਂਦਾ, ਹੜ੍ਹਾਂ ਦੇ ਕੁਝ ਫ਼ਾਇਦੇ ਵੀ ਹਨ।

ਇੰਟਰਨੈਸ਼ਨਲ ਯੂਨੀਅਨ ਫ਼ਾਰ ਕੰਜ਼ਰਵੇਸ਼ਨ ਆਫ਼ ਨੇਚਰ ਦੇ ਗਲੋਬਲ ਵਾਟਰ ਪ੍ਰੋਗਰਾਮ ਦੇ ਡਾਇਰੈਕਟਰ ਜੇਮਸ ਡਾਲਟਨ ਦਾ ਕਹਿਣਾ ਹੈ ਕਿ ਮੌਸਮੀ ਹੜ੍ਹ ਬਹੁਤ ਸਾਰੇ ਵਾਤਾਵਰਣ ਪ੍ਰਣਾਲੀਆਂ ਲਈ ਮਹੱਤਵਪੂਰਨ ਹਨ। ਇਹ ਮਿੱਟੀ ਦੇ ਪੌਸ਼ਟਿਕ ਤੱਤ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਂਦੇ ਹਨ। ਉਹ ਦੱਸਦਾ ਹੈ, 'ਨਦੀ ਪ੍ਰਣਾਲੀਆਂ ਪੌਸ਼ਟਿਕ ਤੱਤਾਂ ਨੂੰ ਇੱਕ ਥਾਂ ਤੋਂ ਦੂਜੀ ਤੱਕ ਪਹੁੰਚਾਉਣ ਵਿੱਚ ਮਦਦ ਕਰਦੀਆਂ ਹਨ। ਡਾਲਟਨ ਦੱਸਦਾ ਹੈ, ਕਿ ਸਾਨੂੰ ਹੜ੍ਹਾਂ ਦੀ ਲੋੜ ਹੈ। ਹੜ੍ਹ ਮਿੱਟੀ ਦੇ ਕਣਾਂ, ਪੌਸ਼ਟਿਕ ਤੱਤ ਅਤੇ ਕੁਝ ਮਹੱਤਵਪੂਰਨ ਪ੍ਰਜਾਤੀਆਂ ਨੂੰ ਆਪਣੇ ਨਾਲ ਲੈ ਜਾਂਦੇ ਹਨ, ਜੋ ਕਿ ਵਾਤਾਵਰਨ ਦੇ ਸੰਤੁਲਨ ਲਈ ਬਹੁਤ ਮਹੱਤਵਪੂਰਨ ਹੈ। ਹੜ੍ਹ ਨਦੀਆਂ ਦੇ ਤਲ ਨੂੰ ਸਾਫ਼ ਕਰਦੇ ਹਨ, ਪੌਸ਼ਟਿਕ ਤੱਤ ਫ਼ੈਲਾਉਂਦੇ ਹਨ ਅਤੇ ਬਹੁਤ ਸਾਰੀਆਂ ਮਹੱਤਵਪੂਰਨ ਪ੍ਰਜਾਤੀਆਂ ਨੂੰ ਹੇਠਲੀ ਜ਼ਮੀਨ ਤੱਕ ਪਹੁੰਚਾਉਂਦੇ ਹਨ, ਜੋ ਈਕੋਸਿਸਟਮ ਲਈ ਜ਼ਰੂਰੀ ਹੈ। ਹੜ੍ਹ ਦਾ ਪਾਣੀ ਤਲ ਅਤੇ ਪੌਸ਼ਟਿਕ ਤੱਤਾਂ ਨੂੰ ਪਿੱਛੇ ਛੱਡਦਾ ਹੈ। ਇਸ ਨਾਲ ਮਿੱਟੀ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ ਅਤੇ ਪੌਦੇ ਤੇਜ਼ੀ ਨਾਲ ਵਧਦੇ ਹਨ। ਇਹੀ ਕਾਰਨ ਹੈ ਕਿ ਦਰਿਆਵਾਂ ਦੇ ਆਲੇ-ਦੁਆਲੇ ਕਈ ਸ਼ਹਿਰ ਅਤੇ ਕਸਬੇ ਵਿਕਸਿਤ ਹੋਏ ਹਨ। ਹੜ੍ਹ ਦਾ ਪਾਣੀ ਜ਼ਮੀਨ ਨੂੰ ਉਪਜਾਊ ਬਣਾਉਂਦਾ ਹੈ।

ਇਸ ਤੋਂ ਇਲਾਵਾ ਹੜ੍ਹ ਦਾ ਪਾਣੀ ਵੀ ਧਰਤੀ ਹੇਠਲੇ ਪਾਣੀ ਨੂੰ ਵਧਾਉਣ ਵਿੱਚ ਯੋਗਦਾਨ ਪਾਉਂਦਾ ਹੈ। ਕੁਝ ਖੇਤਰਾਂ ਵਿੱਚ ਇਹ ਪ੍ਰਕਿਰਿਆ ਕੁਦਰਤੀ ਤੌਰ 'ਤੇ ਵਾਪਰਦੀ ਹੈ। ਕੈਲੀਫ਼ੋਰਨੀਆ ਵਰਗੇ ਖੇਤਰਾਂ ਵਿੱਚ ਗਰਮੀਆਂ ਦੌਰਾਨ ਪਾਣੀ ਦੀ ਸਮੱਸਿਆ ਨਾਲ ਨਜਿੱਠਣ ਲਈ ਹੜ੍ਹਾਂ ਦੇ ਪਾਣੀ ਨੂੰ ਸਟੋਰ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਦੇ ਭੰਡਾਰ ਨੂੰ ਭਰਿਆ ਜਾ ਸਕੇ।

ਹਾਲਾਂਕਿ, ਗਲੋਬਲ ਤਾਪਮਾਨ ਵਿੱਚ ਲਗਾਤਾਰ ਵਾਧੇ ਕਾਰਨ, ਦੁਨੀਆਂ ਦੇ ਕੁਝ ਹਿੱਸਿਆਂ ਵਿੱਚ ਅਚਾਨਕ ਬਾਰਿਸ਼ ਅਤੇ ਅਚਾਨਕ ਹੜ੍ਹ ਆ ਰਹੇ ਹਨ। ਇਹ ਹੜ੍ਹ ਉਥੇ ਵਿਨਾਸ਼ਕਾਰੀ ਸਾਬਤ ਹੋ ਰਿਹਾ ਹੈ। ਡਾਲਟਨ ਨੇ ਕਿਹਾ, ਅਸੀਂ ਦੇਖ ਰਹੇ ਹਾਂ ਕਿ ਬਾਰਸ਼ ਦੇ ਪੈਟਰਨ ਵਿੱਚ ਬਦਲਾਅ ਕਾਰਨ ਹੜ੍ਹ ਜ਼ਿਆਦਾ ਵਿਨਾਸ਼ਕਾਰੀ ਸਾਬਤ ਹੋ ਰਹੇ ਹਨ ਅਤੇ ਹੜ੍ਹਾਂ ਦੀ ਸਥਿਤੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ। ਇਸ ਨਾਲ ਜੈਵ ਵਿਭਿੰਨਤਾ 'ਤੇ ਵੀ ਭਾਰੀ ਅਸਰ ਪੈ ਰਿਹਾ ਹੈ।

ਜੰਗਲੀ ਜੀਵਾਂ 'ਤੇ ਹੜ੍ਹਾਂ ਦਾ ਅਸਰ ਸਾਫ਼ ਦਿਖਾਈ ਦੇ ਰਿਹਾ ਹੈ। ਕੁਝ ਜੰਗਲੀ ਜੀਵ ਆਪਣੇ ਆਪ ਨੂੰ ਤੇਜ਼ੀ ਨਾਲ ਵਧ ਰਹੇ ਪਾਣੀ ਤੋਂ ਬਚਾਉਣ ਵਿੱਚ ਅਸਮਰੱਥ ਹਨ। ਉਦਾਹਰਨ ਲਈ, ਜਦੋਂ ਉੱਤਰ-ਪੂਰਬੀ ਭਾਰਤ ਵਿੱਚ ਕਾਜ਼ੀਰੰਗਾ ਨੈਸ਼ਨਲ ਪਾਰਕ 2012 ਵਿੱਚ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਇਆ ਸੀ, ਤਾਂ ਖ਼ਤਰੇ ਵਿੱਚ ਪੈ ਰਹੇ ਇੱਕ ਸਿੰਗ ਵਾਲੇ ਗੈਂਡੇ ਸਮੇਤ ਸੈਂਕੜੇ ਜਾਨਵਰ ਮਾਰੇ ਗਏ ਸਨ।


ਹੜ੍ਹਾਂ ਦੇ ਦੌਰਾਨ, ਕੁਝ ਜਾਨਵਰ ਪ੍ਰਭਾਵਿਤ ਖੇਤਰ ਤੋਂ ਭੱਜਣ ਵਿੱਚ ਸਫ਼ਲ ਹੋ ਜਾਂਦੇ ਹਨ, ਪਰ ਉਨ੍ਹਾਂ ਦੇ ਨਿਵਾਸ ਸਥਾਨ ਅਤੇ ਪ੍ਰਜਨਨ ਦੇ ਸਥਾਨ ਤਬਾਹ ਹੋ ਜਾਂਦੇ ਹਨ। ਡਾਲਟਨ ਕਹਿੰਦਾ ਹੈ, 'ਵਿਨਾਸ਼ਕਾਰੀ ਹੜ੍ਹ ਨਦੀਆਂ ਦੇ ਕਿਨਾਰਿਆਂ ਅਤੇ ਹੜ੍ਹ ਦੇ ਮੈਦਾਨਾਂ ਨੂੰ ਤਬਾਹ ਕਰ ਦਿੰਦੇ ਹਨ,' ਡਾਲਟਨ ਕਹਿੰਦਾ ਹੈ ਕਿ ਤਲ ਅਤੇ ਮਿੱਟੀ ਦਾ ਕਟੌਤੀ ਇੰਨੀ ਗੰਭੀਰ ਹੋ ਸਕਦੀ ਹੈ ਕਿ ਪ੍ਰਵਾਸੀ ਪ੍ਰਜਾਤੀਆਂ ਪ੍ਰਭਾਵਿਤ ਹੋ ਸਕਦੀਆਂ ਹਨ ਕਿਉਂਕਿ ਉਹ ਉੱਥੇ ਨਹੀਂ ਪਹੁੰਚ ਸਕਦੀਆਂ ਜਿੱਥੇ ਉਨ੍ਹਾਂ ਨੂੰ ਸਪੌਨ ਦੀ ਜ਼ਰੂਰਤ ਹੁੰਦੀ ਹੈ। ਪ੍ਰਜਨਨ ਇੱਕ ਨਿਸ਼ਚਿਤ ਸਮੇਂ 'ਤੇ ਹੋਣਾ ਚਾਹੀਦਾ ਹੈ। ਇਹ ਕਈ ਪ੍ਰਜਾਤੀਆਂ ਦੇ ਪ੍ਰਜਨਨ ਚੱਕਰ ਨੂੰ ਪ੍ਰਭਾਵਿਤ ਕਰਦਾ ਹੈ।

ਇਸ ਤੋਂ ਇਲਾਵਾ ਖੇਤੀ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕ, ਉਦਯੋਗਿਕ ਰਸਾਇਣ ਜਾਂ ਡਰੇਨ ਦਾ ਪਾਣੀ ਵੀ ਹੜ੍ਹ ਦੇ ਪਾਣੀ ਵਿੱਚ ਰਲ ਜਾਂਦਾ ਹੈ। ਇਹ ਪੌਦਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

(ਬਾਕੀ ਸਫ਼ਾ 27 'ਤੇ)

# ਵਿਚੋਲਿਆ ਵੇ ਤੇਰਾ ਪੁੱਤ ਜੀਵੇ...

**ਜੋਗਿੰਦਰ ਕੌਰ ਅਗਨੀਹੋਤਰੀ**



ਵਿਚੋਲੇ ਵੱਲੋਂ ਚੰਗਾ ਸਬੰਧ ਜੋੜਨ ਲਈ ਉਸ ਦਾ ਆਦਰ-ਮਾਣ ਕੀਤਾ ਜਾਂਦਾ ਹੈ। ਘਰ ਆਉਣ ’ਤੇ ਵਿਚੋਲੇ ਦੀ ਪੂਰੀ ਖ਼ਾਤਰਦਾਰੀ ਕੀਤੀ ਜਾਂਦੀ ਹੈ ਕਿਉਂਕਿ ਦੋਵਾਂ ਘਰਾਂ ਦੀ ਪੱਤ ਦਾ ਰਾਖਾ ਉਹੀ ਮੰਨਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਜੇਕਰ ਕਿਸੇ ਪਾਸੇ ਕੋਈ ਕਮੀ ਵੀ ਰਹਿ ਜਾਂਦੀ ਹੈ ਤਾਂ ਉਹ ਸਮਝਾ ਕੇ ਇੱਕ ਦੂਜੇ ਨੂੰ ਚੁੱਪ ਕਰਵਾ ਦਿੰਦਾ ਹੈ।

ਵਿਆਹ ਵਿੱਚ ਲੈਣ-ਦੇਣ ਅਤੇ ਹੋਰ ਪਰੰਪਰਾਵਾਂ ਦੀ ਪਾਲਣਾ ਕਰਨ ਲਈ ਉਹ ਆਪਣਾ ਮਹੱਤਵਪੂਰਨ ਕਿਰਦਾਰ ਨਿਭਾਉਂਦਾ ਹੈ। ਇਸ ਕਰਕੇ ਹੀ ਉਹ ਇਸ ਮਹੱਤਵਪੂਰਨ ਕਾਰਜ ਨੂੰ ਸਿਰੇ ਚੜ੍ਹਾਉਂਦਾ ਹੈ। ਕੁੜੀ ਵਾਲੇ ਵਿਚੋਲੇ ਅਤੇ ਵਿਚੋਲਣ ਦਾ ਮਾਣ ਸੂਟ ਅਤੇ ਕੰਬਲ/ਖੇਸ, ਮਿਠਾਈ ਆਦਿ ਦੇ ਕੇ ਕਰਦੇ ਹਨ ਜਦਕਿ ਮੁੰਡੇ ਵਾਲੇ ਵਿਚੋਲੇ ਅਤੇ ਵਿਚੋਲਣ ਦਾ ਮਾਣ ਸੂਟ ਅਤੇ ਕੰਬਲ/ਖੇਸ, ਮਿਠਾਈ ਆਦਿ ਤੋਂ ਬਿਨਾ ਛਾਪ (ਮੁੰਦਰੀ) ਵੀ ਪਾਉਂਦੇ ਹਨ। ਅਜਿਹਾ ਮਾਣ ਅਪਣੱਤ ਵਜੋਂ ਕੀਤਾ ਜਾਂਦਾ ਹੈ ਕਿਉਂਕਿ ਉਸ ਨੂੰ ਦੋਵੇਂ ਘਰਾਂ ਦਾ ਭੇਤ ਹੁੰਦਾ ਹੈ। ਦੋਵੇਂ ਘਰ ਉਸ ਨੂੰ ਆਪਣਾ ਸਮਝਦੇ ਹਨ। ਜਦੋਂ ਉਹ ਵਿਚੋਲੇ ਨੂੰ ਆਪਣਾ ਮੰਨ ਲੈਂਦੇ ਹਨ ਤਾਂ ਉਨ੍ਹਾਂ ਦਾ ਉਸ ਉੱਤੇ ਆਪਣਿਆਂ ਵਾਂਗ ਹੀ ਅਧਿਕਾਰ ਹੋ ਜਾਂਦਾ ਹੈ।

ਸੋ ਰਿਸ਼ਤੇਦਾਰਾਂ ਨਾਲ ਵਿਚੋਲੇ ਲਈ ਵੀ ਗੀਤ ਗਾਏ ਜਾਂਦੇ ਹਨ। ਵਿਚੋਲੇ ਦੀ ਚੰਗੀ ਕਾਰਗੁਜ਼ਾਰੀ ਦੇਖ ਕੇ ਉਸ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਅਸੀਸਾਂ ਦਿੱਤੀਆਂ ਜਾਂਦੀਆਂ ਹਨ ਕਿ ਉਸ ਨੇ ਵਧੀਆ ਮੇਲ ਮਿਲਾਇਆ ਹੈ:

ਵਿਚੋਲਿਆ ਵੇ ਤੇਰਾ ਪੁੱਤ ਜੀਵੇ
ਸਾਡਾ ਜੀਵੇ ਵੇ ਪਰਿਵਾਰ।
ਐਸਾ ਬੂਟਾ ਲਾ ਦਿੱਤਾ
ਜਿਹੜਾ ਸੋਹੇ ਬਾਬਲ ਦੇ ਬਾਰ।

ਇਹ ਦੋਹਾ ਮੁੰਡੇ ਅਤੇ ਕੁੜੀ ਵਾਲੇ ਦੋਵੇਂ ਹੀ ਲਾਉਂਦੇ ਹਨ ਕਿਉਂਕਿ ਘਰ ਵਿੱਚ ਜੁਆਈ ਚੰਗਾ ਆ ਜਾਵੇ ਤਾਂ ਸਭ ਨੂੰ ਵਧੀਆ ਲੱਗਦਾ ਹੈ। ਇਸ ਲਈ ਜੇਕਰ ਨੂੰਹ ਚੰਗੀ ਆ ਜਾਵੇ ਤਾਂ ਵੀ ਪਰਿਵਾਰ ਖ਼ੁਸ਼ ਕਿਉਂਕਿ ਨੂੰਹਾਂ ਹੀ ਘਰ ਦੀਆਂ ਨੀਹਾਂ ਹੁੰਦੀਆਂ ਹਨ। ਉਨ੍ਹਾਂ ਨਾਲ ਹੀ ਘਰ ਸਵਰਗ ਬਣਦਾ ਹੈ ਅਤੇ ਦੇਹਲੀ ਭਾਵ ਵੰਸ਼ ਵਧਦੀ ਹੈ। ਵਿਚੋਲੇ ਦੀ ਪ੍ਰਸ਼ੰਸਾ ਕਰਨ ਤੋਂ ਬਾਅਦ ਮਖੌਲ ਕਰਨ ਭਾਵ ਸਿੱਠਣੀਆਂ ਦੀ ਲੜੀ ਵੀ ਸ਼ੁਰੂ ਹੋ ਜਾਂਦੀ ਹੈ। ਪ੍ਰਸ਼ੰਸਾ ਦਾ ਪਾਤਰ ਵਿਚੋਲਾ ਨਿੰਦਿਆ ਦੀ ਜਕੜ ਵਿੱਚ ਆ ਜਾਂਦਾ ਹੈ। ਸਿੱਠਣੀਆਂ ਰਾਹੀਂ ਉਸ ਦੀ ਖ਼ੂਬ ਲਾਹ ਪਾਹ ਕੀਤੀ ਜਾਂਦੀ ਹੈ। ਵਿਚੋਲੇ ਨੂੰ ਬੇਸ਼ਰਮ ਹਾਸੀ ਹੱਸਣੀ ਪੈਂਦੀ ਹੈ ਅਤੇ ਸਬਰ ਕਰਨਾ ਪੈਂਦਾ ਹੈ ਕਿਉਂਕਿ ਉਹ ਗੀਤਾਂ ਰਾਹੀਂ ਉਸ ਦੀ ਬੇਇੱਜ਼ਤੀ ਕਰ ਰਹੀਆਂ ਨਾਲ ਉਹ ਮੁਕਾਬਲਾ ਕਿਵੇਂ ਕਰੇ? ਸਿੱਠਣੀਆਂ ਵਾਲੀਆਂ ਤਾਂ ਇੱਕ ਤੋਂ ਇੱਕ ਸਿੱਠਣੀ ਤਿਆਰ ਰੱਖਦੀਆਂ ਹਨ। ਪਹਿਲੀ ਸਿੱਠਣੀ ਇਹ ਹੁੰਦੀ ਹੈ:

ਕੁੜਮੋਂ ਕੁੜਮੀ ਵਰਤਣਗੇ
ਵਿਚੋਲੇ ਬੈਠੇ ਤਰਸਣਗੇ।

ਵਿਚੋਲਾ ਤਾਂ ਵਿਆਹ ਤੱਕ ਹੀ ਹੁੰਦਾ ਹੈ ਅਤੇ ਵਰਤਣਾ ਵੀ ਕੁੜਮਾਂ ਨੇ ਆਪਸ ਵਿੱਚ ਹੀ ਹੁੰਦਾ ਹੈ, ਪਰ ਤਰਸੇਵਾਂ ਕਿਸ ਗੱਲ ਦਾ? ਇਹ ਸਿਰਫ਼ ਵਿਚੋਲੇ ਨੂੰ ਖਿਝਾਉਣ ਲਈ ਹੁੰਦਾ ਹੈ। ਇੱਥੇ ਹੀ ਬਸ ਨਹੀਂ। ਉਹ ਨਵੇਂ ਬੰਦ ਲੈ ਕੇ ਹੋਰ ਅੱਗੇ ਵਧਦੀਆਂ ਹਨ:

ਕੁੜਮੋਂ ਕੁੜਮੀਂ ਚੰਗੀ ਹੋਈ ਐ
ਵਿਚੋਲੇ ਦੀ ਇੱਜ਼ਤ ਨੰਗੀ ਹੋਈ ਐ।

ਕਾਰਜ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਵਾਲੇ ਵਿਚੋਲੇ ਨੂੰ ਬਦਨਾਮ ਕਰਨ ’ਤੇ ਤੁਲੀਆਂ ਮੇਲਣਾਂ ਇੱਕ ਹੋਰ ਨਵੀਂ ਤੁਹਮਤ ਵਿਚੋਲੇ ਦੀ ਮਾਂ ’ਤੇ ਵੀ ਲਾ ਦਿੰਦੀਆਂ ਹਨ:

ਕੁੜਮੋਂ ਕੁੜਮੀਂ ਅੱਛੀ ਹੋਈ ਐ
ਵਿਚੋਲੇ ਦੀ ਮਾਂ ਦੇ ਵੱਛੀ ਹੋਈ ਐ।

ਅਜਿਹੀਆਂ ਤੁਹਮਤਾਂ ਕੁੜੀ ਵਾਲੇ ਪਾਸੇ ਦੀਆਂ ਮੇਲਣਾਂ ਲਾਉਂਦੀਆਂ ਹੋਈਆਂ ਕੁੜਮਾਂ ਦੀ ਵਡਿਆਈ ਕਰਦੀਆਂ ਹਨ ਅਤੇ ਵਿਚੋਲੇ ਦੀ ਬਗਦੋਈ। ਵਿਚੋਲਾ ਸਬਰ ਸੰਤੋਖ ਅਤੇ ਸਹਿਣਸ਼ੀਲਤਾ ਦਾ ਧਾਰਨੀ ਹੁੰਦਾ ਹੈ। ਇਸ ਲਈ ਇਸ ਨੂੰ ਉਦੋਂ ਹੀ ਪਰਖ ਲਿਆ ਜਾਂਦਾ ਹੈ ਜਦੋਂ ਕਿਸੇ ਪਾਸਿਉਂ ਕਮੀਂ ਦਿਸਦੀ ਹੋਵੇ ਤਾਂ ਉਹ ਝੱਟ ਹੀ ਦਰੁਸਤ ਕਰਦਾ ਹੈ। ਉਹ ਗੱਲ ਨੂੰ ਅੱਗੇ ਨਹੀਂ ਵਧਣ ਦਿੰਦਾ ਸਗੋਂ ਇੱਕ ਦੂਜੇ ਦੀ ਚੰਗਿਆਈ ਦਿਖਾ ਕੇ ਪੇਸ਼ ਕਰਦਾ ਹੈ, ਪਰ ਭੰਡਣ ਵਾਲਿਆਂ ਕੋਲ ਭੰਡਣ ਦੇ ਤਰੀਕਿਆਂ ਦੀ ਕਮੀ ਨਹੀਂ ਹੁੰਦੀ। ਉਨ੍ਹਾਂ ਨੇ ਆਪਣੇ ਸ਼ਬਦਾਂ ਦੇ ਬਾਣਾਂ ਰਾਹੀਂ ਵਿਚੋਲੇ ਨੂੰ ਵਿੰਨ੍ਹ ਹੀ ਦੇਣਾ ਹੈ:

ਕੁੜਮੋਂ ਕੁੜਮੀਂ ਲੱਖ ਵਾਰੀ
ਵਿਚੋਲੇ ਦੀ ਢੂਹੀ ਵਿੱਚ ਲੱਤ ਮਾਰੀ।



ਵਿਚੋਲਾ ਤਾਂ ਅਜੇ ਆਪਣੀ ਗ਼ਲਤੀ ਬਾਰੇ ਹੀ ਸੋਚਦਾ ਹੈ ਕਿ ਉਸ ਨੇ ਕੋਈ ਗਲਤੀ ਨਹੀਂ ਕੀਤੀ ਅਤੇ ਲੱਤ ਮਾਰਨ ਵਾਲੀ ਗੱਲ ਕਿਉਂ ਹੁੰਦੀ ਹੈ ਤਾਂ ਅਚਾਨਕ ਉਸ ਉੱਤੇ ਸਿੱਠਣੀ ਦਾ ਇੱਕ ਹੋਰ ਬਾਣ ਡਿੱਗਦਾ ਹੈ:

ਕੁੜਮੋਂ ਕੁੜਮੀਂ ਸੌ ਵਾਰੀ
ਵਿਚੋਲੇ ਦੀ ਢੂਹੀ ਵਿੱਚ ਚੌ ਮਾਰੀ।

ਚੌ ਹਲ਼ ਵਿੱਚ ਜੜਿਆ ਉਹ ਪੁਰਜ਼ਾ ਹੈ ਜੋ ਬਹੁਤ ਹੀ ਤਿੱਖਾ ਹੁੰਦਾ ਹੈ। ਉਹ ਧਰਤੀ ਵਿੱਚ ਖੁੱਭ ਕੇ ਉਸ ਨੂੰ ਚੀਰਦਾ ਹੋਇਆ ਅੱਗੇ ਵਧਦਾ ਹੈ। ਸੋ ਉਹ ਵੀ ਵਿਚੋਲੇ ਦੀ ਕਮਰ ਵਿੱਚ ਮਾਰਨ ਦੀ ਲੋੜ ਸਮਝੀ ਗਈ। ਵਿਚੋਲਾ ਅੰਤਾਂ ਦੀ ਸਹਿਣਸ਼ੀਲਤਾ ਦਾ ਧਾਰਨੀ ਹੁੰਦਾ ਹੈ ਅਤੇ ਸਿੱਠਣੀਆਂ ਦੇ ਬਾਣਾਂ ਨੂੰ ਇਸ਼ਕ ਦੇ ਮਰੀਜ਼ ਵਾਂਗ ਸਹਿ ਜਾਂਦਾ ਹੈ ਕਿਉਂਕਿ ਵਿਚੋਲਾ ਬਣਨਾ ਵੀ ਕੋਈ ਸੌਖਾ ਕੰਮ ਨਹੀਂ। ਇਸ ਨੂੰ ਨਿਭਾਉਣ ਲਈ ਅਨੇਕਾਂ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ, ਪਰ ਇਹ ਇਸ਼ਕ ਵਾਂਗ ਸਿਦਕ ਅਤੇ ਸਿਰੜ ਨਾਲ ਹੀ ਨਿਭਾਉਣਾ ਪੈਂਦਾ ਹੈ। ਫਿਰ ਵੀ ਸਿੱਠਣੀਆਂ ਦੇਣ ਵਾਲੀਆਂ ਉਸ ਦੇ ਸਬਰ ਨੂੰ ਪਰਖਣ ਲਈ ਅਜਿਹੇ ਸ਼ਬਦਾਂ ਦੀ ਚੋਣ ਕਰਦੀਆਂ ਹਨ ਕਿ ਹਰ ਵਾਰ ਬਾਣ ਦਾ ਰੁਖ਼ ਨਿਵੇਕਲਾ ਹੁੰਦਾ ਹੈ:

ਮੱਕੀ ਦਾ ਦਾਣਾ ਟਿੰਡ ਵਿੱਚ ਨੀਂ,
ਵਿਚੋਲਾ ਨ੍ਹੀਂ ਛੱਡਣਾ ਪਿੰਡ ਵਿੱਚ ਨੀਂ।

ਸਿੱਠਣੀਆਂ ਦੇਣ ਵਾਲੀਆਂ ਇੱਕ ਨਹੀਂ ਬਲਕਿ ਦੋ ਜਣੀਆਂ ਹੁੰਦੀਆਂ ਹਨ। ਵਿਚੋਲੇ ਨੂੰ ਪਿੰਡ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਦੇ ਨਾਲ ਨਾਲ ਉਸ ਦਾ ਚੰਗੀ ਤਰ੍ਹਾਂ ਜਲੂਸ ਕੱਢਣ ’ਤੇ ਤੁਲ ਜਾਂਦੀਆਂ ਹਨ:

ਮੱਕੀ ਦਾ ਦਾਣਾ ਖੂਹ ਵਿੱਚ ਨੀਂ
ਵਿਚੋਲਾ ਨ੍ਹੀਂ ਛੱਡਣਾ ਜੂਹ ਵਿੱਚ ਨੀਂ।

ਵਿਚੋਲੇ ਨੂੰ ਸਿੱਠਣੀਆਂ ਦੇਣ ਦਾ ਮਕਸਦ ਸੱਚੀਮੁੱਚੀ ਉਸ ਨੂੰ ਬਦਨਾਮ ਕਰਨਾ ਨਹੀਂ ਬਲਕਿ ਖ਼ੁਸ਼ੀ ਦੇ ਮੌਕੇ ’ਤੇ ਜਿਵੇਂ ਘਰ ਦੇ ਪ੍ਰਾਹੁਣਿਆਂ ਨੂੰ, ਨਾਨਕੀਆਂ ਵੱਲੋਂ ਦਾਦਕੀਆਂ ਨੂੰ ਅਤੇ ਹੋਰ ਰਿਸ਼ਤੇਦਾਰਾਂ ਨੂੰ ਸਿੱਠਿਆ ਜਾਂਦਾ ਹੈ ਉਵੇਂ ਜਿਵੇਂ ਹੀ ਵਿਚੋਲੇ ਨੂੰ ਅਪਣੱਤ ਦਿਖਾ ਕੇ ਸਿੱਠਿਆ ਜਾਂਦਾ ਹੈ। ਇਹ ਸਿੱਠਣੀਆਂ ਸਾਡੀ ਲੋਕਧਾਰਾ ਦੀ ਇੱਕ ਮਹੱਤਵਪੂਰਨ ਵਿਧਾ ਹੈ ਜਿਸ ਦੀ ਵਰਤੋਂ ਵਿਆਹ ਸ਼ਾਦੀ ਮੌਕੇ ਕਰਨਾ ਚੰਗਾ ਲੱਗਦਾ ਹੈ। ਔਰਤਾਂ ਦਾ ਇਸ ਕਲਾ ਵਿੱਚ ਨਿਪੁੰਨ ਹੋਣ ਵੀ ਸਾਡੇ ਅਮੀਰ ਸੱਭਿਆਚਾਰ ਦੀ ਨਿਸ਼ਾਨੀ ਹੈ।



# ਸੁਖੀ ਵਸੇ ਬਾਬਲ ਦਾ ਵਿਹੜਾ....

**ਪੁਸ਼ਪਿੰਦਰ**



ਹਰ ਔਰਤ ਦੇ ਚੇਤਿਆਂ ਵਿੱਚ ਉਸਦਾ ਪੇਕਾ ਘਰ ਹਮੇਸ਼ਾ ਹੀ ਵਸਿਆ ਰਹਿੰਦਾ ਹੈ। ਹਰ ਔਰਤ ਦੀ ਇੱਛਾ ਹੁੰਦੀ ਹੈ ਕਿ ਉਸਦੇ ਪੇਕਿਆਂ ਤੋਂ ਹਮੇਸ਼ਾ ਠੰਡੀਆਂ ਹਵਾਵਾਂ ਆਉਂਦੀਆਂ ਰਹਿਣ। ਹਰ ਔਰਤ ਜਿਥੇ ਆਪਣੇ ਪਰਿਵਾਰ ਦੀ ਹਰ ਦਿਨ ਪਰਮਾਤਮਾ ਤੋਂ ਸੁੱਖ ਮੰਗਦੀ ਹੈ, ਉਥੇ ਉਹ ਆਪਣੇ ਪੇਕਿਆਂ ਦੀ ਸੁੱਖ ਲਈ ਵੀ ਪਰਮਾਤਮਾ ਅੱਗੇ ਬੇਨਤੀ ਕਰਨੀ ਨਹੀਂ ਭੁਲਦੀ। ਮਾਂ ਬਾਪ ਦੇ ਹੁੰਦਿਆਂ ਹਰ ਵਿਆਹੁਤਾ ਔਰਤ ਪੂਰੇ ਮਾਣ ਅਤੇ ਹੱਕ ਨਾਲ ਪੇਕੇ ਜਾਂਦੀ ਹੈ। ਮਾਪਿਆਂ ਦੇ ਤੁਰ ਜਾਣ ਤੋਂ ਬਾਅਦ ਅਕਸਰ ਅਨੇਕਾਂ ਔਰਤਾਂ ਦਾ ਪੇਕਿਆਂ ਦੇ ਘਰ ਆਉਣਾ ਜਾਣਾ ਘੱਟ ਹੋ ਜਾਂਦਾ ਹੈ, ਕਿਉਂਕਿ ਅਕਸਰ ਨਣਾਨ ਭਰਜਾਈ ਦੀ ਸੋਚ ਵਿੱਚ ਵਖਰੇਵਾਂ ਹੁੰਦਾ ਹੈ। ਇਸਦੇ ਬਾਵਜੂਦ ਵੱਡੀ ਗਿਣਤੀ ਔਰਤਾਂ ਆਪਣੇ ਸਕੇ ਭਰਾਵਾਂ ਨੂੰ ਆਪਣੇ ਸਾਰੀ ਉਮਰ ਦੇ ਮਾਪੇ ਸਮਝਦੀਆਂ ਹਨ। ਭਰਾ ਵੀ ਆਪਣੀ ਪੂਰੀ ਜਿੰਮੇਵਾਰੀ ਨਿਭਾਉਂਦੇ ਹਨ ਅਤੇ ਨਾਨਕ ਛੱਕਾਂ ਪੂਰਦੇ ਹਨ, ਜਿਸ ਕਰਕੇ ਅਕਸਰ ਭੈਣਾਂ ਕਹਿੰਦੀਆਂ ਹਨ ਕਿ ਛੱਕਾਂ ਪੂਰਦੇ ਅੰਮਾ ਦੇ ਜਾਏ, ਚਾਚੇ ਤਾਏ ਮਤਲਬ ਦੇ।

ਅਕਸਰ ਔਰਤਾਂ ਆਪਣੇ ਸਹੁਰੇ ਘਰ ਵਿੱਚ ਰਹਿੰਦਿਆਂ ਵੀ ਪੇਕਿਆਂ ਦੀ ਸੁੱਖ ਸਾਂਦ ਮੰਗਦੀਆਂ ਰਹਿੰਦੀਆਂ ਹਨ। ਔਰਤਾਂ ਹਮੇਸ਼ਾ ਚਾਹੁੰਦੀਆਂ ਹਨ ਕਿ ਉਹਨਾਂ ਦਾ ਪੇਕਿਆਂ ਦਾ ਘਰ ਵਸਦਾ ਰਹੇ। ਜਿਹੜੇ ਘਰ ਵਿੱਚ ਔਰਤ ਦਾ ਜਨਮ ਹੋਇਆ ਹੁੰਦਾ ਹੈ ਅਤੇ ਬਚਪਣ ਬੀਤਿਆ ਹੁੰਦਾ ਹੈ ਤੇ ਜਵਾਨੀ ਚੜ੍ਹੀ ਹੁੰਦੀ ਹੈ।



ਉਸੇ ਘਰ ਨੂੰ ਵਿਆਹ ਤੋਂ ਬਾਅਦ ਹਰ ਔਰਤ ਨੂੰ ਛੱਡਣਾ ਪੈਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਘਰ ਨੂੰਹ ਨੇ ਸਾਂਭ ਲਿਆ, ਧੀ ਤੁਰ ਗਈ ਝਾੜ ਕੇ ਪੱਲੇ। ਪੇਕਿਆਂ ਦੀ ਯਾਦ ਹਰ ਔਰਤ ਨੂੰ ਸਾਰੀ ਉਮਰ ਆਉਂਦੀ ਰਹਿੰਦੀ ਹੈ। ਹਰ ਔਰਤ ਆਨੀ ਬਹਾਨੀ ਆਪਣੇ ਪੇਕਿਆਂ ਨੂੰ ਫੋਨ ਕਰਕੇ ਉਹਨਾਂ ਦੀ ਸੁਖ ਸਾਂਦ ਪੁੱਛਦੀ ਰਹਿੰਦੀ ਹੈ। ਹਰ ਔਰਤ ਆਪਣੇ ਬੱਚਿਆਂ ਤੋਂ ਵੱਧ ਆਪਣੇ ਭਤੀਜੇ ਭਤੀਜੀਆਂ ਨੂੰ ਪਿਆਰ ਕਰਦੀ ਹੈ।



ਅਕਸਰ ਔਰਤਾਂ ਆਪਣੇ ਪੇਕਿਆਂ ਦੇ ਪਿੰਡ/ਸ਼ਹਿਰ ’ਚ ਲੱਗੇ ਦਰਖ਼ਤਾਂ ਨੂੰ ਵੀ ਯਾਦ ਕਰਦੀਆਂ ਰਹਿੰਦੀਆਂ ਹਨ। ਅਕਸਰ ਔਰਤਾਂ ਸਹੁਰੇ ਘਰ ਬੈਠੀਆਂ ਕਹਿੰਦੀਆਂ ਹਨ-

ਪੇਕੇ ਪਿੰਡ ਦਿਆ ਪਿੱਪਲਾ,
ਪੌਣਾਂ ਹੱਥ ਸੁਨੇਹਾ ਦੇ ਦੇਈਂ ਵੇ।

ਹਰ ਨਵਵਿਆਹੁਤਾ ਮੁਟਿਆਰ ਨੂੰ ਤੀਆਂ ਮੌਕੇ ਪੇਕੇ ਜਾਣ ਦਾ ਬਹੁਤ ਚਾਅ ਹੁੰਦਾ ਹੈ। ਜੇ ਕਿਸੇ ਮੁਟਿਆਰ ਦਾ ਭਰਾ ਤੀਆਂ ਮੌਕੇ ਉਸ ਨੂੰ ਲੈਣ ਨਾ ਆਏ ਤਾਂ ਅਕਸਰ ਸੱਸ ਨਿਹੌਰੇ ਮਾਰਦੀ ਹੈ

ਤੈਨੂੰ ਤੀਆਂ ’ਤੇ ਲੈਣ ਨਾ ਆਏ,
ਨੀ ਬਹੁਤੇ ਭਰਾਵਾਂ ਵਾਲੀਏ

ਜਦੋਂ ਵੀਰ ਆਪਣੀ ਭੈਣ ਦੇ ਘਰ ਪਹੁੰਚਦਾ ਹੈ ਤਾਂ ਭੈਣ ਚਾਹੁੰਦੀ ਹੈ ਕਿ ਉਸਦੀ ਪੂਰੀ ਆਓ ਭਗਤ ਕੀਤੀ ਜਾਵੇ। ਅਕਸਰ ਉਹ ਆਪਣੀ ਸੱਸ ਨੂੰ ਕਹਿੰਦੀ ਹੈ ਕਿ ਸੱਸੇ ਤੇਰੀ ਮਹਿੰ ਮਰ ਜਾਵੇ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।

ਹਰ ਔਰਤ ਆਪਣੇ ਜਨਮ ਤੋਂ ਲੈ ਕੇ ਮੌਤ ਤਕ ਆਪਣੇ ਪੇਕਿਆਂ ਦੀ ਸੁੱਖ ਮੰਗਦੀ ਹੈ ਅਤੇ ਪੇਕਾ ਘਰ ਉਸਦੇ ਦਿਲ ਵਿੱਚ ਹਮੇਸ਼ਾ ਵਸਦਾ ਰਹਿੰਦਾ ਹੈ।

# ਆਪਣਾ ਦੇਸ਼ ਪਰਾਇਆ ਦੇਸ਼

ਸਵਿੰਦਰ ਸਿੰਘ ਉੱਪਲ



ਹਵਾਈ ਜਹਾਜ਼ ਵਿੱਚ ਬੈਠਿਆਂ ਜਦੋਂ ਆਵਾਜ਼ ਆਈ ਕਿ ਅਸੀਂ ਪਾਲਮ ਹਵਾਈ ਅੱਡੇ ਉਤੇ ਉਤਰਨ ਵਾਲੇ ਹਾਂ, ਸਾਰੇ ਮੁਸਾਫਰ ਆਪੋ-ਆਪਣੀਆਂ ਪੇਟੀਆਂ ਬੰਨ੍ਹ ਲੈਣ, ਤਾਂ ਮੇਰੇ ਮਨ ਵਿੱਚ ਅਕਹਿ ਜਿਹੀ ਖੁਸ਼ੀ ਹੋਈ। ਮੈਂ ਦੋ ਮਹੀਨਿਆਂ ਦੀ ਪਰਦੇਸ ਯਾਤਰਾ ਪਿਛੋਂ ਆਪਣੇ ਵਤਨ ਨੂੰ ਵੇਖਣ, ਆਪਣੇ ਸਬੰਧੀਆਂ ਨੂੰ ਮਿਲਣ ਅਤੇ ਆਪਣੀ ਮਾਂ ਬੋਲੀ ਰਾਹੀਂ ਸਿੱਧੇ ਮੂੰਹ ਨਾਲ ਗੱਲ ਕਰਨ 'ਤੇ ਸਹਿਕ ਗਿਆ ਸੀ। ਪਰਦੇਸ ਵਿੱਚ ਲਗਾਤਾਰ ਕਈ ਹਫ਼ਤੇ ਅੰਗਰੇਜ਼ੀ ਬੋਲ-ਬੋਲ ਕੇ ਮੂੰਹ ਆਕੜ ਗਿਆ ਲਗਦਾ ਸੀ। ਆਪਣੇ ਨਾਲ ਬੈਠੇ ਕੈਨੇਡੀਅਨ ਦੋਸਤ ਰਾਬਰਟ ਇੰਕਲਿੰਗ ਨੂੰ ਬੜੇ ਤਪਾਕ ਨਾਲ ਮਜਬੂਰਨ ਅੰਗਰੇਜ਼ੀ ਵਿੱਚ ਆਖਿਆ, 'ਲੈ ਮਿੱਤਰਾ! ਤਿਆਰ ਹੋ ਜਾ, ਆ ਗਿਆ ਈ ਮੇਰਾ ਸ਼ਹਿਰ।'

ਜਹਾਜ਼ ਹੁਣ ਨੀਵਾਂ, ਬਹੁਤ ਨੀਵਾਂ ਹੁੰਦਾ ਜਾ ਰਿਹਾ ਸੀ।

ਮੈਂ ਆਪਣੀ ਨਾਲ ਵਾਲੀ ਖਿੜਕੀ ਦੇ ਸ਼ੀਸ਼ੇ ਵਿਚੋਂ ਬਾਹਰ ਝਾਕਣ ਦਾ ਯਤਨ ਕੀਤਾ, ਪਰ ਬਾਹਰ ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਹਾਂ, ਰੋਸ਼ਨੀ ਦੀਆਂ ਚਾਰੇ ਪਾਸੇ ਸਜੀਆਂ ਬੱਤੀਆਂ ਦੇ ਟਿਮਟਿਮਾਉਂਦੇ ਦੀਵੇ ਜਿਵੇਂ ਮੈਨੂੰ ਜੀ ਆਇਆਂ ਆਖ ਰਹੇ ਹੋਣ। ਫਿਰ ਮੈਨੂੰ ਲਾਲ ਜਿਹੀ ਬੱਤੀ ਨਜ਼ਰ ਆਈ। ਮੈਂ ਜੋਸ਼ ਵਿੱਚ ਆ ਕੇ ਰਾਬਰਟ ਨੂੰ ਪਕੜ ਕੇ ਬੋਲੀ ਗਿਆ, ਬੋਲੀ ਗਿਆ। ਇਹ ਵੇਖ, ਇਹ ਲਾਲ ਬੱਤੀ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਅਨਾਜ ਗੋਦਾਮ ਦੀ ਏ। ਇਹ ਗੁਦਾਮ ਮੇਰੀ ਪਤਨੀ ਦੇ ਫੁਫੜ ਨੇ ਬਣਵਾਇਆ ਸੀ। ਇਹ ਚਮਕਦੀਆਂ ਬੱਤੀਆਂ ਸਾਡੇ ਰਾਜੌਰੀ ਗਾਰਡਨ ਦੀਆਂ ਹਨ। ਮੇਰਾ ਘਰ ਪਾਲਮ ਤੋਂ ਬਹੁਤਾ ਦੂਰ ਨਹੀਂ, ਬਹੁਤੇ ਜਹਾਜ਼ ਸਾਡੀ ਕਾਲੋਨੀ ਦੇ ਉਪਰੋਂ ਦੀ ਲੰਘ ਕੇ ਜਾਂਦੇ ਹਨ। ਹੋ ਸਕਦਾ ਏ, ਮੇਰੇ ਦੋ ਮੰਜ਼ਲੇ ਮਕਾਨ ਦੀ ਛੱਤ ਉਪਰ ਖਲੋਤੀ ਮੇਰੀ ਪਤਨੀ ਹੇਠੋਂ ਸਾਡੇ ਜਹਾਜ਼ ਨੂੰ ਤੱਕ ਰਹੀ ਹੋਵੇ। ਮੈਂ ਜਹਾਜ਼ ਦੇ ਪਹੁੰਚਣ ਦਾ ਸਮਾਂ ਉਸ ਨੂੰ ਲਿਖ ਦਿੱਤਾ ਸੀ।

ਮੈਂ ਵੇਖਿਆ ਰਾਬਰਟ ਮੇਰੀਆਂ ਝੱਲ-ਬਲੱਲੀਆਂ ਗੱਲਾਂ 'ਤੇ ਹੱਸ ਰਿਹਾ ਸੀ, ਪਰ ਉਹ ਮੈਨੂੰ ਖੁਸ਼ੀ ਨਾਲ ਉਬਲਦਾ ਵੇਖ ਕੇ ਪ੍ਰਸੰਨ ਵੀ ਹੋ ਰਿਹਾ ਸੀ, ਕਿਉਂਕਿ ਮੇਰੇ ਨਾਲ ਕੈਨੇਡਾ ਵਿੱਚ ਗੁਜ਼ਾਰੇ ਕੁਝ ਹਫ਼ਤਿਆਂ ਪਿਛੋਂ ਉਹ ਵੀ ਭਾਰਤ ਨੂੰ ਵੇਖਣ ਲਈ ਕਾਹਲਾ ਹੋ ਗਿਆ ਸੀ। ਮੈਂ ਉਸ ਨੂੰ ਦੱਸਿਆ ਸੀ ਕਿ ਸਪਤ ਸਿੰਧੂ ਸਭਿਅਤਾ ਦੁਨੀਆਂ ਦੀਆਂ ਸਭ ਤੋਂ ਪੁਰਾਤਨ ਸਭਿਅਤਾਵਾਂ ਵਿਚੋਂ ਹੈ। ਇਹ ਵੇਦਾਂ, ਰਿਸ਼ੀਆਂ-ਮੁਨੀਆਂ ਦਾ ਦੇਸ਼ ਹੈ ਜਿੱਥੇ ਧਾਰਮਿਕਤਾ ਸਦੀਆਂ ਤੋਂ ਰਾਜ ਕਰਦੀ ਚਲੀ ਆ ਰਹੀ ਹੈ। ਇਥੇ ਬਹੁਤੇ ਲੋਕਾਂ, ਖ਼ਾਸ ਕਰ ਕੇ ਪੇਂਡੂਆਂ ਦੇ ਚਿਹਰਿਆਂ ਉਪਰ ਖਿੜੀ ਮਾਨਸਿਕ ਸ਼ਾਂਤੀ ਦੀ ਸੁਗੰਧ ਹਰ ਇੱਕ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਰਾਬਰਟ ਇੰਕਲਿੰਗ ਕੈਨੇਡਾ ਦਾ ਚੰਗਾ ਪ੍ਰਸਿੱਧ ਸਾਹਿਤਕਾਰ ਸੀ ਜਿਸ ਦਾ ਭਾਰਤ ਅਤੇ ਭਾਰਤੀਆਂ ਬਾਰੇ ਬੜਾ ਹੀ ਚੰਗਾ ਵਿਚਾਰ ਸੀ। ਮੈਨੂੰ ਮਿਲਣ ਪਿੱਛੋਂ ਅਤੇ ਆਪਣੇ ਘਰ ਮੈਨੂੰ ਕਈ ਹਫ਼ਤੇ ਰੱਖਣ ਅਤੇ ਵਿਚਾਰ-ਵਟਾਂਦਰਾ ਕਰਨ ਬਾਅਦ ਤਾਂ ਉਹ ਭਾਰਤ ਦੀ ਧਰਤੀ ਅਤੇ ਲੋਕਾਂ ਨੂੰ ਆਪਣੀਆਂ ਅੱਖਾਂ ਨਾਲ ਤੱਕਣ ਲਈ ਉਤਾਵਲਾ ਹੋ ਗਿਆ ਸੀ, 'ਮਿਸਟਰ ਸਿੰਘ, ਮੈਨੂੰ ਆਪਣੇ ਨਾਲ ਭਾਰਤ ਲੈ ਚੱਲੇਂਗਾ? ਮੈਂ ਇਸ ਮਹਾਨ ਮੁਲਕ ਨੂੰ ਆਪਣੀਆਂ ਅੱਖਾਂ ਨਾਲ ਵੇਖਣਾ ਚਾਹੁੰਦਾ ਹਾਂ।'

ਹੁਣ ਹਵਾਈ ਜਹਾਜ਼ ਧਰਤੀ ਉਤੇ ਉਤਰ ਆਇਆ ਸੀ ਅਤੇ ਆਪਣੇ ਰੁਕ ਵਾਲੇ ਠਿਕਾਣੇ ਵੱਲ ਦੌੜਦਾ ਹੋਇਆ ਹੌਲੀ-ਹੌਲੀ ਰਫ਼ਤਾਰ ਘਟਾ ਰਿਹਾ ਸੀ।

ਫਿਰ ਕਸਟਮ ਲਈ ਲੰਮੀਆਂ ਕਤਾਰਾਂ ਲੱਗ ਗਈਆਂ। ਹਰੀਆਂ ਬੱਤੀਆਂ ਵਾਲੀਆਂ ਖਿੜਕੀਆਂ ਅੱਗੇ ਲੱਗੀਆਂ ਕਤਾਰਾਂ ਕੁਝ ਵਧੇਰੇ ਲੰਮੀਆਂ ਸਨ ਅਤੇ ਲਾਲ ਬੱਤੀਆਂ ਵਾਲੇ ਪਾਸੇ ਮੁਸਾਫ਼ਰ ਘੱਟ ਆਏ ਸਨ। ਕਸਟਮ ਇੰਸਪੈਕਟਰ ਹਰ ਮੁਸਾਫ਼ਰ ਦੇ ਚਿਹਰੇ ਤੋਂ ਸ਼ੱਕ ਦੀ ਐਨਕ ਥਾਣੀਂ ਪਹਿਲਾਂ ਕੁਝ ਪੜ੍ਹਦੇ, ਫਿਰ ਉਸ ਅਨੁਸਾਰ ਉਸ ਦੇ ਸਾਮਾਨ ਦੀ ਤਲਾਸ਼ੀ ਲੈਂਦੇ। ਇੰਝ ਖਲੋਤਿਆਂ-ਖਲੋਤਿਆਂ ਸਾਨੂੰ ਦੋ-ਢਾਈ ਘੰਟੇ ਹੋ ਗਏ, ਪਰ ਹਾਲਾਂ ਸਾਡੀ ਵਾਰੀ ਨਹੀਂ ਸੀ ਆਈ। ਰਾਬਰਟ ਨੂੰ ਇਹ ਦੇਰੀ ਬਹੁਤ ਚੁੱਭ ਰਹੀ ਲੱਗਦੀ ਸੀ, ਕਿਉਂਕਿ ਉਹ ਇਸ ਤਰ੍ਹਾਂ ਦੀ ਦੇਰੀ ਦਾ ਆਦੀ ਨਹੀਂ ਸੀ। ਸ਼ੁਕਰ-ਸ਼ੁਕਰ ਕਰ ਕੇ ਵਕਤ ਆਇਆ ਕਿ ਕਸਟਮ ਇੰਸਪੈਕਟਰ ਨੂੰ ਸਾਡੀਆਂ ਅੱਖਾਂ ਵਿੱਚ ਵੀ ਝਾਕਣ ਦੀ ਫੁਰਸਤ ਮਿਲੀ। ਉਸ ਇੱਕ-ਇੱਕ ਕੱਪੜਾ ਫਰੋਲਿਆ, ਇੱਕ-ਇੱਕ ਬਕਸਾ ਖੁੱਲ੍ਹਵਾਇਆ ਅਤੇ ਉਨ੍ਹਾਂ ਵਿੱਚ ਤਰੀਕੇ ਨਾਲ ਟਿਕਾਈਆਂ ਵਸਤਾਂ ਨੂੰ ਬੜੀ ਬੇਦਰਦੀ ਨਾਲ ਬਖੇਰਿਆ ਅਤੇ ਆਪਣੇ ਦਿਮਾਗੀ ਕੰਪਿਊਟਰ ਵੱਲੋਂ ਮਿਲੇ ਹਿੰਦਸੇ ਨੂੰ ਉਸ ਇੱਕ ਕਾ.ਗਜ਼ 'ਤੇ ਲਿਖ ਕੇ ਸਾਨੂੰ ਲਾਗਲੇ ਬੈਂਕ ਵਿੱਚ ਰਕਮ ਜਮ੍ਹਾ ਕਰਾਉਣ ਲਈ ਹਦਾਇਤ ਕੀਤੀ। ਪੈਸੇ ਜਮ੍ਹਾਂ ਕਰਾ ਦਿਤੇ ਗਏ। ਹਵਾਈ ਜਹਾਜ਼ ਤੋਂ ਉਤਰਨ ਤੋਂ ਲੈ ਕੇ ਹਵਾਈ ਅੱਡੇ ਤੋਂ ਬਾਹਰ ਨਿਕਲਣ ਤੀਕ ਸਾਨੂੰ ਹੁਣ ਚਾਰ ਘੰਟੇ ਲੱਗ ਗਏ ਸਨ। ਮੈਂ ਪਰਦੇਸ ਦੇ ਘੱਟੋ-ਘੱਟ ਪੰਜ-ਛੇ ਅੱਡਿਆਂ ਵਿਚੋਂ ਲੰਘਿਆ ਸਾਂ ਪਰ ਕਿਸੇ ਥਾਂ ਵੀ ਇਤਨਾ ਸਮਾਂ ਕਸਟਮ ਵਾਲਿਆਂ ਨੇ ਮੇਰਾ ਨਹੀਂ ਸੀ ਜ਼ਾਇਆ ਕੀਤਾ।

ਘਰ ਜਦੋਂ ਟੈਕਸੀ ਰਾਹੀਂ ਪਹੁੰਚੇ ਤਾਂ ਟੈਕਸੀ ਵਾਲੇ ਨੇ ਰੱਟਾ ਪਾ ਦਿਤਾ। ਸਾਮਾਨ ਦੇ ਕਿਰਾਏ ਸਮੇਤ ਉਹ ਮੇਰੇ ਕੋਲੋਂ ਸੱਠ ਰੁਪਏ ਝਾੜਨਾ ਚਾਹੁੰਦਾ ਸੀ, ਪਰ ਮੈਂ ਉਸ ਨੂੰ ਕਹਿ ਰਿਹਾ ਸਾਂ ਕਿ ਮੀਟਰ ਮੁਤਾਬਕ ਤੀਹ ਰੁਪਏ ਤੋਂ ਵੱਧ ਮੈਂ ਇੱਕ ਪੈਸਾ ਨਹੀਂ ਦੇਣਾ। ਮੇਰੇ ਨਾਲ ਵਿਦੇਸ਼ੀ ਨੂੰ ਵੇਖ ਕੇ ਅਤੇ ਸਾਡੇ ਚਮਕਦੇ ਬਕਸਿਆਂ ਦੇ ਭੁਲੇਖੇ ਵਿੱਚ ਆ ਕੇ ਉਹ ਵਿੱਟਰ ਬੈਠਾ ਸੀ। ਅਖੀਰ ਇਹ ਸੋਚ ਕੇ ਕਿ ਰਾਬਰਟ ਉਤੇ ਭਾਰਤੀ ਟੈਕਸੀ ਵਾਲਿਆਂ ਬਾਰੇ ਬੁਰਾ ਪ੍ਰਭਾਵ ਨਾ ਪਵੇ, ਮੈਂ ਅਖੀਰ ਚਾਲੀ ਰੁਪਏ ਦੇਣ 'ਤੇ ਰਾਜ਼ੀ ਹੋ ਗਿਆ।

'ਬਾਹਰ ਜਾ ਕੇ ਵਿਦੇਸ਼ੀਆਂ 'ਤੇ ਹਜ਼ਾਰਾਂ ਰੁਪਏ ਲੁਟਾ ਆਉਣਗੇ ਪਰ ਘਰ ਆ ਕੇ ਆਪਣੇ ਭਰਾਵਾਂ ਨੂੰ ਚਾਰ ਪੈਸੇ ਫਾਲਤੂ ਦੇਣ ਵੇਲੇ ਇਨ੍ਹਾਂ ਦੀ ਜਾਨ ਨਿਕਲ ਜਾਂਦੀ ਏ।'

ਟੈਕਸੀ ਵਾਲਾ ਸਾਡੇ ਆਂਢੀਆਂ-ਗੁਆਂਢੀਆਂ ਨੂੰ ਸੁਣਾਉਣ ਲਈ ਉਚਾ-ਉਚਾ ਬੋਲ ਕੇ ਆਪਣਾ ਗੁਬਾਰ ਕੱਢ ਰਿਹਾ ਸੀ।

ਮੈਂ ਰਾਬਰਟ ਦੇ ਸਾਹਮਣੇ ਸ਼ਾਂਤ ਰਹਿਣ ਕਾਰਨ ਟੈਕਸੀ ਵਾਲੇ ਨੂੰ ਸਮਝਾਇਆ, 'ਮੈਂ ਲੇਖਕ ਹਾਂ ਅਤੇ ਮੈਨੂੰ ਭਾਰਤ ਸਰਕਾਰ ਨੇ ਆਪਣੇ ਖਰਚੇ ਉਤੇ ਬਾਹਰ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਲਈ ਭੇਜਿਆ ਸੀ। ਭੁਲੇਖਾ ਨਾ ਖਾ, ਮੈਂ ਕੋਈ ਵਪਾਰੀ ਨਹੀਂ।' ਪਰ ਜਾਪਦਾ ਸੀ, ਸਿਰ ਤੋਂ ਪੈਰਾਂ ਤੀਕ ਮੈਨੂੰ ਵੇਖਣ ਪਿਛੋਂ ਇਹ ਸੱਚ ਵੀ ਉਸ ਨੂੰ ਝੂਠਾ ਲੱਗ ਰਿਹਾ ਸੀ ਜਿਸ ਕਾਰਨ ਉਹ ਬੁੜ-ਬੁੜ ਕਰਦਾ ਟੈਕਸੀ ਵਿੱਚ ਜਾ ਬੈਠਾ।

ਘਰ ਵਿੱਚ ਗਹਿਮਾ-ਗਹਿਮੀ ਹੋ ਗਈ ਸੀ। ਬੀਵੀ ਬੱਚੇ ਆਪੋ-ਆਪਣੀਆਂ ਆਈਆਂ ਚੀਜ਼ਾਂ ਵੇਖ ਪ੍ਰਸੰਨ ਹੋ ਰਹੇ ਸਨ। ਨਹਾਉਣ ਧੋਣ ਅਤੇ ਨਾਸ਼ਤਾ ਕਰਨ ਪਿਛੋਂ ਵਿਚਾਰੀ ਬੀਵੀ ਨੇ ਦੱਸਿਆ ਕਿ ਦਫ਼ਤਰ ਵਿਚੋਂ ਇਕੋ ਮਹੀਨੇ ਦੀ ਤਨਖ਼ਾਹ ਮਿਲੀ ਸੀ ਜਿਸ ਲਈ ਦਫ਼ਤਰ ਵਾਲਿਆਂ ਨੂੰ ਅਗਾਊਂ ਰਸੀਦ ਦੇ ਗਿਆ ਸਾਂ।

'ਮੈਂ ਬੜੀ ਮੁਸ਼ਕਿਲ ਨਾਲ ਮੰਗ-ਤੰਗ ਕੇ, ਤੇ ਪੈਸੇ ਲੈਣ ਵਾਲਿਆਂ ਨੂੰ ਟਾਲ-ਟੂਲ ਕੇ, ਦੋ ਮਹੀਨੇ ਮਸਾਂ ਟਪਾਏ ਹਨ। ਘਰ ਵਿੱਚ ਦਿਨ ਲਈ ਸਬਜ਼ੀ ਲਿਆਉਣ ਜੋਗੇ ਵੀ ਪੈਸੇ ਨਹੀਂ।'

ਮੈਂ ਦੋ ਮਹੀਨੇ ਬਾਹਰ ਦੋਸਤਾਂ-ਮਿੱਤਰਾਂ ਕੋਲ ਮਹਿਮਾਨੀਆਂ ਖਾਂਦਿਆਂ ਆਪਣੇ ਇਸ ਘਰ ਦੇ ਦਾਲ ਰੋਟੀ ਦੇ ਮਸਲੇ ਤੋਂ ਬਰੀ ਰਿਹਾ ਸਾਂ, ਪਰ ਅੱਜ ਮੇਰੀ ਪੁਰਾਣੀ ਔਖਿਆਈ ਭਰੀ ਯਥਾਰਥਕ ਜ਼ਿੰਦਗੀ ਚੱਟਾਨ ਬਣ ਕੇ ਮੇਰਾ ਰਾਹ ਮੱਲੀ ਬੈਠੀ ਸੀ। ਮੈਂ ਸੋਚਾਂ ਵਿੱਚ ਪੈ ਗਿਆ। ਅੱਜ ਸਨਿਚਰਵਾਰ ਏ, ਦਫ਼ਤਰ ਮੈਂ ਪਰਸੋਂ ਜਾਣਾ ਏ। ਫਿਰ ਤਨਖ਼ਾਹ ਪਤਾ ਨਹੀਂ ਕਿਤਨੇ ਦਿਨਾਂ ਪਿਛੋਂ ਮਿਲਦੀ ਏ। ਘਰ ਕੋਲ ਵਾਲੇ ਬੈਂਕ ਦੇ ਹਿਸਾਬ ਵਿਚੋਂ ਤਾਂ ਮੈਂ ਪੂੰਝ-ਪਾਂਝ ਕੇ ਅਤੇ ਦੋਸਤਾਂ ਕੋਲੋਂ ਕਰਜ਼ੇ ਲੈ ਕੇ ਮਸਾਂ ਐਫ਼.ਟੀ.ਐਸ ਰਾਹੀਂ ਮਿਲਣ ਵਾਲੇ ਪੰਜ ਸੌ ਡਾਲਰਾਂ ਦਾ ਬੰਦੋਬਸਤ ਕੀਤਾ ਸੀ। ਫਿਰ ਖਿਆਲ ਆਇਆ ਕਿ ਮੇਨ ਮਾਰਕਿਟ ਵਾਲੇ ਬੈਂਕ ਖਾਤੇ ਦਾ ਪਤਾ ਕਰਾਂ। ਸ਼ਾਇਦ ਕੁਝ ਬਚੇ-ਖੁਚੇ ਚਾਰ ਪੈਸੇ ਪਏ ਹੋਣ। ਦੋ ਸਾਲ ਤੋਂ ਜਦੋਂ ਦਾ ਗਵਾਂਢ ਵਿੱਚ ਇਹ ਬੈਂਕ ਖੁੱਲ੍ਹਿਆ ਸੀ, ਮੈਂ ਦੂਰ ਦੇ ਉਸ ਬੈਂਕ ਵਿੱਚ ਜਾਣਾ ਹੀ ਛੱਡ ਦਿੱਤਾ ਸੀ। ਬਾਹਰੋਂ ਆਏ ਚੈਕ ਗਵਾਂਢੀ ਬੈਂਕ ਵਿੱਚ ਜਮ੍ਹਾ ਕਰਾਉਣਾ ਤੇ ਕਢਾਉਣਾ ਆਸਾਨ ਰਹਿੰਦਾ ਸੀ। ਸਮਾਂ ਵੀ ਘੱਟ ਲਗਦਾ ਸੀ, ਨਾਲੇ ਗਵਾਂਢ ਵਿੱਚ ਖੁੱਲ੍ਹੀ ਇਸ ਬੈਂਕ ਦੀ ਨਵੀਂ ਸ਼ਾਖਾ ਦੇ ਕਰਮਚਾਰੀ ਵੀ ਤਾਂ ਆਪਣੀ ਸਫ਼ਲਤਾ ਪ੍ਰਾਪਤ ਕਰਨ ਵਾਸਤੇ ਕੁਝ ਵਧੇਰੇ ਹੀ ਦਿਆਲੂ ਸਨ।

ਆਪਣੀ ਅਲਮਾਰੀ ਦੀ ਅੱਧਾ-ਪੌਣਾ ਘੰਟਾ ਫੋਲਾ-ਫਾਲੀ ਕਰਨ ਪਿਛੋਂ ਉਸ ਦੂਰ ਵਾਲੇ ਬੈਂਕ ਦੀ ਚੈੱਕ ਬੁੱਕ ਅਤੇ ਪਾਸ ਬੁੱਕ ਮਸਾਂ ਲੱਭੀ। ਪਾਸ ਬੁੱਕ ਵਿੱਚ ਦੇਖਿਆ ਤਾਂ ਪਤਾ ਲੱਗਾ ਕਿ ਤਿੰਨ ਸਾਲਾਂ ਤੋਂ ਮੈਂ ਇਸ ਨੂੰ ਠੀਕ ਕਰਵਾਇਆ ਹੀ ਨਹੀਂ। ਤਿੰਨ ਸਾਲ ਪਹਿਲਾਂ ਦੀ ਕਿਸੇ ਤਾਰੀਕ ਸਮੇਂ ਇਸ ਵਿੱਚ ਬਕਾਇਆ ਦੋ ਸੌ ਦਸ ਰੁਪਏ ਸੱਠ ਪੈਸੇ ਲਿਖਿਆ ਹੋਇਆ ਸੀ ਪਰ ਗਵਾਂਢ ਵਿੱਚ ਖੁੱਲ੍ਹਣ ਵਾਲੇ ਬੈਂਕ ਤੋਂ ਪਹਿਲਾਂ ਵਾਲੇ ਕੁੱਝ ਮਹੀਨਿਆਂ ਵਿੱਚ ਪਤਾ ਨਹੀਂ ਕਿਤਨੇ ਪੈਸੇ ਜਮ੍ਹਾ ਕਰਾਏ ਅਤੇ ਕਿਤਨੇ ਕਢਾਏ ਸਨ। ਚੈੱਕ ਬੁੱਕ ਅਨੁਸਾਰ ਮੈਂ ਪਿਛਲੀ ਵਾਰ ਕੋਈ ਦੋ ਸਾਲ ਪਹਿਲਾਂ ਪੰਜਾਹ ਰੁਪਏ ਕਢਾਏ ਸਨ।

ਚੈੱਕ ਬੁੱਕ ਤੇ ਪਾਸ ਬੁੱਕ ਨੂੰ ਸੰਭਾਲ ਕੇ ਜਦੋਂ ਮੈਂ ਬੈਂਕ ਜਾਣ ਦੀ ਗੱਲ ਰਾਬਰਟ ਨੂੰ ਦੱਸੀ ਤਾਂ ਉਹ ਵੀ ਨਾਲ ਜਾਣ ਲਈ ਤਿਆਰ ਹੋ ਪਿਆ। ਉਹ ਭਾਰਤ ਦਾ ਮਤਵਾਲਾ ਇਥੋਂ ਦੇ ਲੋਕਾਂ ਦੇ ਜੀਵਨ ਨੂੰ ਹਰ ਪੱਖੋਂ ਆਪਣੀ ਅੱਖੀਂ ਵੇਖ ਕੇ ਆਪਣੀਆਂ ਰਚਨਾਵਾਂ ਵਿੱਚ ਅੰਕਿਤ ਕਰਨ ਦਾ ਚਾਹਵਾਨ ਸੀ।

ਬੈਂਕ ਵਿੱਚ ਪਹੁੰਚ ਕੇ ਉਮੀਦ ਤੋਂ ਉਲਟ ਮੈਂ ਵੇਖਿਆ, ਕੋਈ ਜਾਣਿਆ-ਪਛਾਣਿਆ ਪੁਰਾਣਾ ਚਿਹਰਾ ਨਹੀਂ ਸੀ ਨਜ਼ਰ ਆ ਰਿਹਾ। ਸਾਰੇ ਦੇ ਸਾਰੇ ਕਰਮਚਾਰੀ ਜਾਂ ਤਾਂ ਤਰੱਕੀ ਮਿਲ ਜਾਣ ਕਾਰਨ ਜਾਂ ਫਿਰ ਇਸ ਬਰਾਂਚ ਦੇ ਬੋਝਲ ਕੰਮ ਦੇ ਭਾਰ ਤੋਂ ਬਚਣ ਲਈ ਤਬਦੀਲੀ ਕਰਾ ਗਏ ਲਗਦੇ ਸਨ। ਮੈਂ ਬੱਚਤ ਵਾਲੇ ਖਾਤੇ ਦੀ ਬਾਰੀ ਅੱਗੇ ਸਜੀ ਮਹਿਕਾਂ ਛੱਡਦੀ ਖ਼ੂਬਸੂਰਤ ਔਰਤ ਨੂੰ ਕੰਮ ਕਰਦਿਆਂ ਦੇਖਿਆ। ਸੋਹਣੀ ਔਰਤ ਦੀ ਮੌਜੂਦਗੀ ਕਿਵੇਂ ਵਾਤਾਵਰਣ ਨੂੰ ਖੁਸ਼ਗਵਾਰ ਬਣਾ ਦਿੰਦੀ ਹੈ, ਮੈਂ ਸੋਚਿਆ। ਉਸ ਦੀ ਬਾਰੀ ਅੱਗੇ ਪੰਜ-ਸੱਤ ਮਨੁੱਖ ਕਤਾਰ ਬਣਾਈ ਖੜ੍ਹੇ ਸਨ। ਮੈਂ ਤੇ ਰਾਬਰਟ ਵੀ ਉਸ ਕਤਾਰ ਵਿੱਚ ਖੜ੍ਹੇ ਹੋ ਗਏ। ਪੰਦਰਾਂ ਮਿੰਟਾਂ ਵਿੱਚ ਮਸਾਂ ਦੋ-ਤਿੰਨ ਬੰਦਿਆਂ ਦੀ ਭੁਗਤਾਨ ਹੋਈ। ਮੈਂ ਘੜੀ ਵੱਲ ਵੇਖਿਆ, ਮਸਾਂ ਇੱਕ ਘੰਟਾ ਰਹਿ ਗਿਆ ਸੀ ਬੈਂਕ ਨੂੰ ਬੰਦ ਹੋਣ ਵਿੱਚ, ਕਿਉਂਕਿ ਅੱਜ ਸਨਿਚਰਵਾਰ ਹੋਣ ਕਾਰਨ ਬੈਂਕ ਨੇ ਸਾਢੇ ਗਿਆਰਾਂ ਵਜੇ ਬੰਦ ਹੋ ਜਾਣਾ ਸੀ। ਰਾਬਰਟ ਨੇ ਮੇਰੇ ਕੋਲੋਂ ਪੁੱਛਿਆ, 'ਇਥੇ ਬੈਂਕ ਵਿੱਚ ਟੈਲਰ ਸਿਸਟਮ ਨਹੀਂ ਲਾਗੂ ਕੀਤਾ ਗਿਆ?'

'ਵੱਡੇ-ਵੱਡੇ ਕੁਝ ਬੈਂਕਾਂ ਵਿੱਚ ਹੀ ਇਹ ਸਿਸਟਮ ਜਾਰੀ ਕੀਤਾ ਗਿਆ ਏ, ਸਾਰਿਆਂ ਵਿੱਚ ਨਹੀਂ।' ਮੈਂ ਉਤਰ ਦਿੱਤਾ।

'ਤਦੇ ਭੁਗਤਾਨ ਕਰਨ ਵਿੱਚ ਇਤਨੀ ਦੇਰੀ ਲੱਗ ਰਹੀ ਏ।'

ਜਦੋਂ ਮੇਰੀ ਵਾਰੀ ਆਈ ਤਾਂ ਗਿਆਰਾਂ ਵੱਜ ਚੁੱਕੇ ਸਨ। ਮੈਂ ਉਸ ਖ਼ੂਬਸੂਰਤ ਨਾਜ਼ਨੀਨਾ ਨੂੰ ਮੁਸਕਰਾ ਕੇ ਨਮਸਤੇ ਆਖੀ, ਕਿਉਂਕਿ ਪੱਛਮ ਵਿੱਚ ਦੋ ਮਹੀਨੇ ਘੁੰਮਣ ਕਾਰਨ ਉਥੋਂ ਦਾ ਕੁਝ ਅਸਰ ਮੈਂ ਨਾਲ ਲੈ ਆਇਆ ਸਾਂ, ਪਰ ਲਗਦਾ ਸੀ ਕਿ ਉਸ ਨੂੰ ਮੇਰਾ ਮੁਸਕਰਾਣਾ ਅਤੇ ਖਾਸ ਅੰਦਾਜ਼ ਵਿੱਚ ਨਮਸਤੇ ਬੁਲਾਉਣਾ ਚੰਗਾ ਨਹੀਂ ਸੀ ਲੱਗਾ।

'ਕੰਮ ਦੱਸੋ ਮਿਸਟਰ?' ਉਹ ਰੁੱਖੇ ਜਿਹੇ ਢੰਗ ਨਾਲ ਬੋਲੀ।

'ਖਾਤਾ ਨੰਬਰ 7894 ਦਾ ਬੈਲੰਸ ਕਿਤਨਾ ਹੈ?'

'ਤੁਹਾਨੂੰ ਇਸ ਨਾਲ ਮਤਲਬ?'

'ਇਹ ਮੇਰਾ ਖਾਤਾ ਏ। ਮੇਰੇ ਕੋਲ ਇਸ ਖਾਤੇ ਦੀ ਇਹ ਪਾਸ ਬੁੱਕ ਏ।' ਮੈਂ ਆਪਣੀ ਪਾਸ ਬੁੱਕ ਅੱਗੇ ਕਰਦਿਆਂ ਕਿਹਾ।

'ਇਹ ਤਾਂ ਕੋਈ ਵੀ ਲਿਆ ਸਕਦਾ ਏ।' ਉਸ ਉਸੇ ਬੇਰੁਖੀ ਨਾਲ ਉਤਰ ਦਿੱਤਾ।

ਇਸ ਰੁੱਖੇ ਤੇ ਸ਼ੱਕੀ ਉਤਰ ਨੇ ਮੈਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ।

'ਪਰ ਮੇਰੇ ਕੋਲ ਮੇਰੀ ਚੈੱਕ ਬੁੱਕ ਵੀ ਏ।' ਮੈਂ ਉਸ ਦਾ ਵਿਸ਼ਵਾਸ ਜਿੱਤਣ ਲਈ ਹੌਸਲੇ ਨਾਲ ਉਤਰ ਦਿਤਾ ਅਤੇ ਸੋਚਿਆ ਕਿ ਜ਼ਰੂਰੀ ਨਹੀਂ ਕਿ ਸੁੰਦਰ ਸ਼ਕਲ ਵਾਲਿਆਂ ਦਾ ਸੁਭਾਅ ਵੀ ਚੰਗਾ ਹੋਵੇ।

'ਇਸ ਨਾਲ ਕੋਈ ਫਰਕ ਨਹੀਂ ਪੈਂਦਾ।' ਉਸ ਮੇਰੇ ਵੱਲ ਬਿਨਾਂ ਵੇਖਿਆ ਆਖਿਆ।

'ਮੈਨੂੰ ਬੈਲੰਸ ਦੱਸੋਗੇ ਤਾਂ ਹੀ ਤੇ ਮੈਂ ਪੈਸੇ ਕਢਵਾ ਸਕਾਂਗਾ।' ਮੈਂ ਆਪਣੇ ਕੰਮ ਤੋਂ ਉਸ ਨੂੰ ਜਾਣੂ ਕਰਾਉਂਦਿਆਂ ਕਿਹਾ।

'ਸਾਨੂੰ ਬੈਲੰਸ ਦੱਸਣ ਦੀ ਇਜਾਜ਼ਤ ਨਹੀਂ। ਨੈਕਸਟ ਮੈਨ।' ਉਸ ਦੀ ਬੇਰੁਖੀ ਹੁਣ ਵਧੇਰੇ ਤਲਖ ਹੋ ਗਈ ਲਗਦੀ ਸੀ। ਉਸ ਦੀ ਇਸ ਬਦਤਮੀਜ਼ੀ ਨੇ ਮੈਨੂੰ ਵੀ ਗੁੱਸਾ ਚੜ੍ਹਾ ਦਿੱਤਾ।

'ਕਮਾਲ ਹੈ, ਮੇਰੇ ਹੀ ਅਕਾਊਂਟ ਦਾ ਮੈਨੂੰ ਹੀ ਬੈਲੰਸ ਨਹੀਂ ਦੱਸਿਆ ਜਾ ਸਕਦਾ, ਇਹ ਕਿੱਥੋਂ ਦਾ ਨਿਯਮ ਏ?'

'ਤੁਸੀ ਬੈਂਕ ਮੈਨੇਜਰ ਨੂੰ ਜਾ ਕੇ ਪੁੱਛੋ।'

'ਓਹ ਬਾਊ ਅੱਗਿਓਂ ਹਟੋ, ਹੋਰਾਂ ਦਾ ਕੰਮ ਤੇ ਹੋਣ ਦੇ।' ਮੇਰੇ ਪਿਛੇ ਖਲੋਤੇ ਬੰਦੇ ਨੇ ਮੈਨੂੰ ਹਟਾਉਂਦਿਆਂ ਕਿਹਾ ਅਤੇ ਆਪਣਾ ਚੈੱਕ ਉਸ ਦੇ ਹੱਥ ਵਿੱਚ ਦੇ ਦਿੱਤਾ।

ਮੈਂ ਤੇ ਰਾਬਰਟ ਖਾਲੀ ਬੈਂਚ 'ਤੇ ਆ ਕੇ ਬੈਠ ਗਏ।

ਰਾਬਰਟ ਨੂੰ ਗੱਲ ਦੀ ਸਮਝ ਨਹੀਂ ਸੀ ਆ ਰਹੀ। ਮੈਂ ਸਾਰੀ ਗੱਲ ਉਸ ਨੂੰ ਅੰਗਰੇਜ਼ੀ ਵਿੱਚ ਜਦੋਂ ਸਮਝਾਈ ਤਾਂ ਉਸ ਨੂੰ ਮੇਰੀ ਗੱਲ 'ਤੇ ਯਕੀਨ ਨਾ ਆਇਆ। ਉਸ ਨੂੰ ਉਥੇ ਹੀ ਬੈਠਣ ਦੀ ਤਾਕੀਦ ਕਰ ਕੇ ਮੈਂ ਮੈਨੇਜਰ ਦੇ ਕਮਰੇ ਵੱਲ ਇਕੱਲਾ ਹੀ ਚਲਾ ਗਿਆ, ਕਿਉਂਕਿ ਉਥੇ ਹੋਣ ਵਾਲੀ ਟੱਕਰ ਅਤੇ ਮਿਲਣ ਵਾਲੀ ਨਮੋਸ਼ੀ ਕਾਰਨ ਰਾਬਰਟ ਦੀਆਂ ਨਜ਼ਰਾਂ ਵਿੱਚ ਮੈਂ ਭਾਰਤ ਮਾਂ ਨੂੰ ਹੋਰ ਨਹੀਂ ਸੀ ਡਿਗਾਣਾ ਚਾਹੁੰਦਾ। ਉਥੇ ਵੀ ਲੰਮੀ ਕਤਾਰ ਲੱਗੀ ਹੋਈ ਸੀ। ਮੈਨੂੰ ਇਸ ਬੇਰੁਖੀ ਨੇ ਮਜਬੂਰ ਕਰ ਦਿੱਤਾ, ਕੈਨੇਡਾ ਅਤੇ ਅਮਰੀਕਾ ਦੇ ਬੈਂਕਾਂ ਵਿੱਚ ਵਿਹਾਰ ਨਾਲ ਇਸ ਦਾ ਟਾਕਰਾ ਕਰਨ 'ਤੇ। ਇੱਕ ਦਿਨ ਮੈਂ ਤੇ ਰਾਬਰਟ ਕਿਸੇ ਦੂਜੇ ਸ਼ਹਿਰ ਵਿੱਚ ਸਾਂ। ਰਾਬਰਟ ਨੂੰ ਪੈਸਿਆਂ ਦੀ ਲੋੜ ਪਈ ਅਤੇ ਉਸ ਝੱਟ ਆਪਣਾ ਕਾਰਡ ਵਿਖਾ ਕੇ ਉਸ ਸ਼ਹਿਰ ਦੀ ਉਸ ਬੈਂਕ ਬਰਾਂਚ ਤੋਂ ਪੈਸੇ ਬਿਨਾਂ ਕਿਸੇ ਦਿੱਕਤ ਦੇ ਚੈੱਕ ਰਾਹੀਂ ਕਢਵਾ ਲਏ ਸਨ, ਹਾਲਾਂਕਿ ਉਸ ਦਾ ਖਾਤਾ ਇਸੇ ਬੈਂਕ ਦੇ ਕਿਸੇ ਦੂਜੇ ਸ਼ਹਿਰ ਵਿੱਚ ਸੀ। ਫਿਰ ਬੋਸਟਨ ਵਿੱਚ ਕੰਵਲਜੀਤ ਦੀ ਗੱਲ ਯਾਦ ਆਈ। ਰਾਤ ਦੇ ਅੱਠ ਵੱਜ ਚੁਕੇ ਸਨ ਅਤੇ ਆ ਕੇ ਕਹਿਣ ਲੱਗਾ, 'ਮੈਂ ਬੈਂਕ 'ਚੋ ਕੁੱਝ ਪੈਸੇ ਕਢਾਉਣ ਚੱਲਿਆ ਹਾਂ, ਹੁਣੇ ਵਾਪਸ ਆ ਜਾਵਾਂਗਾ।'

'ਇਥੇ ਵੀ ਨਾਈਟ ਸ਼ਿਫ਼ਟਾਂ ਦੀਆਂ ਬੈਂਕ ਬਰਾਂਚਾਂ ਕੰਮ ਕਰਦੀਆਂ ਹਨ?' ਮੈਂ ਜਾਣਕਾਰੀ ਲਈ ਪੁੱਛਿਆ ਸੀ।

'ਨਹੀਂ ਬਰਾਂਚ ਤਾਂ ਬੰਦ ਹੋ ਗਈ ਹੋਣੀ ਏ, ਪਰ ਪੈਸੇ ਨਿਕਲ ਆਉਣਗੇ।'

ਤੇ ਮੈਂ ਆਪਣੀ ਇਸ ਹੈਰਾਨੀ ਨੂੰ ਮਿਟਾਉਣ ਲਈ ਉਸ ਨਾਲ ਹੋ ਤੁਰਿਆ ਸਾਂ। ਦੋ-ਚਾਰ ਮਿੰਟਾਂ ਵਿੱਚ ਹੀ ਸਾਡੀ ਕਾਰ ਬੈਂਕ ਦੇ ਬਾਹਰ ਜਾ ਰੁਕੀ। ਕੰਵਲਜੀਤ ਨੇ ਬਰਾਂਡੇ ਵਿੱਚ ਲੱਗੇ ਇਕ ਯੰਤਰ ਦੇ ਕੁੱਝ ਨੰਬਰ ਦਬਾਏ। ਲਾਈਟ ਜਗੀ ਅਤੇ ਛੋਟੀ ਟਰੇ ਵਰਗੀ ਸਟੀਲ ਦੀ ਸਲੇਟ ਬਾਹਰ ਆਈ। ਕੰਵਲਜੀਤ ਨੇ ਆਪਣਾ ਕਾਰਡ ਉਸ ਉਪਰ ਰੱਖ ਦਿੱਤਾ ਅਤੇ ਬਟਨ ਦਬਾਇਆ। ਉਹ ਸਲੇਟ ਅੰਦਰ ਚਲੀ ਗਈ। ਫਿਰ ਉਸ ਕੰਪਿਊਟਰ ਦੇ ਕੁਝ ਹੋਰ ਨੰਬਰ ਦਬਾਏ ਅਤੇ ਅੱਧੇ ਮਿੰਟ ਪਿਛੋਂ ਕਾਰਡ ਤੇ ਸੌ ਡਾਲਰ ਦੇ ਨੋਟ ਬਾਹਰ ਆ ਗਏ। ਮੈਂ ਇਹ ਸਾਰਾ ਕੁਝ ਵੇਖ ਕੇ ਹੈਰਾਨ, ਹੋਰ ਹੈਰਾਨ ਹੋ ਰਿਹਾ ਸੀ। ਕੰਵਲਜੀਤ ਨੇ ਮੈਨੂੰ ਸਮਝਾਇਆ, ਇਥੇ ਕੰਪਿਊਟਰ ਸਿਸਟਮ ਚਲਦਾ ਏ। ਹਨੇਰੇ-ਸਵੇਰੇ ਲੋੜ ਪੈਣ 'ਤੇ ਇੱਕ ਖਾਸ ਰਕਮ ਤੀਕ ਪੈਸੇ ਕਢਵਾਏ ਜਾ ਸਕਦੇ ਨੇ। ਹਰ ਖਾਤੇਦਾਰ ਦਾ ਕੋਡ ਨੰਬਰ ਹੈ ਜਿਸ ਨੂੰ ਦਬਾਉਣ ਨਾਲ ਕਾਰਡ ਪਾ ਕੇ ਪੈਸੇ ਕਢਵਾਏ ਜਾ ਸਕਦੇ ਨੇ। ਮੇਰੇ ਕਾਰਡ ਦੀ ਐਂਟਰੀ ਅੰਦਰ ਹੋ ਗਈ ਅਤੇ ਸਵੇਰੇ ਬੈਂਕ ਕਰਮਚਾਰੀ ਆ ਕੇ ਉਸ ਨੂੰ ਮੇਰੇ ਖਾਤੇ ਵਿੱਚ ਲਿਖ ਦੇਣਗੇ।

ਲੰਡਨ ਵਿੱਚ ਮੇਰੇ ਇੱਕ ਦੋਸਤ ਨੇ ਮੈਨੂੰ ਚੈੱਕ ਦਿੱਤਾ ਸੀ ਅਤੇ ਮੈਂ ਬਿਨਾਂ ਕੋਈ ਸ਼ਨਾਖਤ ਦਿੱਤਿਆਂ ਬੈਂਕ ਤੋਂ ਪੈਸੇ ਕਢਵਾ ਲਏ ਸਨ। ਉਨ੍ਹਾਂ ਮੁਲਕਾਂ ਵਿੱਚ ਕਰੋੜਾਂ ਡਾਲਰਾਂ ਦੀ ਕੀਮਤ ਨਾਲ ਭਰੇ ਸਾਮਾਨਾਂ ਦੇ ਜਨਰਲ ਸਟੋਰ ਚਲਦੇ ਹਨ। ਹਰ ਵਸਤੂ 'ਤੇ ਕੀਮਤ ਛਪੀ ਹੋਈ ਹੈ। ਲੋਕੀ ਆਪੋ-ਆਪਣਾ ਲੋੜਵੰਦਾ ਸਮਾਨ ਚੁੱਕ ਕੇ ਕੀਮਤ ਅਦਾ ਕਰ ਕੇ ਬਿਨਾਂ ਕਿਸੇ ਸ਼ੱਕ ਦੇ ਚਲੇ ਜਾਂਦੇ ਹਨ।

ਮੈਂ ਪੱਛਮ ਦੇ ਸਮਾਜ ਦੇ ਕਾਰ-ਵਿਹਾਰ ਵਿੱਚ ਛਾਏ ਇਸ ਇਤਬਾਰ ਦਾ ਜਦੋਂ ਆਪਣੇ ਦੇਸ਼ ਵਿੱਚ ਸ਼ੱਕ ਦੀ ਬੁਨਿਆਦ 'ਤੇ ਖੜ੍ਹੇ ਸਮੁੱਚੇ ਜੀਵਨ ਨਾਲ ਮੁਕਾਬਲਾ ਕੀਤਾ ਤਾਂ ਮੈਂ ਕੰਬ ਗਿਆ। ਕੀ ਕਦੇ ਸਾਡੇ ਭਾਰਤੀ ਜੀਵਨ ਵਿੱਚ ਵੀ ਇਸ ਇਤਬਾਰ ਦੀ ਇੰਜ ਮਹਿਕ ਆਏਗੀ?

ਹੁਣ ਮੇਰੀ ਵਾਰੀ ਸੀ ਮੈਨੇਜਰ ਨੂੰ ਮਿਲਣ ਦੀ। ਮੈਂ ਮੈਨੇਜਰ ਨੂੰ ਸਾਰੀ ਘਟਨਾ ਬੜੇ ਤੈਸ਼ ਵਿੱਚ ਆ ਕੇ ਸੁਣਾਈ, ਪਰ ਉਹ ਬੜੇ ਆਰਾਮ ਨਾਲ ਮੇਰੀ ਗੱਲ ਨੂੰ ਮੁਸਕਰਾਉਂਦਿਆਂ ਸੁਣਦਾ ਰਿਹਾ। ਫਿਰ ਬੋਲਿਆ, 'ਕਾਊਂਟਰ 'ਤੇ ਬੈਠੀ ਮਿਸਿਜ਼ ਆਹਲੂਵਾਲੀਆ ਨੇ ਜੋ ਕੁੱਝ ਤੁਹਾਨੂੰ ਦੱਸਿਆ ਏ, ਉਹ ਸਭ ਕੁਝ ਨਿਯਮਾਂ ਅਨੁਸਾਰ ਏ।'

ਬੜਾ ਬੇਹੂਦਾ ਨਿਯਮ ਏ। ਕੋਈ ਆਪ ਵੀ ਆਪਣੇ ਬੈਂਕ ਬੈਲੰਸ ਤੋਂ ਜਾਣੂ ਨਹੀਂ ਹੋ ਸਕਦਾ। ਫਿਰ ਉਹ ਪੈਸੇ ਕਿਵੇਂ ਕਢਾਏ?

ਮਿਸਟਰ ਕਾਹਲੇ ਨਾ ਪਉ। ਮੈਨੇਜਰ ਨੇ ਉਸੇ ਤਰ੍ਹਾਂ ਧੀਰਜ ਨਾਲ ਮੈਨੂੰ ਸ਼ਾਂਤ ਹੋਣ ਲਈ ਕਿਹਾ।

ਫਿਰ ਉਸ ਚਿੱਟ 'ਤੇ ਮੇਰਾ ਖਾਤਾ ਨੰਬਰ ਲਿਖ ਕੇ ਚਪੜਾਸੀ ਨੂੰ ਲੈਜਰ ਤੇ ਦਸਤਖਤਾਂ ਵਾਲੀ ਫਾਈਲ ਲਿਆਉਣ ਦੀ ਹਦਾਇਤ ਕੀਤੀ। ਦੋ ਮਿੰਟਾਂ ਪਿਛੋਂ ਉਹ ਦੋਵੇਂ ਚੀਜ਼ਾਂ ਲੈ ਆਇਆ। ਖਾਤੇ 'ਤੇ ਨਜ਼ਰ ਮਾਰਨ ਪਿਛੋਂ ਉਸ ਦੱਸਿਆ ਕਿ ਮੇਰੇ ਹਿਸਾਬ ਵਿੱਚ ਇੱਕ ਸੌ ਪੰਜੱਤਰ ਰੁਪਏ ਚਾਲੀ ਪੈਸੇ ਹਨ। ਰਕਮ ਦੱਸਣ ਪਿਛੋਂ ਉਸ ਮੇਰੇ ਵੱਲ ਇੰਜ ਤੱਕਿਆ ਜਿਵੇਂ ਕਹਿ ਰਿਹਾ ਹੋਵੇ, ਝੱਗੇ ਵਿੱਚ ਬਕਾਇਆ ਰਕਮ ਤਾਂ ਪੌਣੇ ਦੋ ਸੌ ਹੈ ਅਤੇ ਗੁੱਸਾ ਇਤਨਾ ਜਿਵੇਂ ਲੱਖਾਂ ਰੁਪਏ ਬੈਂਕ ਵਿੱਚ ਜਮ੍ਹਾਂ ਕਰਾ ਰੱਖੇ ਹੋਣ। ਇਥੇ ਕਦਰ ਲੱਖਾਂਪਤੀਆਂ ਦੀ ਹੁੰਦੀ ਹੈ, ਕੱਖਾਂਪਤੀਆਂ ਦੀ ਨਹੀਂ।

(ਬਾਕੀ ਸਫ਼ਾ 26 'ਤੇ)

# ਮੇਰੀ ਕਲਮ

## ਉਡੀਕੇ ਰੋਜ਼ ਇਹ ਧਰਤੀ ਗੁਲਾਬਾਂ ਦੀ ਖ਼ਬਰ ਕੋਈ

ਸੁਖਵਿੰਦਰ ਅੰਮ੍ਰਿਤ

ਉਡੀਕੇ ਰੋਜ਼ ਇਹ ਧਰਤੀ ਗੁਲਾਬਾਂ ਦੀ ਖ਼ਬਰ ਕੋਈ
ਗੁਆਚੀ ਜੋਤ ਨੂੰ ਜਿਉਂ ਭਾਲਦਾ ਹੈ ਬੇਨਜ਼ਰ ਕੋਈ

ਮੇਰੀ ਮਿੱਟੀ 'ਚੋਂ ਵੀ ਦੀਵੇ ਜਗੇ ਤੇ ਫੁੱਲ ਖਿੜੇ ਲੋਕੋ
ਕਿਵੇਂ ਆਖਾਂ ਨਹੀਂ ਲਗਦਾ ਇਨ੍ਹਾਂ ਪੌਣਾਂ ਤੋਂ ਡਰ ਕੋਈ

ਜਿਵੇਂ ਮੈਂ ਉਸ ਦਿਆਂ ਰਾਹਾਂ 'ਚ ਜਗ ਜਗ ਬੁਝ ਗਈ ਹੋਵਾਂ
ਇਓਂ ਲੰਘਿਆ ਹੈ ਮੇਰੇ ਕੋਲ ਦੀ ਅੱਜ ਬੇਖ਼ਬਰ ਕੋਈ

ਸਮਾਂ ਬੇਖ਼ੌਫ਼ ਤੁਰਦਾ ਹੈ , ਹਵਾ ਬੇਝਿਜਕ ਵਗਦੀ ਹੈ
ਖ਼ਲਾ ਵਿਚ ਕਿਉਂ ਨਹੀਂ ਫਿਰ ਝੂਮਦੀ ਮੇਰੀ ਲਗਰ ਕੋਈ

ਨਹੀਂ ਇਤਬਾਰ ਜੇ ਹਾਲੇ ਤਾਂ ਮੇਰੀ ਜਾਨ ਹਾਜ਼ਿਰ ਹੈ
ਕਿਵੇਂ ਹਰ ਗੱਲ 'ਤੇ ਚੀਰੇ ਤੇਰੇ ਸਾਹਵੇਂ ਜਿਗਰ ਕੋਈ

ਮੇਰੇ ਅਸਮਾਨ ਵਿੱਚ ਵੀ ਇਕ ਸਿਤਾਰਾ ਜਗਮਗਾ ਉੱਠਿਆ
ਕਿ ਆਖ਼ਰ ਮਿਲ ਗਿਆ ਇਸ ਰਾਤ ਨੂੰ ਵੀ ਹਮਸਫ਼ਰ ਕੋਈ

## ਕਾਗਜ਼ ਦੇ ਫੁੱਲਾਂ ਨੂੰ ਅਤਰ ਦਾ ਫੰਬਾ ਲਾਈਏ

ਐਸ ਐਸ ਮੀਸ਼ਾ

ਕਾਗਜ਼ ਦੇ ਫੁੱਲਾਂ ਨੂੰ ਅਤਰ ਦਾ ਫੰਬਾ ਲਾਈਏ।
ਇਸ ਮੌਸਮ ਵਿੱਚ ਏਦਾਂ ਹੀ ਕਮਰਾ ਮਹਿਕਾਈਏ।

ਕੈਸੇ ਸ਼ੀਸ਼-ਮਹੱਲ ਵਿੱਚ ਕੀਤਾ ਕੈਦ ਅਸਾਨੂੰ,
ਅਕਸ ਪਕੜਦੇ ਕੰਧਾਂ ਤੋਂ ਮੱਥੇ ਭਨਵਾਈਏ।

ਕੀ ਪੁੱਛਦੇ ਹੋ ਹਾਲ ਤਕਾਲੀਂ ਹਾਰੇ ਹੁੱਟੇ,
ਥੱਕੇ ਟੁੱਟੇ ਜਿਸਮ ਘਸੀਟ ਘਰੀਂ ਲੈ ਜਾਈਏ।

ਰਾਹ ਦੀ ਰੌਣਕ ਵਿੱਚ ਉਲਝ ਕੇ ਭੁੱਲ ਬੈਠੇ ਹਾਂ,
ਘਰੋਂ ਤੁਰੇ ਸੀ ਬੰਨ ਕੇ ਕਿਸ ਮੰਜ਼ਲ ਦੇ ਦਾਈਏ।

ਦਿਲ ਵਿੱਚ ਕੰਡਿਆਂ ਵਾਂਗੂੰ ਚੁੱਭਣ ਤੇਰੀਆਂ ਗੱਲਾਂ,
ਫੁੱਲਾਂ ਵਾਂਗੂੰ ਚੁੱਪ ਚਾਪ ਸੁਣੀਏ ਮੁਸਕਾਈਏ।

ਵਕਤ ਦੇ ਪੈਰਾਂ ਹੇਠ ਨਾ ਵਿਛੀਏ ਸੜਕਾਂ ਵਾਂਗੂੰ,
ਗੜ੍ਹਕਦਿਆਂ ਬੱਦਲਾਂ ਦੇ ਵਾਂਗੂ ਸਿਰ ਤੇ ਛਾਈਏ।

## ਮਨੁੱਖਤਾ ਦਾ ਹੜ੍ਹ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308






ਮਰੀ ਨਹੀਂ ਮਨੁੱਖਤਾ, ਹਾਲੇ ਵੀ ਜ਼ਿੰਦਾ ਹੈ,
ਹੱਥ ਨੂੰ ਹੱਥ ਮਨੁੱਖ, ਹਾਲੇ ਵੀ ਦਿੰਦਾ ਹੈ।
ਮੁਸੀਬਤਾਂ ਦੇ ਪਹਾੜ, ਜਦੋਂ ਵੀ ਟੁੱਟਦੇ ਨੇ,
ਹਮਦਰਦੀ ਦੇ ਦਿਆਲੂ, ਸੋਮੇ ਫੁੱਟਦੇ ਨੇ।
ਇਨਸਾਨੀਅਤ ਦੀ ਸ਼ਮਾ, ਅਜਿਹੀ ਜਗਦੀ ਹੈ,
ਹਰ ਬੇ ਉਮੀਦੀ ਉਮੀਦ 'ਚ, ਬਦਲਦੀ ਲੱਗਦੀ ਹੈ।
ਗ਼ਰੀਬ ਅਮੀਰ ਦਾ ਪਾੜਾ, ਮਿਟਦਾ ਲੱਗਦਾ ਹੈ,
ਜਦ ਬੰਦੇ ਲਈ ਬੰਦਾ ਹੀ, ਆ ਕੇ ਖੜ੍ਹਦਾ ਹੈ।
ਮੁਜੱਸਮਾ ਇਹ ਕਈ ਵਾਰ ਇੰਝ, ਪਰਗਟ ਹੋਇਆ ਹੈ,
ਹਰ ਵਾਰੀ ਇਸ ਨੇ ਨਵਾਂ ਹੀ, ਨਗ਼ਮਾ ਛੋਹਿਆ ਹੈ।
ਹੜ੍ਹਾਂ ਦੇ ਪਿੱਛੋਂ ਦੁਨੀਆ ਦਾ, ਹੜ੍ਹ ਆਇਆ ਹੈ,
ਜਿਸ ਨੇ ਡੁੱਬਦੀ ਮਾਨਵਤਾ, ਨੂੰ ਬਚਾਇਆ ਹੈ।
ਕੁਦਰਤ ਦੀ ਕਰੋਪੀ ਨੇ, ਸਬਕ ਨਵੇਂ ਸਿਖਾਏ ਨੇ,
ਬੰਦਿਆਂ ਲਈ ਅੰਤ ਬੰਦੇ ਹੀ, ਕੰਮ ਆਏ ਨੇ।
ਬੰਨ੍ਹ ਕਤਾਰਾਂ ਬਾਨ੍ਹਣੂੰ, ਨਵੇਂ ਹੀ ਬੰਨ੍ਹ ਦਿੱਤੇ,
ਬਿਨਾ ਝਿਜਕ ਆਪਣੇ ਤਨ, ਮਨ 'ਤੇ ਧਨ ਦਿੱਤੇ।
ਅਦੁੱਤੀਆਂ ਕਈ ਮਿਸਾਲਾਂ, ਸਾਹਮਣੇ ਆ ਗਈਆਂ,
ਜੋ ਦਵੈਤ ਭਾਵ 'ਤੇ ਨਫਰਤਾਂ ਨੂੰ, ਮਾਤਾਂ ਪਾ ਗਈਆਂ।

## ਵਧਦਾ ਪ੍ਰਦੂਸ਼ਣ

ਹਰਪ੍ਰੀਤ ਪੱਤੋ



ਖੰਘ, ਦਮਾ, ਜ਼ੁਕਾਮ, ਖੁਰਕ ਹੋਈ ਜਾਵੇ,
ਪ੍ਰਦੂਸ਼ਣ ਵਾਲੀ ਵਗਦੀ ਪੌਣ ਬਾਬਾ।
ਅੱਗਾਂ ਲੱਗੀਆਂ ਧੂੰਏਂ ਨੇ ਜ਼ੋਰ ਪਾਇਆ,
ਸਾਹ ਲੱਗਦੇ ਔਖੇ ਆਉਣ ਬਾਬਾ।
ਜਿਉਂ ਹੋਵੇ ਹਨੇਰਾ ਧੂੰਆਂ ਗੁਬਾਰ ਚੜ੍ਹਦਾ,
ਦਿਸੇ ਚੰਦ ਨਾ ਤਾਰੇ ਰੁਸ਼ਨਾਉਣ ਬਾਬਾ।
ਜਾਣਾ ਕਿਤੇ, ਜਾਵੇ ਬੰਦਾ ਉਲਟ ਪਾਸੇ,
ਅਸਲੀ ਰਾਹ ਨਾ ਪਏ ਥਿਆਉਣ ਬਾਬਾ।
ਇੱਕ ਦੀਵਾਲੀ ਦਿਨ ਤਿਉਹਾਰ ਆਉਂਦੇ,
ਲੋਕ ਅੱਗ ਨੋਟਾਂ ਨੂੰ ਲਾਉਣ ਬਾਬਾ।
ਪ੍ਰਦੂਸ਼ਣ ਵਿੱਚ ਵਾਧਾ ਦਿਨੋਂ ਦਿਨ ਹੋਰ ਹੋਵੇ,
ਸਾਹ ਆਪਣੇ ਲੋਕ ਘਟਾਉਣ ਬਾਬਾ।
ਅਜੇ ਪਿੰਡਾਂ ਵਿੱਚ ਕੁਝ ਰਾਹਤ ਮਿਲਦੀ,
ਟ੍ਰੈਫਿਕ ਸ਼ਹਿਰੀਂ ਪ੍ਰਦੂਸ਼ਣ ਵਧਾਉਣ ਬਾਬਾ।
ਕੁਝ ਸਰਕਾਰ ਸਮਝੇ ਕੁਝ ਲੋਕ ਸਮਝਣ,
ਤਰੀਕਾ ਹੋਰ ਕੋਈ ਅਪਨਾਉਣ ਬਾਬਾ।
ਕਮਾਈ ਸਭ ਦਵਾਈਆਂ ਵਿੱਚ ਰੁੜ੍ਹੀ ਜਾਂਦੀ,
ਕਿੱਥੋਂ ਖ਼ਰਚ ਘਰ ਦਾ ਲੋਕ ਚਲਾਉਣ ਬਾਬਾ।
ਲੋਕਾਂ ਦੇ ਸਿਰ 'ਤੇ ਸਰਕਾਰਾਂ ਦੇ ਰਾਜ ਹੁੰਦੇ,
ਪਹਿਲਾਂ ਲੋਕਾਂ ਨੂੰ, ਪੱਤੋ, ਬਚਾਉਣ ਬਾਬਾ।

## ਗ਼ਜ਼ਲ

ਪਰਮਜੀਤ ਸਿੰਘ ਨਿੱਕੇ ਘੁੰਮਣ

ਹੁਣ ਮੱਥੇ ਬਾਲ ਚਿਰਾਗ਼, ਮੋਮਬੱਤੀਆਂ ਕੀ ਕਰਨੈ ?
ਖ਼ੁਦ ਆਪ ਤਾਂ ਸੱਜਣਾ ਜਾਗ, ਮੋਮਬੱਤੀਆਂ ਕੀ ਕਰਨੈ ?
ਤੂੰ ਭੰਡੇਂ ਸਾਰੇ ਜਗ ਨੂੰ, ਲਾ ਲਾ ਊਜਾਂ ਵੇ
ਤੇਰੀ ਆਪਣੀ ਪਗੜੀ ਦਾਗ਼, ਮੋਮਬੱਤੀਆਂ ਕੀ ਕਰਨੈ ?
ਜਦ ਨਜ਼ਰੀਂ ਆਵੇ ਸੱਪ ਤਾਂ ਲੋਕੀਂ ਮਾਰਨ ਵੇ
ਜੇ ਵਿੱਚ ਸਿਆਸਤ ਨਾਗ, ਮੋਮਬੱਤੀਆਂ ਕੀ ਕਰਨੈ ?
ਹੁਣ ਹੋਏ ਗਵੱਈਏ ਬੇਸੁਰ, ਨਾਲੇ ਬੇਤਾਲੇ
ਕੋਈ ਗਾਉਂਦਾ ਨਹੀਉਂ ਰਾਗ, ਮੋਮਬੱਤੀਆਂ ਕੀ ਕਰਨੈ ?
ਹੈ ਉੱਪਰੋਂ ਲੈ ਕੇ ਹੇਠਾਂ ਤੀਕਰ ਖ਼ੁਦਗ਼ਰਜ਼ੀ
ਜਿਉਂ ਲੱਗੀ ਕੋਈ ਲਾਗ, ਮੋਮਬੱਤੀਆਂ ਕੀ ਕਰਨੈ ?
ਤੂੰ ਕਰਨੈ ਟੂਣੇ-ਟਾਮਣ, ਰੱਬ ਨੂੰ ਮੰਨੇ ਨਾ।
ਨਹੀਂ ਖੁੱਲ੍ਹਣੇ ਤੇਰੇ ਭਾਗ, ਮੋਮਬੱਤੀਆਂ ਕੀ ਕਰਨੈ ?
*****

## ਬੂਟੇ ਲਗਾਈਏ !

ਓਮਕਾਰ ਸੂਦ ਬਹੋਨਾ



ਆਓ ਰਲ ਮਿਲ ਬੂਟੇ ਲਗਾਈਏ।
ਰੁੱਖਾਂ ਦੇ ਹੀ ਨਗਮੇ ਗਾਈਏ।
ਰੁੱਖ ਤਾਂ ਠੰਢੀਆਂ ਛਾਵਾਂ ਦਿੰਦੇ,
ਛਾਵਾਂ ਅਤੇ ਦੁਆਵਾਂ ਦਿੰਦੇ,
ਰੁੱਖਾਂ ਦਾ ਵੀ ਮਾਣ ਵਧਾਈਏ-
ਆਓ ਰਲ ਮਿਲ ਬੂਟੇ ਲਗਾਈਏ।
ਹਵਾ ਨੂੰ ਉੱਜਲ ਕਰ ਦਿੰਦੇ ਨੇ,
ਨਾਲੇ ਮਿੱਠੇ ਫਲ ਦਿੰਦੇ ਨੇ,
ਇਨ੍ਹਾਂ ਦੇ ਨਾਲ ਪਿਆਰ ਵਧਾਈਏ-
ਆਓ ਰਲ ਮਿਲ ਬੂਟੇ ਲਗਾਈਏ।
ਇਹੇ ਤਾਂ ਹਰਿਆਲੀ ਦਿੰਦੇ,
ਨਾਲੇ ਇਹ ਖੁਸ਼ਹਾਲੀ ਦਿੰਦੇ,
ਇਨ੍ਹਾਂ ਦੇ ਸੰਗ ਖ਼ੁਸ਼ੀ ਮਨਾਈਏ-
ਆਓ ਰਲ ਮਿਲ ਬੂਟੇ ਲਗਾਈਏ।
ਸਾਡਾ ਜੀਵਨ ਇਹੀ ਬਚਾਉਂਦੇ,
ਸ਼ੁੱਧ ਹਵਾ ਸਾਨੂੰ ਪਹੁੰਚਾਉਂਦੇ,
ਇਨ੍ਹਾਂ ਤੋਂ ਬਲਿਹਾਰੇ ਜਾਈਏ-
ਆਓ ਰਲ ਮਿਲ ਬੂਟੇ ਲਗਾਈਏ।
ਬੂਟਿਆਂ ਨੂੰ ਅਸੀਂ ਲਗਾਉਣਾ,
ਰੋਜ਼ ਇਨ੍ਹਾਂ ਨੂੰ ਪਾਣੀ ਪਾਉਣਾ,
ਆਉ ਸੱਚੀ ਕਸਮ ਉਠਾਈਏ-
ਆਓ ਰਲ ਮਿਲ ਬੂਟੇ ਲਗਾਈਏ।
*******

## ਮੁਹੱਬਤਾਂ ਵਾਲੇ

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ

ਮੁਹੱਬਤਾਂ ਵਾਲੇ ਮੇਲਾ ਲੁੱਟ ਕੇ ਲੈ ਗਏ ਨੇ
ਹਾਰ ਕੇ ਵੀ ਉਹ ਦੁਨੀਆ ਜਿੱਤ ਕੇ ਬਹਿ ਗਏ ਨੇ
ਹੈਂਕੜ ਸਦਾ ਖ਼ੁਸ਼ੀਆਂ 'ਤੇ ਪੈਂਦੀ ਭਾਰੀ ਹੈ
ਸੌ ਟਕੇ ਦੀ ਗੱਲ ਸਿਆਣੇ ਕਹਿ ਗਏ ਨੇ
ਕਦੇ ਕਦੇ ਜਦ ਮਿਲਦੇ ਸੀ ਤਾਂ ਪਿਆਰ ਬੜਾ
ਨਿੱਤ ਮਿਲਕੇ ਤਾਂ ਕਮੀਆਂ ਕੱਢਣ ਬਹਿ ਗਏ ਨੇ
ਪਿਆਰ ਮੁਹੱਬਤ ਇਸ਼ਕ ਹਕੀਕੀ, ਦਾ ਜ਼ਮਾਨਾ ਬੀਤ ਗਿਆ
ਹੁਣ ਸਾਡੇ ਵਿੱਚ ਰਾਸ਼ਨ ਜਾਂ ਖਰਚੇ ਦੇ ਚਰਚੇ ਰਹਿ ਗਏ ਨੇ
ਇੱਕ ਗੱਲ ਹੋਰ ਮੇਰੇ ਦਿਲ ਨੂੰ ਡਾਢੀ ਚੁਭਦੀ ਹੈ
ਸਫ਼ਰਾਂ 'ਤੇ ਜਾਣਾ ਸੀ ਉਹ ਰਾਹ ਸੈਰਾਂ ਦੇ ਪੈ ਗਏ ਨੇ
ਚੱਲ ਜੋ ਤੂੰ ਸੀ ਚਾਹੁੰਦਾ, ਉਹ ਵੀ ਮੰਨ ਲਿਆ
ਬਦੋਬਦੀ ਹੁਣ ਕਿਸ ਲਈ ਦੂਰ ਜੇ ਹੋ ਗਏ ਨੇ
ਪੀਰਾਂ ਵਾਂਗ ਧਿਆਉਂਦੇ ਬਸ ਇੱਕ ਦੀਦ ਲਈ
ਉਹ ਚੰਦ ਈਦ ਦੇ ਵਾਂਗੂ ਦਰਸ਼ਨ ਦੇ ਗਏ ਨੇ
ਵਿਛੜੀਆਂ ਰੂਹਾਂ ਦੀ ਪੀੜ ਪੁਰਾਣੀ ਲੱਗਦੀ ਹੈ
ਦਿਲ ਮੇਰੇ ਦੇ ਜਜ਼ਬਾਤ ਜੋ ਆਪੇ ਵਹਿ ਗਏ ਨੇ
ਧਾਲੀਵਾਲ ਇਹ ਜ਼ਿੰਦਗੀ ਉਂਝ ਹਸੀਨ ਬੜੀ,
ਕਿਉਂ ਮਾਣਨ ਵਾਲੇ ਪਲਾਂ 'ਚ ਉਲਝ ਕੇ ਰਹਿ ਗਏ ਨੇ।

## ਫੋਨ ਤੇ ਡਰਾਈਵਿੰਗ

ਜਗਜੀਤ ਸਿੰਘ ਲੱਡਾ



ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।
ਦੱਸ ਕੀ ਬਣੂੰ ਫੇਰ ਜੇ ਮੂਹਰੇ ਆ ਗਿਆ ਕੋਈ।
ਸਾਰਾ ਟੱਬਰ ਹੈ ਬੈਠਾ ਤੇ ਵਿਆਹ 'ਤੇ ਚੱਲੇ,
ਅੱਜ-ਕੱਲ੍ਹ ਬੱਚੇ ਹੁੰਦੇ ਸਭਨਾਂ ਦੇ 'ਕੱਲੇ-'ਕੱਲੇ,
ਹੌਲੀ ਚੱਲੋ ! ਹੱਥ ਬੰਨ੍ਹ, ਸਭ ਕਰੀਏ ਅਰਜੋਈ।
ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।
ਕੁਝ ਦਿਮਾਗ਼ ਵਿੱਚੋਂ ਆਪ ਜੀ ਤੇਜ਼ੀ ਨੂੰ ਘਟਾਓ,
ਮਨ ਵਿੱਚ ਥੋੜ੍ਹੇ ਸਮੇਂ ਲਈ ਤੁਸੀਂ ਠੰਢ ਵਰਤਾਓ,
ਰੱਖੇ ਸਫ਼ਰ 'ਚ ਨਿਗ੍ਹਾ ਜੋ ਮੰਜ਼ਿਲ 'ਤੇ ਪਹੁੰਚੇ ਸੋਈ।
ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।
ਇੱਕ ਪਲ ਦੀ ਗ਼ਲਤੀ ਪੱਲੇ ਪਾ ਜਾਂਦੀ ਏ ਰੋਣਾ,
ਫੇਰ ਸਾਰੀ ਉਮਰ ਪਛਤਾ ਕੇ ਵੀ ਕੁਝ ਨਾ ਹੋਣਾ,
ਇਨ੍ਹਾਂ ਸੜਕਾਂ 'ਤੇ ਕਿਸੇ ਲੱਤ, ਬਾਂਹ, ਜਾਨ ਖੋਈ
ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।
ਜੇ ਮੰਨਣੀ ਨਹੀਂ ਗੱਲ ਸਾਨੂੰ ਬੱਸ 'ਤੇ ਚੜ੍ਹਾਓ,
ਫੇਰ ਤਾਂ 'ਲੱਡਾ' ਜੀ ਇਹ ਜਿੰਨੀ ਮਰਜ਼ੀ ਭਜਾਓ,
ਰਹੂ ਥੋਡੀ ਉਂਝ ਫ਼ਿਕਰ, ਸਾਡੀ ਰੂਹ ਜਾਊ ਰੋਈ।
ਇੱਕ ਫੋਨ ਕਰ ਰਹੇ ਹੋ ਦੂਜਾ ਕਾਰ ਛੱਡੀ ਹੋਈ।

## ਕੋਰੇ ਕਾਗਜ਼

ਗਗਨਦੀਪ ਕੌਰ

ਖ਼ੁਦ ਨੂੰ ਖ਼ੁਦਾ ਆਖ ਦੇਣਾ 'ਗਰ ਕਸੂਰ ਨਾ ਹੁੰਦਾ,
ਤਾਂ ਇਤਿਹਾਸ ਦੇ ਪੰਨਿਆਂ 'ਤੇ ਕੋਈ ਮਨਸੂਰ ਨਾ ਹੁੰਦਾ।
ਹਜ਼ਾਰਾਂ ਪੱਥਰਾਂ ਦੀ ਚੋਟ ਖਾ, ਕਸੀਸ ਨਾ ਵੱਟੀ,
ਜੇ ਫੁੱਲ ਦਾ ਦਰਦ ਨਾ ਮੰਨਦਾ, ਕਦੀ ਮਸ਼ਹੂਰ ਨਾ ਹੁੰਦਾ।
ਹਾਲੇ ਵੀ ਸੂਰਤ ਵਾਲੇ ਸੀਰਤਾਂ ਤੋਂ ਇੱਕ ਕਦਮ ਅੱਗੇ,
ਪਰਵਾਨਾ ਨਾ ਕਦੀ ਮਰਦਾ, ਸ਼ਮਾ 'ਤੇ ਨੂਰ ਨਾ ਹੁੰਦਾ।
ਉਹ ਤਾਂ ਮਰਦ ਬਣ ਬੈਠਾ ਤੇ ਪੈਰੀਂ ਪਾ ਤੁਰਿਆ ਮੈਨੂੰ,
ਜੇ ਹਿਰਦਾ ਟੋਹ ਲਿਆ ਹੁੰਦਾ, ਏਨਾ ਮਗਰੂਰ ਨਾ ਹੁੰਦਾ।
ਮੇਰੀ ਤਾਸੀਰ ਜਣਨੀ ਹੈ, ਮੈਂ ਸੂਰੇ, ਰਾਖ਼ਸ਼ ਨਈ ਵੇਂਹਦੀ,
ਮੇਰੀ ਪਰਛਾਈ ਜੇ ਲੈਂਦਾ ਕਦੀ ਕਰੂਰ ਨਾ ਹੁੰਦਾ।
ਕਿ ਸੱਸੀ-ਸੋਹਣੀ ਵਰਗੇ ਨਾਂ ਕੀਹਨੂੰ ਫਿਰ ਯਾਦ ਰਹਿਣੇ ਸੀ,
ਤਪਸ਼ ਜੇ ਠੰਢਕ ਨਾ ਦਿੰਦੀ, ਝਨਾਂ 'ਚ ਸਰੂਰ ਨਾ ਹੁੰਦਾ।
ਕਿ ਬਣ 'ਗੁੰਮਨਾਮ' ਬਸ ਕਾਗਜ਼ ਕਾਲੇ ਕਰ ਰਿਹੈ 'ਗਗਨ',
ਕਿਰਤੀ ਦੀ ਪੀੜ 'ਗਰ ਲਿਖਦਾ ਤੇਰਾ ਵੀ ਜ਼ਰੂਰ ਨਾਂ ਹੁੰਦਾ
*******

# ਭਾਰਤ ਬਣਿਆ ਨੌਂਵੀਂ ਵਾਰ ਏਸ਼ੀਆ ਕੱਪ ਚੈਂਪੀਅਨ

## ਫਾਈਨਲ ਵਿੱਚ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾਇਆ

ਦੁਬਈ/ਏ.ਟੀ.ਨਿਊਜ਼: ਇੱਥੇ ਭਾਰਤ ਨੇ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਏਸ਼ੀਆ ਕੱਪ ਜਿੱਤ ਲਿਆ ਹੈ। ਪਾਕਿਸਤਾਨ ਦੀ ਟੀਮ ਪਹਿਲਾਂ ਬੱਲੇਬਾਜ਼ੀ ਕਰਦਿਆਂ 19.1 ਓਵਰਾਂ ਵਿੱਚ 146 ਦੌੜਾਂ ਬਣਾ ਕੇ ਆਊਟ ਹੋ ਗਈ ਜਿਸ ਦੇ ਜਵਾਬ ਵਿੱਚ ਭਾਰਤ ਨੇ 19.4 ਓਵਰਾਂ ਵਿੱਚ ਪੰਜ ਵਿਕਟਾਂ ਦੇ ਨੁਕਸਾਨ ਨਾਲ 150 ਦੌੜਾਂ ਬਣਾ ਕੇ ਮੈਚ ਜਿੱਤ ਲਿਆ। ਭਾਰਤ ਵੱਲੋਂ ਤਿਲਕ ਵਰਮਾ ਨੇ ਸ਼ਾਨਦਾਰ ਪਾਰੀ ਖੇਡੀ। ਉਸ ਨੇ 53 ਗੇਂਦਾਂ ਵਿੱਚ ਨਾਬਾਦ 69 ਦੌੜਾਂ ਬਣਾਈਆਂ ਜਦਕਿ ਸੰਜੂ ਸੈਮਸਨ ਨੇ ਔਖੇ ਵੇਲੇ 21 ਗੇਂਦਾਂ ਵਿੱਚ 24 ਦੌੜਾਂ ਤੇ ਸ਼ਿਵਮ ਦੂਬੇ ਨੇ 22 ਗੇਂਦਾਂ ਵਿੱਚ 33 ਦੌੜਾਂ ਬਣਾਈਆਂ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਭਾਰਤ ਨੂੰ ਜਿੱਤ ਲਈ 147 ਦੌੜਾਂ ਦਾ ਟੀਚਾ ਦਿੱਤਾ ਸੀ। ਪਾਕਿਸਤਾਨ ਦੀ ਸਾਰੀ ਟੀਮ 19.1 ਓਵਰਾਂ ਵਿਚ 146 ਦੌੜਾਂ ਬਣਾ ਕੇ ਆਊਟ ਹੋ ਗਈ। ਪਾਕਿਸਤਾਨ ਦੇ ਸਲਾਮੀ ਬੱਲੇਬਾਜ਼ਾਂ ਸਾਹਿਬਜ਼ਾਦਾ ਫਰਹਾਨ ਤੇ ਫਖਰ ਜ਼ਮਾਨ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਸਈਮ ਅਯੂਬ ਨੇ 14 ਦੌੜਾਂ ਬਣਾਈਆਂ ਪਰ ਬਾਅਦ ਦਾ ਕੋਈ ਵੀ ਖਿਡਾਰੀ ਦੋ ਅੰਕਾਂ 'ਤੇ ਨਾ ਪੁੱਜ ਸਕਿਆ ਤੇ ਪਾਕਿਸਤਾਨ ਦੀ ਪੂਰੀ ਟੀਮ ਤਾਸ਼ ਦੇ ਪੱਤਿਆਂ ਵਾਂਗ ਬਿਖਰ ਗਈ। ਭਾਰਤੀ ਸਪਿੰਨਰ ਕੁਲਦੀਪ ਯਾਦਵ ਨੇ ਚਾਰ ਵਿਕਟਾਂ ਹਾਸਲ ਕੀਤੀਆਂ ਜਦਕਿ ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ ਤੇ ਵਰੁਣ ਚੱਕਰਵਰਤੀ ਨੇ ਦੋ-ਦੋ ਖਿਡਾਰੀਆਂ ਨੂੰ ਆਊਟ ਕੀਤਾ।

ਪਾਕਿਸਤਾਨ ਦੀਆਂ 147 ਦੌੜਾਂ ਦਾ ਪਿੱਛਾ ਕਰਦਿਆਂ ਭਾਰਤੀ ਪਾਰੀ ਦੀ ਸ਼ੁਰੂਆਤ ਵੀ ਖਰਾਬ ਰਹੀ। ਭਾਰਤ ਦੀ ਪਹਿਲੀ ਵਿਕਟ ਸੱਤ ਦੌੜਾਂ 'ਤੇ ਡਿੱਗੀ। ਭਾਰਤੀ ਸਲਾਮੀ ਬੱਲੇਬਾਜ਼ ਅਭਿਸ਼ੇਕ ਸ਼ਰਮਾ ਨੇ ਛੇ ਗੇਂਦਾਂ ਵਿੱਚ ਪੰਜ ਦੌੜਾਂ ਬਣਾਈਆਂ। ਉਸ ਨੂੰ ਅਸ਼ਰਫ ਦੀ ਗੇਂਦ 'ਤੇ ਹੈਰਿਸ ਨੇ ਕੈਚ ਆਊਟ ਕੀਤਾ। ਇਸ ਤੋਂ ਬਾਅਦ ਭਾਰਤੀ ਕਪਤਾਨ ਸੂਰਿਆ ਕੁਮਾਰ ਯਾਦਵ ਵੀ ਪੰਜ ਗੇਂਦਾਂ ਵਿੱਚ ਇੱਕ ਦੌੜ ਬਣਾ ਕੇ ਆਊਟ ਹੋ ਗਿਆ। ਉਸ ਨੂੰ ਸ਼ਾਹੀਨ ਅਫਰੀਦੀ ਦੀ ਗੇਂਦ 'ਤੇ ਸਲਮਾਨ ਆਗ਼ੂ ਨੇ ਕੈਚ ਆਊਟ ਕੀਤਾ। ਇਸ ਤੋਂ ਬਾਅਦ ਸ਼ੁਭਮਨ ਗਿੱਲ ਵੀ 12 ਦੌੜਾਂ ਬਣਾ ਕੇ ਆਊਟ ਹੋ ਗਿਆ। ਇਸ ਤੋਂ ਬਾਅਦ ਸ਼ਿਵਮ ਦੂਬੇ 33 ਦੌੜਾਂ ਬਣਾ ਕੇ ਆਊਟ ਹੋਇਆ।

ਇਸ ਤੋਂ ਪਹਿਲਾਂ ਭਾਰਤ ਨੇ ਪਾਕਿਸਤਾਨ ਖ਼ਿਲਾਫ਼ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਹੈ। ਪਾਕਿਸਤਾਨ ਨੇ ਪਹਿਲਾਂ ਬੱਲਬਾਜ਼ੀ ਕਰਦਿਆਂ ਸ਼ੁਰੂਆਤੀ ਓਵਰਾਂ ਵਿਚ ਤੇਜ਼ੀ ਨਾਲ ਦੌੜਾਂ ਬਣਾਈਆਂ। ਪਾਕਿਸਤਾਨ ਦੀ ਪਹਿਲੀ ਵਿਕਟ ਸਲਾਮੀ ਬੱਲੇਬਾਜ਼ ਸਾਹਿਬਜ਼ਾਦਾ ਫਰਹਾਨ ਵਜੋਂ ਡਿੱਗੀ। ਉਸ ਨੇ 38 ਗੇਂਦਾਂ ਵਿੱਚ 57 ਦੌੜਾਂ ਬਣਾਈਆਂ। ਉਸ ਨੂੰ ਵਰੁਣ ਚੱਕਰਵਰਤੀ ਦੀ ਗੇਂਦ 'ਤੇ ਤਿਲਕ ਵਰਮਾ ਨੇ ਕੈਚ ਆਊਟ ਕੀਤਾ।

ਪਾਕਿਸਤਾਨ ਦੀ ਦੂਜੀ ਵਿਕਟ ਸਈਮ ਅਯੂਬ ਵਜੋਂ ਡਿੱਗੀ। ਉਸ ਨੂੰ ਕੁਲਦੀਪ ਯਾਦਵ ਦੀ ਗੇਂਦ 'ਤੇ ਜਸਪ੍ਰੀਤ ਬੁਮਰਾਹ ਨੇ ਕੈਚ ਆਊਟ ਕੀਤਾ। ਉਸ ਨੇ 14 ਦੌੜਾਂ ਬਣਾਈਆਂ। ਇਸ ਤੋਂ ਬਾਅਦ ਪਾਕਿਸਤਾਨ ਦਾ ਹੈਰਿਸ ਬਿਨਾਂ ਕੋਈ ਦੌੜ ਬਣਾਏ ਆਊਟ ਹੋ ਗਿਆ। ਪਾਕਿਸਤਾਨ ਦਾ ਸਲਾਮੀ ਬੱਲੇਬਾਜ਼ ਫਖਰ ਜ਼ਮਾਨ ਵੀ ਆਊਟ ਹੋ ਗਿਆ। ਉਸ ਨੇ 35 ਗੇਂਦਾਂ ਵਿੱਚ 46 ਦੌੜਾਂ ਬਣਾਈਆਂ। ਉਸ ਨੂੰ ਵਰੁਣ ਚੱਕਰਵਰਤੀ ਦੀ ਗੇਂਦ 'ਤੇ ਕੁਲਦੀਪ ਯਾਦਵ ਨੇ ਕੈਚ ਆਊਟ ਕੀਤਾ। ਇਸ ਤੋਂ ਬਾਅਦ ਪਾਕਿਸਤਾਨ ਖਿਡਾਰੀ ਜਲਦੀ ਜਲਦੀ ਆਊਟ ਹੁੰਦੇ ਗਏ ਤੇ ਸਾਰੀ ਟੀਮ 146 ਦੌੜਾਂ 'ਤੇ ਆਊਟ ਹੋ ਗਈ।





### ਭਾਰਤੀ ਟੀਮ ਲਈ 21 ਕਰੋੜ ਦੇ ਪੁਰਸਕਾਰ ਦਾ ਐਲਾਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਕ੍ਰਿਕਟ ਬੋਰਡ ਏਸ਼ੀਆ ਕੱਪ ਜਿੱਤਣ ਵਾਲੀ ਭਾਰਤੀ ਕ੍ਰਿਕਟ ਟੀਮ ਤੇ ਸਹਿਯੋਗੀ ਸਟਾਫ਼ ਨੂੰ 21 ਕਰੋੜ ਰੁਪਏ ਦਾ ਪੁਰਸਕਾਰ ਦੇਵੇਗਾ। ਦੁਬਈ ਵਿੱਚ ਏਸ਼ੀਆ ਕੱਪ ਦੇ ਖਿਤਾਬੀ ਮੁਕਾਬਲੇ ਵਿੱਚ ਪਾਕਿਸਤਾਨ ਉੱਤੇ ਭਾਰਤ ਦੀ ਜਿੱਤ ਤੋਂ ਬਾਅਦ ਬੋਰਡ ਨੇ ਆਪਣੇ ਵੱਖ-ਵੱਖ ਸੋਸ਼ਲ ਮੀਡੀਆ ਪੇਜਾਂ 'ਤੇ ਇਹ ਐਲਾਨ ਕੀਤਾ।ਪਾਕਿਸਤਾਨ ਉੱਤੇ ਜਿੱਤ ਦੀ ਹੈਟ੍ਰਿਕ ਦਾ ਹਵਾਲਾ ਦਿੰਦੇ ਹੋਏ, ਬੋਰਡ ਨੇ ਲਿਖਿਆ, "ਤਿੰਨ ਝਟਕੇ, ਜ਼ੀਰੋ ਜਵਾਬ। ਏਸ਼ੀਆ ਕੱਪ ਚੈਂਪੀਅਨ। ਸੁਨੇਹਾ ਭੇਜਿਆ ਗਿਆ ਹੈ। ਟੀਮ ਅਤੇ ਸਹਾਇਕ ਸਟਾਫ ਲਈ 21 ਕਰੋੜ ਦਾ ਇਨਾਮ।" ਬੋਰਡ ਨੇ ਹਾਲਾਂਕਿ ਇਹ ਨਹੀਂ ਦੱਸਿਆ ਕਿ ਕਿਸ ਨੂੰ ਕਿੰਨੀ ਪੁਰਸਕਾਰ ਰਾਸ਼ੀ ਮਿਲੇਗੀ।

ਬੋਰਡ ਦੇ ਉਪ-ਪ੍ਰਧਾਨ ਰਾਜੀਵ ਸ਼ੁਕਲਾ ਨੇ ਪੋਸਟ ਕੀਤਾ, "ਏਸ਼ੀਆ ਵਿੱਚ ਅਜੇਤੂ ਚੈਂਪੀਅਨ। ਪਾਕਿਸਤਾਨ ਵਿਰੁੱਧ ਜਿੱਤ ਅਤੇ 3-0 ਨਾਲ ਜਿੱਤ ਲਈ ਟੀਮ ਇੰਡੀਆ ਨੂੰ ਵਧਾਈਆਂ। ਤਿਲਕ ਵਰਮਾ ਅਤੇ ਕੁਲਦੀਪ ਯਾਦਵ ਦੁਆਰਾ ਸ਼ਾਨਦਾਰ ਪ੍ਰਦਰਸ਼ਨ। ਦਬਾਅ ਹੇਠ ਸ਼ਾਨਦਾਰ ਪ੍ਰਦਰਸ਼ਨ।"

## ਭਾਰਤੀ ਟੀਮ ਨੇ ਨਕਵੀ ਹੱਥੋਂ ਟਰਾਫੀ ਲੈਣ ਤੋਂ ਕੀਤਾ ਇਨਕਾਰ



ਏਸ਼ਿਆਈ ਕ੍ਰਿਕਟ ਕੌਂਸਲ ਦੇ ਚੇਅਰਮੈਨ ਮੋਹਸਿਨ ਨਕਵੀ, ਜੋ ਪਾਕਿਸਤਾਨ ਦੇ ਗ੍ਰਹਿ ਮੰਤਰੀ ਵੀ ਹਨ, ਨੇ ਭਾਰਤੀ ਟੀਮ ਵੱਲੋਂ ਉਨ੍ਹਾਂ ਕੋਲੋਂ ਟਰਾਫ਼ੀ ਲੈਣ ਤੋਂ ਇਨਕਾਰ ਕੀਤੇ ਜਾਣ ਮਗਰੋਂ ਭਾਰਤੀ ਟੀਮ ਨੂੰ ਏਸ਼ੀਆ ਕੱਪ ਟਰਾਫੀ ਦੇਣ ਤੋਂ ਹੀ ਇਨਕਾਰ ਕਰ ਦਿੱਤਾ। ਨਕਵੀ ਪੋਡੀਅਮ ਤੋਂ ਹੇਠਾਂ ਉਤਰਿਆ ਤੇ ਐਗਜ਼ਿਟ ਗੇਟ ਵੱਲ ਵਧਿਆ ਤਾਂ ਏ.ਸੀ.ਸੀ. ਦਾ ਸਟਾਫ਼ ਏਸ਼ੀਆ ਕੱਪ ਦੀ ਟਰਾਫ਼ੀ ਆਪਣੇ ਨਾਲ ਹੀ ਲੈ ਗਿਆ। ਉਧਰ ਬੀ.ਸੀ.ਸੀ.ਆਈ ਨੇ ਨਕਵੀ ਖਿਲਾਫ਼ ਕਾਰਵਾਈ ਦਾ ਇਸ਼ਾਰਾ ਕੀਤਾ ਹੈ।

ਭਾਰਤ ਵੱਲੋਂ ਐਤਵਾਰ ਰਾਤੀਂ ਖੇਡੇ ਰੋਮਾਂਚਕ ਫਾਈਨਲ ਮੁਕਾਬਲੇ ਵਿੱਚ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾਉਣ ਮਗਰੋਂ ਦੁਬਈ ਦੇ ਕੌਮਾਂਤਰੀ ਕ੍ਰਿਕਟ ਸਟੇਡੀਅਮ ਵਿਚ ਕਰੀਬ ਡੇਢ ਘੰਟੇ ਤੱਕ ਡਰਾਮਾ ਚੱਲਦਾ ਰਿਹਾ। ਹਾਲਾਂਕਿ ਕ੍ਰਿਕਟ ਦੇ ਇਸ ਧਮਾਕੇਦਾਰ ਮੈਚ ਮਗਰੋਂ ਜੋ ਕੁਝ ਹੋਇਆ ਉਸ ਨੇ 22 ਗਜ਼ ਦੀ ਕਰੀਜ਼ 'ਤੇ ਹੋਏ ਪ੍ਰਦਰਸ਼ਨ ਉੱਤੇ ਪਾਣੀ ਫੇਰ ਕੇ ਰੱਖ ਦਿੱਤਾ। ਮੈਚ ਜਿੱਤਣ ਮਗਰੋਂ ਭਾਰਤੀ ਖਿਡਾਰੀ ਜਲਦੀ ਹੀ ਮੈਦਾਨ 'ਤੇ ਉਤਰ ਆਏ, ਕੁਝ ਆਪਣੇ ਪਰਿਵਾਰਾਂ ਨਾਲ ਸਨ। ਕਪਤਾਨ ਸੂਰਿਆਕੁਮਾਰ ਯਾਦਵ ਦੀ ਪਤਨੀ ਦੇਵੀਸ਼ਾ, ਮੁੱਖ ਕੋਚ ਗੌਤਮ ਗੰਭੀਰ ਦੀ ਪਤਨੀ ਅਤੇ ਧੀਆਂ ਮੈਦਾਨ 'ਤੇ ਮੌਜੂਦ ਸਨ ਅਤੇ ਹਰ ਕੋਈ ਪੂਰੇ ਜੋਸ਼ ਵਿੱਚ ਸੀ।

ਮੈੱਨ ਇਨ ਬਲੂ (ਭਾਰਤੀ ਟੀਮ) ਜਿੱਥੋਂ ਇਕੱਠੇ ਹੋਏ ਸਨ, ਉਸ ਤੋਂ ਠੀਕ 20-25 ਗਜ਼ ਦੀ ਦੂਰੀ 'ਤੇ, ਏ.ਸੀ.ਸੀ. ਅਤੇ ਪਾਕਿਸਤਾਨ ਕ੍ਰਿਕਟ ਬੋਰਡ ਦੇ ਚੇਅਰਮੈਨ ਮੋਹਸਿਨ ਨਕਵੀ ਆਪਣੀ ਟੀਮ ਨਾਲ ਖੜ੍ਹੇ ਸਨ। ਪਤਾ ਲੱਗਾ ਹੈ ਕਿ ਬੀ.ਸੀ.ਸੀ.ਆਈ. ਨੇ ਆਪਣੇ ਏ.ਸੀ.ਸੀ. ਪੁਆਇੰਟ-ਪਰਸਨ ਨੂੰ ਸੂਚਿਤ ਕੀਤਾ ਸੀ ਕਿ ਟੀਮ ਨਕਵੀ ਤੋਂ ਟਰਾਫ਼ੀ ਨਹੀਂ ਲਏਗੀ, ਕਿਉਂਕਿ ਨਕਵੀ ਦਾ ਭਾਰਤ ਵਿਰੋਧੀ ਰੁਖ਼ ਕਿਸੇ ਤੋਂ ਲੁਕਿਆ ਨਹੀਂ ਹੈ।ਨਕਵੀ ਨੇ ਕ੍ਰਿਸਟਿਆਨੋ ਰੋਨਾਲਡੋ ਦੇ ਜਹਾਜ਼ ਹਾਦਸੇ ਤੋਂ ਬਾਅਦ ਜਸ਼ਨ ਮਨਾਉਣ ਵਾਲੇ ਅੰਦਾਜ਼ ਦੇ ਕੁਝ ਰਹੱਸਮਈ ਵੀਡੀਓ ਪੋਸਟ ਕੀਤੇ ਸਨ, ਜੋ ਪਾਕਿਸਤਾਨ ਦੇ ਉਸ ਦਾਅਵੇ ਦਾ ਸੰਦਰਭ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ 'ਅਪਰੇਸ਼ਨ ਸਿੰਧੂਰ' ਦੌਰਾਨ 6 ਭਾਰਤੀ ਜਹਾਜ਼ ਡੇਗੇ ਗਏ ਸਨ। ਪਾਕਿਸਤਾਨ ਦੀ ਉਸ ਮੰਗ ਪਿੱਛੇ ਵੀ ਨਕਵੀ ਦਾ ਹੱਥ ਸੀ ਜਿਸ ਵਿੱਚ ਆਈ.ਸੀ.ਸੀ. ਤੋਂ ਸੂਰਿਆਕੁਮਾਰ ਉੱਤੇ ਭਾਰਤੀ ਫ਼ੌਜ ਦਾ ਸਾਥ ਦੇਣ ਤੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਨਾਲ ਇਕਜੁਟਤਾ ਦਿਖਾਉਣ ਲਈ ਲੈਵਲ 4 ਦਾ ਦੋਸ਼ ਲਗਾਉਣ ਦੀ ਮੰਗ ਕੀਤੀ ਗਈ ਸੀ। ਭਾਰਤੀ ਟੀਮ ਨੇ ਟੂਰਨਾਮੈਂਟ ਦੌਰਾਨ ਪਾਕਿਸਤਾਨ ਨਾਲ 'ਹੱਥ ਨਾ ਮਿਲਾਉਣ' ਦੀ ਨੀਤੀ ਵੀ ਅਪਣਾਈ ਸੀ।

ਇੱਕ ਘੰਟੇ ਦੀ ਦੇਰੀ ਨਾਲ ਸ਼ੁਰੂ ਹੋਏ ਪੁਰਸਕਾਰ ਵੰਡ ਸਮਾਗਮ ਲਈ ਮੈਦਾਨ 'ਤੇ ਕੋਈ ਵੀ ਪਾਕਿਸਤਾਨੀ ਖਿਡਾਰੀ ਮੌਜੂਦ ਨਹੀਂ ਸੀ। ਇਹ ਵੀ ਪਤਾ ਲੱਗਾ ਹੈ ਕਿ ਭਾਰਤੀ ਟੀਮ ਨਕਵੀ ਤੋਂ ਇਲਾਵਾ ਪੋਡੀਅਮ 'ਤੇ ਮੌਜੂਦ ਪਤਵੰਤਿਆਂ ਵਿੱਚੋਂ ਕਿਸੇ ਹੋਰ ਤੋਂ ਟਰਾਫੀ ਲੈਣ ਲਈ ਤਿਆਰ ਸੀ। ਹਾਲਾਂਕਿ ਬੀ.ਸੀ.ਸੀ.ਆਈ. ਦੇ ਸਪਸ਼ਟ ਰੁਖ਼ ਦੇ ਬਾਵਜੂਦ ਭਾਰਤੀ ਖਿਡਾਰੀ ਨਕਵੀ ਦੀ ਮੌਜੂਦਗੀ ਵਿੱਚ ਪੋਡੀਅਮ 'ਤੇ ਨਹੀਂ ਜਾਣਾ ਚਾਹੁੰਦੇ ਸਨ, ਪਰ ਪੀ.ਸੀ.ਬੀ. ਮੁਖੀ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ।

ਬੀ.ਸੀ.ਸੀ.ਆਈ. ਦੇ ਇੱਕ ਸੀਨੀਅਰ ਅਧਿਕਾਰੀ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਇਸ ਖ਼ਬਰ ਏਜੰਸੀ ਨੂੰ ਦੱਸਿਆ, "ਜੇਕਰ ਨਕਵੀ ਨੇ ਜ਼ਬਰਦਸਤੀ ਟਰਾਫ਼ੀ ਸੌਂਪਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਬੀ.ਸੀ.ਸੀ.ਆਈ. ਅਧਿਕਾਰਤ ਤੌਰ 'ਤੇ ਵਿਰੋਧ ਦਰਜ ਕਰਵਾਉਂਦਾ।" ਇਸ ਖਿੱਚੋਤਾਣ ਦਰਮਿਆਨ ਪੋਸਟ ਮੈਚ ਪ੍ਰੈਜ਼ੈਂਟਰ ਸਾਈਮਨ ਡੌਲ ਨੇ ਖਿਡਾਰੀਆਂ ਨੂੰ ਸਿਰਫ਼ ਵਿਅਕਤੀਗਤ ਇਨਾਮ ਦੇਣ ਦਾ ਐਲਾਨ ਕੀਤਾ ਕਿਉਂਕਿ ਇਹ ਟੂਰਨਾਮੈਂਟ ਦੇ ਨਿਵੇਸ਼ਕਾਂ ਤੇ ਹੋਰ ਭਾਈਵਾਲਾਂ ਦੇ ਹਿੱਤਾਂ ਲਈ ਜ਼ਰੂਰੀ ਹੈ।

ਵਿਅਕਤੀਗਤ ਪੁਰਸਕਾਰ ਦਿੱਤੇ ਜਾਣ ਮਗਰੋਂ ਪਾਕਿਸਤਾਨ ਦੀ ਟੀਮ ਨੇ ਆਪਣਾ ਪੁਰਸਕਾਰ ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਪ੍ਰਧਾਨ ਅਮੀਨੁਲ ਇਸਲਾਮ ਬੁਲਬੁਲ ਕੋਲੋਂ ਲਿਆ। ਇਸ ਮਗਰੋਂ ਡੌਲ ਨੇ ਐਲਾਨ ਕੀਤਾ: 'ਮੈਨੂੰ ਏਸ਼ਿਆਈ ਕ੍ਰਿਕਟ ਕੌਂਸਲ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਭਾਰਤੀ ਕ੍ਰਿਕਟ ਟੀਮ ਅੱਜ ਰਾਤ ਆਪਣੇ ਪੁਰਸਕਾਰ ਨਹੀਂ ਲਵੇਗੀ। ਇਸ ਲਈ ਮੈਚ ਤੋਂ ਬਾਅਦ ਦੀ ਪੇਸ਼ਕਾਰੀ ਇਥੇ ਸਮਾਪਤ ਹੁੰਦੀ ਹੈ।"

# ਮੇਰੀ ਅਸਲ ਟਰਾਫ਼ੀ ਮੇਰੀ ਟੀਮ: ਸੂਰਿਆਕੁਮਾਰ

ਦੁਬਈ/ਏ.ਟੀ.ਨਿਊਜ਼: ਏਸ਼ਿਆਈ ਕ੍ਰਿਕਟ ਕੌਂਸਲ ਦੇ ਪ੍ਰਧਾਨ ਅਤੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਕੋਲੋਂ ਟਰਾਫੀ ਲੈਣ ਤੋਂ ਇਨਕਾਰ ਮਗਰੋਂ ਭਾਰਤੀ ਟੀਮ ਨੂੰ ਏਸ਼ੀਆ ਕੱਪ ਦੀ ਟਰਾਫ਼ੀ ਨਾ ਦਿੱਤੇ ਜਾਣ ਤੋਂ ਬਾਅਦ ਕਪਤਾਨ ਸੂਰਿਆਕੁਮਾਰ ਯਾਦਵ ਨੇ ਕਿਹਾ ਕਿ ਜੇਤੂ ਟੀਮ ਨੂੰ ਯਾਦ ਰੱਖਿਆ ਜਾਂਦਾ ਹੈ, ਟਰਾਫੀ ਨੂੰ ਨਹੀਂ।

ਐਤਵਾਰ ਨੂੰ ਏਸ਼ੀਆ ਕੱਪ ਦੇ ਫਾਈਨਲ ਵਿੱਚ ਭਾਰਤੀ ਟੀਮ ਨੇ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾਇਆ। ਪਹਿਲਗਾਮ ਦਹਿਸ਼ਤੀ ਹਮਲੇ ਅਤੇ ਉਸ ਤੋਂ ਬਾਅਦ ਜਵਾਬੀ ਕਾਰਵਾਈ ਵਜੋਂ ਭਾਰਤ ਸਰਕਾਰ ਦੇ 'ਆਪ੍ਰੇਸ਼ਨ ਸਿੰਧੂਰ' ਦੇ ਪਿਛੋਕੜ ਵਿੱਚ ਪੂਰੇ ਟੂਰਨਾਮੈਂਟ ਦੌਰਾਨ ਦੋਵਾਂ ਟੀਮਾਂ ਵਿਚਕਾਰ ਤਣਾਅ ਬਣਿਆ ਰਿਹਾ।

ਸੂਰਿਆਕੁਮਾਰ ਨੇ ਮੈਚ ਤੋਂ ਬਾਅਦ ਪ੍ਰੈੱਸ ਕਾਨਫਰੰਸ ਵਿੱਚ ਕਿਹਾ, "ਮੈਂ ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ ਕਿ ਜੇਤੂ ਟੀਮ ਨੂੰ ਟਰਾਫ਼ੀ ਨਾ ਦਿੱਤੀ ਗਈ ਹੋਵੇ। ਪਰ ਮੇਰੇ ਲਈ ਮੇਰੇ ਖਿਡਾਰੀ ਤੇ ਸਹਿਯੋਗੀ ਸਟਾਫ਼ ਹੀ ਅਸਲ ਟਰਾਫੀ ਹਨ।" ਭਾਰਤੀ ਟੀਮ ਨੇ ਪੂਰੇ ਟੂਰਨਾਮੈਂਟ ਦੌਰਾਨ ਪਾਕਿਸਤਾਨੀ ਖਿਡਾਰੀਆਂ ਨਾਲ ਹੱਥ ਨਹੀਂ ਮਿਲਾਇਆ। ਭਾਰਤ ਨੇ ਟੂਰਨਾਮੈਂਟ ਵਿੱਚ ਪਾਕਿਸਤਾਨ ਵਿਰੁੱਧ ਤਿੰਨ ਮੈਚ ਖੇਡੇ ਅਤੇ ਤਿੰਨੋਂ ਜਿੱਤੇ।




ਸੂਰਿਆਕੁਮਾਰ ਨੇ ਮਗਰੋਂ ਆਪਣੇ ਇੰਸਟਾਗ੍ਰਾਮ 'ਤੇ ਲਿਖਿਆ, "ਮੈਚ ਖਤਮ ਹੋਣ ਤੋਂ ਬਾਅਦ, ਸਿਰਫ ਚੈਂਪੀਅਨ ਯਾਦ ਆਉਂਦੇ ਹਨ, ਟਰਾਫੀ ਦੀ ਤਸਵੀਰ ਨਹੀਂ।" ਟੀਮ ਵੱਲੋਂ ਨਕਵੀ ਤੋਂ ਟਰਾਫੀ ਲੈਣ ਤੋਂ ਇਨਕਾਰ ਕਰਨ ਬਾਰੇ ਉਨ੍ਹਾਂ ਕਿਹਾ, "ਅਸੀਂ ਇਹ ਫੈਸਲਾ ਮੈਦਾਨ 'ਤੇ ਲਿਆ। ਕਿਸੇ ਨੇ ਸਾਨੂੰ ਅਜਿਹਾ ਕਰਨ ਲਈ ਨਹੀਂ ਕਿਹਾ।"

ਭਾਰਤੀ ਕਪਤਾਨ ਸੂਰਿਆਕੁਮਾਰ ਯਾਦਵ ਨੇ ਐਲਾਨ ਕੀਤਾ ਹੈ ਕਿ ਉਹ ਏਸ਼ੀਆ ਕੱਪ ਤੋਂ ਮਿਲਣ ਵਾਲੀ ਆਪਣੀ ਪੂਰੀ ਮੈਚ ਫੀਸ ਦੇਸ਼ ਦੀਆਂ ਹਥਿਆਰਬੰਦ ਫੌਜਾਂ ਅਤੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਨੂੰ ਦਾਨ ਕਰੇਗਾ।

ਸੂਰਿਆਕੁਮਾਰ ਨੇ ਐਕਸ 'ਤੇ ਇੱਕ ਪੋਸਟ ਵਿਚ ਕਿਹਾ, "ਮੈਂ ਇਸ ਟੂਰਨਾਮੈਂਟ ਤੋਂ ਆਪਣੀ ਮੈਚ ਫੀਸ ਸਾਡੀਆਂ ਹਥਿਆਰਬੰਦ ਫ਼ੌਜਾਂ ਅਤੇ ਪਹਿਲਗਾਮ ਦਹਿਸ਼ਤੀ ਹਮਲੇ ਦੇ ਪੀੜਤਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਦਾਨ ਕਰਨ ਦਾ ਫੈਸਲਾ ਕੀਤਾ ਹੈ। ਤੁਸੀਂ ਹਮੇਸ਼ਾ ਮੇਰੇ ਵਿਚਾਰਾਂ ਵਿੱਚ ਰਹੋਗੇ। ਜੈ ਹਿੰਦ।" ਭਾਰਤੀ ਖਿਡਾਰੀ ਟੀ-20 ਫਾਰਮੈਟ ਵਿੱਚ ਪ੍ਰਤੀ ਮੈਚ 4 ਲੱਖ ਰੁਪਏ ਦੇ ਹੱਕਦਾਰ ਹਨ, ਜਿਸ ਦਾ ਮਤਲਬ ਹੈ ਕਿ ਸੂਰਿਆਕੁਮਾਰ ਵੱਲੋਂ ਮਹਾਂਦੀਪੀ ਟੂਰਨਾਮੈਂਟ ਵਿੱਚ ਖੇਡੇ ਗਏ ਸੱਤ ਮੈਚਾਂ ਲਈ ਕੁੱਲ 28 ਲੱਖ ਰੁਪਏ ਦਾਨ ਕੀਤੇ ਜਾਣਗੇ।



# ਟਰੰਪ ਦਾ ਟੈਰਿਫ਼ ਬੰਬ
## ਵਿਦੇਸ਼ੀ ਫ਼ਿਲਮਾਂ ’ਤੇ 100 ਫ਼ੀਸਦੀ ਟੈਕਸ ਦੀ ਧਮਕੀ
## ਹਾਲੀਵੁੱਡ ’ਤੇ ਛਾਏਗਾ ਸੰਕਟ, ਬਾਲੀਵੁੱਡ ਨੂੰ ਵੀ ਲੱਗੇਗਾ ਝਟਕਾ

ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫ਼ਾਰਮ ਟਰੂਥ ਸੋਸ਼ਲ ’ਤੇ ਇੱਕ ਵੱਡਾ ਐਲਾਨ ਕਰਦਿਆਂ ਕਿਹਾ ਸੀ ਕਿ ਉਹ ਸੰਯੁਕਤ ਰਾਜ ਤੋਂ ਬਾਹਰ ਬਣੀਆਂ ਹਰ ਤਰ੍ਹਾਂ ਦੀਆਂ ਫ਼ਿਲਮਾਂ ’ਤੇ 100 ਫ਼ੀਸਦੀ ਟੈਰਿਫ਼ ਲਗਾਉਣਗੇ। ਇਸ ਨਾਲ ਨਾ ਸਿਰਫ਼ ਹਾਲੀਵੁੱਡ ਨੂੰ ਝਟਕਾ ਲੱਗੇਗਾ, ਸਗੋਂ ਭਾਰਤੀ ਬਾਲੀਵੁੱਡ ਵਰਗੇ ਉਦਯੋਗਾਂ ਨੂੰ ਵੀ ਨੁਕਸਾਨ ਹੋਣ ਦਾ ਡਰ ਹੈ। ਟਰੰਪ ਨੇ ਇਸ ਨੂੰ ਅਮਰੀਕੀ ਫ਼ਿਲਮ ਨਿਰਮਾਣ ਨੂੰ ਵਾਪਸ ਲਿਆਉਣ ਵਾਲੀ ਕਾਰਵਾਈ ਦੱਸਿਆ ਹੈ, ਪਰ ਇਹ ਫ਼ੈਸਲਾ ਵਿਸ਼ਵ ਵਪਾਰ ਨੂੰ ਹੋਰ ਵਿਗਾੜ ਸਕਦਾ ਹੈ।

ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, ‘ਅਮਰੀਕਾ ਦਾ ਫ਼ਿਲਮ ਨਿਰਮਾਣ ਕਾਰੋਬਾਰ ਹੋਰ ਦੇਸ਼ਾਂ ਨੇ ਚੋਰੀ ਕਰ ਲਿਆ ਹੈ। ਕੈਲੀਫ਼ੋਰਨੀਆ, ਜਿੱਥੇ ਗਵਰਨਰ ਗੈਵਿਨ ਨਿਊਸਮ ਵਰਗੇ ਕਮਜ਼ੋਰ ਆਗੂ ਕਾਰਨ ਇਹ ਸਭ ਹੋਇਆ, ਨੂੰ ਵਿਸ਼ੇਸ਼ ਤੌਰ ਤੇ ਨੁਕਸਾਨ ਹੋਇਆ ਹੈ। ਇਸ ਲੰਮੇ ਸਮੇਂ ਨੂੰ ਹੱਲ ਕਰਨ ਲਈ, ਮੈਂ ਸੰਯੁਕਤ ਰਾਜ ਤੋਂ ਬਾਹਰ ਬਣੀਆਂ ਹਰ ਫ਼ਿਲਮ ਤੇ 100 ਫ਼ੀਸਦੀ ਟੈਰਿਫ਼ ਲਗਾਵਾਂਗਾ।’ ਇਹ ਐਲਾਨ ਮਈ ਵਿੱਚ ਵੀ ਕੀਤਾ ਗਿਆ ਸੀ, ਪਰ ਹੁਣ ਇਸ ਨੂੰ ਅਮਲ ਵਿੱਚ ਲਿਆਉਣ ਦਾ ਸੰਕੇਤ ਦਿੱਤਾ ਗਿਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਵੇਰਵੇ ਜਲਦੀ ਸਾਂਝੇ ਕੀਤੇ ਜਾਣਗੇ, ਪਰ ਅਜੇ ਤੱਕ ਇਹ ਸਪੱਸ਼ਟ ਨਹੀਂ ਕਿ ਇਹ ਟੈਰਿਫ਼ ਡਿਜੀਟਲ ਸਟ੍ਰੀਮਿੰਗ ਤੇ ਵੀ ਲੱਗੇਗਾ ਜਾਂ ਨਹੀਂ।

ਇਸ ਤੋਂ ਪਹਿਲਾਂ ਹੀ ਹਾਲੀਵੁੱਡ ਸੰਕਟ ਵਿੱਚ ਘਿਰਿਆ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿੱਚ ਨੈੱਟਫ਼ਲਿਕਸ ਵਰਗੇ ਸਟ੍ਰੀਮਿੰਗ ਪਲੇਟਫ਼ਾਰਮਾਂ ਨੇ ਦਰਸ਼ਕਾਂ ਨੂੰ ਸਿਨੇਮਾ ਘਰਾਂ ਤੋਂ ਦੂਰ ਕਰ ਦਿੱਤਾ ਹੈ, ਜਿਸ ਨਾਲ ਬਾਕਸ ਆਫ਼ਿਸ ਕਲੈਕਸ਼ਨ ਵਿੱਚ 30 ਫ਼ੀਸਦੀ ਤੋਂ ਵੱਧ ਗਿਰਾਵਟ ਆਈ ਹੈ। 2023 ਅਤੇ 2024 ਵਿੱਚ ਰਾਈਟਰਜ਼ ਗਿਲਡ ਅਤੇ ਐਕਟਰਜ਼ ਯੂਨੀਅਨ ਦੀਆਂ ਹੜਤਾਲਾਂ ਨੇ ਉਦਯੋਗ ਨੂੰ 5 ਬਿਲੀਅਨ ਡਾਲਰ ਦਾ ਨੁਕਸਾਨ ਪਹੁੰਚਾਇਆ। ਰਿਪੋਰਟਾਂ ਮੁਤਾਬਕ, ਹੜਤਾਲ ਕਾਰਨ ਗੁਆਚੀਆਂ ਹਜ਼ਾਰਾਂ ਨੌਕਰੀਆਂ ਅਜੇ ਤੱਕ ਵਾਪਸ ਨਹੀਂ ਆਈਆਂ। ਹੁਣ ਇਸ ਟੈਰਿਫ਼ ਨਾਲ ਹਾਲੀਵੁੱਡ ਨੂੰ ਹੋਰ ਝਟਕਾ ਲੱਗੇਗਾ, ਕਿਉਂਕਿ ਅਮਰੀਕੀ ਫ਼ਿਲਮਾਂ ਦਾ ਵੱਡਾ ਹਿੱਸਾ ਵਿਦੇਸ਼ਾਂ ਵਿੱਚ ਫ਼ਿਲਮਾਇਆ ਜਾਂਦਾ ਹੈ। ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵਰਗੇ ਦੇਸ਼ ਟੈਕਸ ਛੋਟਾਂ ਨਾਲ ਨਿਰਮਾਣ ਨੂੰ ਆਕਰਸ਼ਿਤ ਕਰਦੇ ਹਨ। ਇੱਕ ਅਮਰੀਕੀ ਫ਼ਿਲਮ ਯੂਨੀਅਨ ਨੇ ਕਿਹਾ, ‘ਇਹ ਟੈਰਿਫ਼ ਖਪਤਕਾਰਾਂ ਲਈ ਫ਼ਿਲਮਾਂ ਦੀਆਂ ਕੀਮਤਾਂ ਵਧਾਏਗਾ ਅਤੇ ਨੌਕਰੀਆਂ ਨੂੰ ਹੋਰ ਘਟਾਏਗਾ।’ ਭਾਰਤੀ ਫ਼ਿਲਮ ਉਦਯੋਗ ਲਈ ਇਹ ਬੰਬ ਵਾਂਗ ਫ਼ਟੇਗਾ। ਬਾਲੀਵੁੱਡ, ਤਾਮਿਲ, ਤੇਲਗੂ ਅਤੇ ਹੋਰ ਭਾਸ਼ਾਵਾਂ ਵਿੱਚ ਬਣੀਆਂ ਫ਼ਿਲਮਾਂ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਵਿੱਚ ਬਹੁਤ ਮਸ਼ਹੂਰ ਹਨ। ‘ਆਸ਼ਕੀ’, ‘ਬਾਹੁਬਲੀ’ ਅਤੇ ‘ਆਰਆਰਆਰ’ ਵਰਗੀਆਂ ਫ਼ਿਲਮਾਂ ਨੇ ਅਮਰੀਕੀ ਬਾਕਸ ਆਫ਼ਿਸ ’ਤੇ ਕਰੋੜਾਂ ਡਾਲਰ ਕਮਾਏ ਹਨ। 100 ਫ਼ੀਸਦੀ ਟੈਰਿਫ਼ ਨਾਲ ਇਹ ਫ਼ਿਲਮਾਂ ਦੀਆਂ ਟਿਕਟਾਂ ਅਤੇ ਸਟ੍ਰੀਮਿੰਗ ਸਬਸਕ੍ਰਿਪਸ਼ਨਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਜਾਣਗੀਆਂ, ਜਿਸ ਨਾਲ ਆਮਦਨ ਘਟੇਗੀ। ਭਾਰਤੀ ਫ਼ਿਲਮ ਐਸੋਸੀਏਸ਼ਨ ਨੇ ਕਿਹਾ, ‘ਇਹ ਟੈਰਿਫ਼ ਵਿਸ਼ਵ ਵਪਾਰ ਨਿਯਮਾਂ ਦੇ ਖਿਲਾਫ਼ ਹੈ ਅਤੇ ਅਮਰੀਕੀ-ਭਾਰਤੀ ਸਬੰਧਾਂ ਨੂੰ ਨੁਕਸਾਨ ਪਹੁੰਚਾਏਗਾ।’ ਭਾਰਤ ਵਿੱਚ ਫ਼ਿਲਮ ਉਦਯੋਗ ਨੂੰ ਪਹਿਲਾਂ ਹੀ ਪਾਈਰਸੀ ਅਤੇ ਡਿਜੀਟਲ ਤਬਦੀਲੀ ਨਾਲ ਸੰਘਰਸ਼ ਕਰਨਾ ਪੈ ਰਿਹਾ ਹੈ, ਇਹ ਟੈਰਿਫ਼ ਇਸ ਨੂੰ ਹੋਰ ਗੰਭੀਰ ਬਣਾ ਦੇਵੇਗਾ। ਵਿਸ਼ਲੇਸ਼ਕਾਂ ਮੁਤਾਬਕ, ਟਰੰਪ ਦਾ ਇਹ ਕਦਮ ਚੋਣਾਂ ਨਾਲ ਜੁੜਿਆ ਹੈ। ਉੱਤਰੀ ਕੈਰੋਲੀਨਾ ਅਤੇ ਕੈਲੀਫ਼ੋਰਨੀਆ ਵਰਗੇ ਰਾਜਾਂ ਵਿੱਚ ਨੌਕਰੀਆਂ ਅਤੇ ਅਰਥਵਿਵਸਥਾ ਨੂੰ ਲੈ ਕੇ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਹੈ। ਪਰ ਇਹ ਵਿਸ਼ਵ ਵਪਾਰ ਸੰਗਠਨ ਨਾਲ ਤਣਾਅ ਨੂੰ ਨਵਾਂ ਰੰਗ ਦੇਵੇਗਾ। ਕੈਲੀਫ਼ੋਰਨੀਆ ਗਵਰਨਰ ਨਿਊਸਮ ਨੇ ਟਰੰਪ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ, ‘ਤੁਸੀਂ ਇੰਨ੍ਹਾਂ ਟੈਰਿਫ਼ ਨਾਲ ਫ਼ਿਲਮਾਂ ਵੇਖਣ ਨੂੰ ਵੀ ਮਹਿੰਗਾ ਕਰ ਦਿਓਗੇ। ਇਹ ਅਮਰੀਕਾ ਨਹੀਂ, ਤੁਹਾਡੀ ਅਨਿਆਂ ਨਾਲ ਭਰਿਆ ਦੇਸ਼ ਹੋਵੇਗਾ।’ ਹੁਣ ਸਭ ਦੀਆਂ ਨਜ਼ਰਾਂ ਇਸ ’ਤੇ ਹਨ ਕਿ ਕੀ ਇਹ ਟੈਰਿਫ਼ ਅਮਲ ਵਿੱਚ ਆਉਣਗੇ ਜਾਂ ਨਹੀਂ।

---

# ਪੰਜਾਬ ਦੀ ਪ੍ਰਸਿੱਧ ਲੋਕ ਗਾਇਕਾ ਪ੍ਰਕਾਸ਼ ਕੌਰ

**ਅੰਗਰੇਜ਼ ਸਿੰਘ ਵਿਰਦੀ**



ਪ੍ਰਕਾਸ਼ ਕੌਰ ਪੰਜਾਬੀ ਲੋਕ ਗਾਇਕੀ ਦਾ ਇੱਕ ਐਸਾ ਚਿਹਰਾ ਸਨ ਜਿਨ੍ਹਾਂ ਨੇ ਤਕਰੀਬਨ 40 ਸਾਲ ਤੱਕ ਆਪਣੀ ਸੁਰੀਲੀ ਆਵਾਜ਼ ਨਾਲ ਪੰਜਾਬੀ ਸੰਗੀਤ ਦੀ ਭਰਪੂਰ ਸੇਵਾ ਕੀਤੀ ਅਤੇ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਅਦਬ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਘਰ ਘਰ ਪਹੁੰਚਾਉਣ ਦਾ ਸ਼ਲਾਘਾਯੋਗ ਕੰਮ ਕੀਤਾ। ਬੇਸ਼ੱਕ ਪ੍ਰਕਾਸ਼ ਕੌਰ ਨਾ ਤਾਂ ਕਿਸੇ ਸੰਗੀਤਕ ਘਰਾਣੇ ਨਾਲ ਸੰਬੰਧਿਤ ਸੀ ਅਤੇ ਨਾ ਹੀ ਉਨ੍ਹਾਂ ਨੇ ਬਾਕਾਇਦਾ ਸੰਗੀਤ ਦੀ ਕੋਈ ਤਾਲੀਮ ਹਾਸਿਲ ਕੀਤੀ ਸੀ ਪਰ ਉਨ੍ਹਾਂ ਦੀ ਆਵਾਜ਼ ਵਿੱਚ ਬੇਹੱਦ ਕਸ਼ਿਸ਼ ਅਤੇ ਸੁਰੀਲਾਪਣ ਸੀ ਅਤੇ ਉਹ ਕਿਸੇ ਵੀ ਔਖੀ ਤਰਜ਼ ਨੂੰ ਅਤੇ ਹਰ ਤਰ੍ਹਾਂ ਦੇ ਗੀਤ ਨੂੰ ਬੜੇ ਸੌਖਿਆ ਹੀ ਨਿਭਾਅ ਲੈਂਦੇ ਸਨ। ਉਨ੍ਹਾਂ ਦੀ ਆਵਾਜ਼ ਰੱਬ ਵੱਲੋਂ ਬਖ਼ਸ਼ੀ ਇੱਕ ਅਨਮੋਲ ਦਾਤ ਸੀ। ਪ੍ਰਕਾਸ਼ ਕੌਰ ਵੱਲੋਂ ਗਾਏ ਅਣਗਿਣਤ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਦੇ ਕੰਨਾਂ ਵਿੱਚ ਮਧੁਰ ਰਸ ਘੋਲਦੇ ਹਨ। ਆਪਣੀ ਛੋਟੀ ਭੈਣ ਪੰਜਾਬ ਦੀ ਕੋਇਲ ਕਰਕੇ ਜਾਣੀ ਜਾਣ ਵਾਲੀ ਮਹਾਨ ਗਾਇਕਾ ਸੁਰਿੰਦਰ ਕੌਰ ਨਾਲ ਇਕੱਠਿਆਂ ਰਲ ਕੇ ਪ੍ਰਕਾਸ਼ ਕੌਰ ਨੇ ਪੰਜਾਬੀ ਸੱਭਿਆਚਾਰਕ ਗੀਤ ਜਿਨ੍ਹਾਂ ਵਿੱਚ ਵਿਆਹਾਂ ਦੇ ਗੀਤ, ਸੁਹਾਗ, ਘੋੜੀਆਂ, ਸਿੱਠਣੀਆਂ, ਟੱਪੇ, ਮਾਹੀਏ, ਢੋਲੇ, ਲੋਕ-ਬੋਲੀਆਂ ਗਾਏ ਜਿਨ੍ਹਾਂ ਦੀ ਮਕਬੂਲੀਅਤ ਅੱਜ ਵੀ ਕਾਇਮ ਹੈ ਅਤੇ ਇਨ੍ਹਾਂ ਵੱਲੋਂ ਗਾਏ ਬਹੁਤ ਸਾਰੇ ਗੀਤਾਂ ਨੂੰ ਅੱਜ ਪੰਜਾਬੀ ਸੱਭਿਆਚਾਰ, ਅਦਬ ਅਤੇ ਪੰਜਾਬੀ ਸੰਗੀਤ ਵਿਚ ਲੋਕ ਗੀਤਾਂ ਜਿੰਨਾ ਦਰਜਾ ਹਾਸਿਲ ਹੈ।

ਜਨਮ ਅਤੇ ਪਰਿਵਾਰਿਕ ਪਿਛੋਕੜ : ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਚ 19 ਸਤੰਬਰ ਸੰਨ 1919 ਈ. ਨੂੰ ਲਾਹੌਰ ਦੇ ਅੰਦਰੂਨੀ ਹਿੱਸੇ ਭੱਟੀ ਗੇਟ ਦੇ ਰਹਿਣ ਵਾਲੇ ਸਹਿਜਧਾਰੀ ਸਿੱਖ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੇ ਘਰ ਇਕ ਬੱਚੀ ਨੇ ਜਨਮ ਲਿਆ, ਜਿਸ ਦਾ ਨਾਂਅ ਮਾਪਿਆ ਪ੍ਰਕਾਸ਼ ਕੌਰ ਰੱਖਿਆ। 4 ਭੈਣਾਂ ਮਹਿੰਦਰ ਕੌਰ, ਸੁਰਿੰਦਰ ਕੌਰ, ਨਰਿੰਦਰ ਕੌਰ, ਮਨਜੀਤ ਕੌਰ ਅਤੇ 5 ਭਰਾਵਾਂ ਨਾਲੋਂ ਸਭ ਤੋਂ ਵੱਡੀ ਭੈਣ ਪ੍ਰਕਾਸ਼ ਨੂੰ ਨਿੱਕੇ ਹੁੰਦੇ ਤੋਂ ਹੀ ਸੰਗੀਤ ਨਾਲ ਲਗਾਓ ਸੀ। ਘਰ ਦਿਆਂ ਤੋਂ ਛੁਪ ਛੁਪ ਕੇ ਉਸ ਨੂੰ ਗਲੀ-ਗੁਆਂਢ ’ਚ ਹੋਣ ਵਾਲੇ ਵਿਆਹਾਂ ਮੌਕੇ ਘਰ ਵਿੱਚ ਔਰਤਾਂ ਵੱਲੋਂ ਬੈਠਾਏ ਜਾਂਦੇ ਗਾਉਣ ਵਿੱਚ ਸ਼ਾਮਿਲ ਹੋਣਾ ਚੰਗਾ ਲੱਗਦਾ ਸੀ। ਉੱਥੇ ਉਹ ਰਬਾਬੀ ਔਰਤਾਂ ਨੂੰ ਗੀਤ ਗਾਉਂਦਿਆਂ ਸੁਣਦੀ ਜੋ ਉਸ ਦੇ ਮਨ ਨੂੰ ਟੁੰਬਦੇ। ਉਨ੍ਹਾਂ ਗੀਤਾਂ ਨੂੰ ਸੁਣ ਕੇ ਹੌਲੀ-ਹੌਲੀ ਪ੍ਰਕਾਸ਼ ਵੀ ਗੁਣਗੁਣਾਉਣ ਲੱਗੀ। ਫਿਰ ਉਹ ਵਿਆਹ-ਸ਼ਾਦੀਆਂ ’ਤੇ ਹੁੰਦੇ ਲੇਡੀ ਸੰਗੀਤ ਵਿੱਚ ਔਰਤਾਂ ਨਾਲ ਰਲ ਐਸੇ ਗੀਤ ਗਾਉਣ ਲੱਗੀ ਕਿ ਉੱਥੇ ਮੌਜੂਦ ਸਭ ਔਰਤਾਂ, ਕੁੜੀਆਂ ਚਿੜੀਆਂ ਅਤੇ ਬਜ਼ੁਰਗ ਮਾਤਾਵਾਂ ਉਸਦੀ ਟੁਣਕਦੀ ਆਵਾਜ਼ ਦੇ ਜਾਦੂ ਨਾਲ ਕੀਲੀਆਂ ਜਾਂਦੀਆਂ। ਇਸ ਤਰ੍ਹਾਂ ਗਲੀ-ਗੁਆਂਢ ਦੇ ਵਿਆਹ-ਸ਼ਾਦੀਆਂ ਦੇ ਮੌਕੇ ’ਤੇ ਪ੍ਰਕਾਸ਼ ਕੌਰ ਦੀ ਲੇਡੀ ਸੰਗੀਤ ਵਿੱਚ ਹਾਜ਼ਰੀ ਜ਼ਰੂਰੀ ਸਮਝੀ ਜਾਣ ਲੱਗੀ ਅਤੇ ਸੰਗੀਤ ਵਿੱਚ ਪ੍ਰਕਾਸ਼ ਦੀ ਰੁਚੀ ਹੋਰ ਵੱਧਣ ਲੱਗੀ। ਸ਼ੁਰੂ-ਸ਼ੁਰੂ ਵਿੱਚ ਪ੍ਰਕਾਸ਼ ਕੌਰ ਨੂੰ ਗਾਉਣ ਲਈ ਆਪਣੇ ਘਰਦਿਆਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ, ਇਸੇ ਕਰਕੇ ਪ੍ਰਕਾਸ਼ ਕੌਰ ਦਾ 15 ਸਾਲ ਦੀ ਛੋਟੀ ਉਮਰ ਵਿੱਚ ਹੀ ਵਿਆਹ ਕਰ ਦਿੱਤਾ ਗਿਆ ਸੀ। ਇੰਡੀਅਨ ਰੇਲਵੇ ਵਿੱਚ ਬਤੌਰ ਇਲੈੱਕਟ੍ਰੀਕਲ ਇੰਜੀਨੀਅਰ ਸ. ਹਰਬੰਸ ਸਿੰਘ ਸੂਰੀ ਜੋ ਕਿ ਲਾਹੌਰ ਦੇ ਹੀ ਵਾਸੀ ਸਨ ਤੇ ਲਾਹੌਰ ਹੀ ਇਨ੍ਹਾਂ ਦੀ ਪੋਸਟਿੰਗ ਸੀ ਨਾਲ ਪ੍ਰਕਾਸ਼ ਕੌਰ ਦਾ ਵਿਆਹ ਹੋਇਆ। ਹਰਬੰਸ ਸਿੰਘ ਸੂਰੀ ਨੇ ਪ੍ਰਕਾਸ਼ ਕੌਰ ਨੂੰ ਗਾਇਕੀ ਦਾ ਆਪਣਾ ਸ਼ੌਕ ਕਾਇਮ ਰੱਖਣ ਵਿੱਚ ਉਨ੍ਹਾਂ ਦਾ ਭਰਭੂਰ ਸਾਥ ਦਿੱਤਾ ਅਤੇ ਹਮੇਸ਼ਾ ਉਤਸ਼ਾਹਿਤ ਕੀਤਾ।

ਰੇਡੀਓ ਤੋਂ ਗਾਇਕੀ ਦੀ ਸ਼ੁਰੂਆਤ : ਸੰਨ 1940 ਈ. ਵਿਚ ਪ੍ਰਕਾਸ਼ ਕੌਰ ਨੇ ਆਲ ਇੰਡੀਆ ਰੇਡੀਓ, ਲਾਹੌਰ ’ਤੇ ਆਪਣੇ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਲਈ ਆਡੀਸ਼ਨ ਪਾਸ ਕੀਤਾ। ਸੰਨ 1941 ਵਿੱਚ ਪ੍ਰਕਾਸ਼ ਕੌਰ ਨੇ ਪਿਸ਼ਾਵਰ ਰੇਡੀਓ ਤੋਂ ਆਪਣਾ ਪਹਿਲਾ ਗੀਤ ਗਾਇਆ। ਉਹਨੀ ਦਿਨੀਂ ਰੇਡੀਓ ਤੋਂ ਸਿੱਧੇ ਗੀਤ ਪ੍ਰਸਾਰਿਤ ਕੀਤੇ ਜਾਂਦੇ ਸਨ। ਪ੍ਰਕਾਸ਼ ਕੌਰ ਨੇ ਰੇਡੀਓ ’ਤੇ ਆਪਣੇ ਖ਼ੂਬਸੂਰਤ ਗੀਤਾਂ ਨਾਲ ਆਪਣੀ ਮਿੱਠੀ ਤੇ ਸੁਰੀਲੀ ਆਵਾਜ਼ ਦਾ ਜਾਦੂ ਬਖੇਰਨਾ ਸ਼ੁਰੂ ਕੀਤਾ। ਦਿਨਾਂ ਵਿੱਚ ਹੀ ਪ੍ਰਕਾਸ਼ ਕੌਰ ਦੀ ਗਾਇਕੀ ਦੇ ਚਰਚੇ ਹਰ ਪਾਸੇ ਹੋਣ ਲੱਗੇ। ਲੋਕਾਂ ਨੂੰ ਉਨ੍ਹਾਂ ਦੇ ਗਾਏ ਗੀਤ ਬਹੁਤ ਪਸੰਦ ਆਉਂਦੇ। ਪੰਜਾਬੀ ਸੱਭਿਆਚਾਰ ਦੀ ਤਰਜ਼ਮਾਨੀ ਕਰਦੇ ਪ੍ਰਕਾਸ਼ ਕੌਰ ਦੇ ਗੀਤ ਘਰ-ਘਰ ਗੂੰਜਣ ਲੱਗੇ। ਸੰਨ 1943 ਤੱਕ ਪਹੁੰਚਦੇ-ਪਹੁੰਚਦੇ ਪ੍ਰਕਾਸ਼ ਕੌਰ ਰੇਡੀਓ ਦੀ ਇੱਕ ਆਹਲਾ ਦਰਜੇ ਦੀ ਪ੍ਰਵਾਨਿਤ ਗਾਇਕਾ ਬਣ ਚੁੱਕੇ ਸਨ। ਫਿਰ ਇੱਕ ਦਿਨ ਪ੍ਰਕਾਸ਼ ਕੌਰ ਆਪਣੇ ਤੋਂ 10 ਸਾਲ ਛੋਟੀ ਭੈਣ ਸੁਰਿੰਦਰ ਕੌਰ ਨੂੰ ਆਲ ਇੰਡੀਆ ਰੇਡੀਓ ਆਡੀਸ਼ਨ ਦਿਵਾਉਣ ਲੈ ਕੇ ਗਈ ਜੋ ਸੁਰਿੰਦਰ ਕੌਰ ਨੇ ਬਗੈਰ ਕਿਸੇ ਮੁਸ਼ਕਿਲ ਤੋਂ ਪਾਸ ਕਰ ਲਿਆ। ਹੁਣ ਦੋਵੇਂ ਭੈਣਾਂ ਆਲ ਇੰਡੀਆ ਰੇਡੀਓ ਲਾਹੌਰ ਦੀਆਂ ਪ੍ਰਵਾਨਿਤ ਗਾਇਕਾਵਾਂ ਬਣ ਚੁੱਕੀਆਂ ਸਨ ਅਤੇ ਦੋਵਾਂ ਭੈਣਾਂ ਨੇ ਇਕੱਠਿਆਂ ਆਲ ਇੰਡੀਆ ਰੇਡੀਓ ਲਾਹੌਰ ਤੋਂ ਕਈ ਗੀਤ ਡਿਊਟ ਗਾਏ ਜੋ ਬਹੁਤ ਮਸ਼ਹੂਰ ਹੋਏ। ਰੇਡੀਓ ’ਤੇ ਗਾਉਂਦਿਆਂ ਹੀ ਦੋਵੇਂ ਭੈਣਾਂ ਨੇ ਲਾਹੌਰ ਰੇਡੀਓ ਦੇ ਸੰਗੀਤ ਸੈਕਸ਼ਨ ਦੇ ਹੈੱਡ ਬੁੱਧ ਸਿੰਘ ਤਾਨ ਦੇ ਸਹਾਇਕ ਜੀਵਨ ਲਾਲ ਮੱਟੂ ਕੋਲੋਂ ਲਾਈਟ ਕਲਾਸੀਕਲ ਵਿੱਚ ਸੰਗੀਤ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ।

ਪਹਿਲਾ ਰਿਕਾਰਡ : 31 ਅਗਸਤ, 1943 ਨੂੰ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਕੀਤਾ ਪਹਿਲਾ ਡਿਊਟ ਗੀਤ ‘ਮਾਂਵਾ ਤੇ ਧੀਆਂ ਰਲ ਬੈਠੀਆਂ ਨੀ ਮਾਏ’ ਐਚ.ਐਮ.ਵੀ.ਕੰਪਨੀ ਵੱਲੋਂ ਰਿਲੀਜ਼ ਹੋਇਆ। ਇਹ ਉਹ ਸਦਾਬਹਾਰ ਗੀਤ ਸੀ ਜੋ ਲੋਕਾਂ ਵਿੱਚ ਕੱਲ੍ਹ ਵੀ ਸੁਪਰਹਿੱਟ ਸੀ ਅਤੇ ਅੱਜ ਵੀ ਇਸ ਨੂੰ ਬੇਹੱਦ ਪਸੰਦ ਕੀਤਾ ਜਾਂਦਾ ਹੈ। ਉਨ੍ਹਾਂ ਦੇ ਕੁਝ ਗੀਤ ਸਨ- ਢੋਲ ਸਿਪਾਹੀਆ ਵੇ, ਕਿਥੇ ਗਿਓਂ ਦਿਲ ਲਾ ਕੇ , ਹਾਏ ਨਾ ਵੱਸ ਉਏ ਨਾ ਵੱਸ ਬੱਦਲਾ, ਅਜੇ ਨਾ ਵੱਸ ਉਏ ਕਾਲਿਆ । ਪ੍ਰਕਾਸ਼ ਕੌਰ ਨੇ ਫ਼ਿਲਮਾਂ ਲਈ ਵੀ ਗੀਤ ਗਾਏ। ਪ੍ਰਕਾਸ਼ ਕੌਰ ਨੇ ਰੇਡੀਓ ਤੋਂ ਸ਼ਬਦ ਗੁਰਬਾਣੀ ਦਾ ਵੀ ਗਾਇਨ ਕੀਤਾ।

ਦੇਸ਼ ਦੀ ਵੰਡ ਤੋਂ ਬਾਅਦ ਗਾਇਕੀ ਦਾ ਸਫ਼ਰ: ਵੰਡ ਤੋਂ ਬਾਅਦ ਕੁਝ ਚਿਰ ਅੰਮ੍ਰਿਤਸਰ ਠਹਿਰਨ ਤੋਂ ਬਾਅਦ ਪ੍ਰਕਾਸ਼ ਕੌਰ ਪਰਿਵਾਰ ਸਹਿਤ ਦਿੱਲੀ ਜਾ ਵੱਸੇ। ਉਥੇ ਹੀ ਉਨ੍ਹਾਂ ਦੇ ਪਤੀ ਦੀ ਨੌਕਰੀ ਰੇਲਵੇ ਵਿਭਾਗ ’ਚ ਫਿਰ ਤੋਂ ਦੁਬਾਰਾ ਸ਼ੁਰੂ ਹੋ ਗਈ। ਪ੍ਰਕਾਸ਼ ਕੌਰ ਨੇ ਵੀ ਆਲ ਇੰਡੀਆ ਰੇਡੀਓ ਦਿੱਲੀ ਤੋਂ ਆਪਣੀ ਗਾਇਕੀ ਦਾ ਸਫ਼ਰ ਫਿਰ ਤੋਂ ਸ਼ੁਰੂ ਕਰ ਲਿਆ। ਕਿਉਂਕਿ ਉਨ੍ਹਾਂ ਦਿਨਾਂ ਵਿੱਚ ਦਿੱਲੀ ਰਫ਼ਿਉਜ਼ੀ ਕੈਂਪਾਂ ਵਿੱਚ ਸਭ ਤੋਂ ਜ਼ਿਆਦਾ ਤਾਦਾਦ ਪੰਜਾਬੀਆਂ ਦੀ ਸੀ, ਇਸ ਕਰਕੇ ਉਹ ਕੈਂਪ ਪੰਜਾਬੀ ਸੰਗੀਤ ਦੀ ਵੱਡੀ ਮੰਡੀ ਵਜੋਂ ਉਭਰੇ। ਪ੍ਰਕਾਸ਼ ਕੌਰ ਦੀ ਮੰਗ ਇਸ ਖਿੱਤੇ ਵਿੱਚ ਪਹਿਲੇ ਦਿਨ ਤੋਂ ਹੀ ਬਣ ਗਈ ਸੀ। 1948 ਤੋਂ 1958 ਤੱਕ ਪ੍ਰਕਾਸ਼ ਕੌਰ ਦੇ ਸਭ ਤੋਂ ਵੱਧ ਹਿੱਟ ਗੀਤ ਬਣੇ।

ਪ੍ਰਕਾਸ਼ ਕੌਰ ਦੇ ਹਿੱਟ ਗੀਤ: ਰੇਡੀਓ ’ਤੇ ਗਾਉਣ ਤੋਂ ਇਲਾਵਾ ਪ੍ਰਕਾਸ਼ ਕੌਰ ਨੇ ਪੰਜਾਬੀ ਫਿਲਮਾਂ ਵਿੱਚ ਵੀ ਗੀਤ ਗਾਏ। ਸੰਨ 1964 ਵਿੱਚ ਆਈ ਨੈਸ਼ਨਲ ਐਵਾਰਡ ਜੇਤੂ ਬਲਰਾਜ ਸਾਹਨੀ ਅਭਿਨੀਤ ਫ਼ਿਲਮ ‘ਸਤਲੁਜ ਦੇ ਕੰਢੇ’ ਵਿੱਚ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦਾ ਇਕੱਠਿਆਂ ਗਾਇਆ ਕੋਰਸ ਗੀਤ ‘ਕਾਲੇ ਰੰਗ ਦਾ ਪਰਾਂਦਾ, ਮੇਰੇ ਸੱਜਣਾ ਨੇ ਆਂਦਾ’ ਬੇਹੱਦ ਮਕਬੂਲ ਹੋਇਆ ਸੀ। ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਡਿਊਟ ਹਿੱਟ ਗੀਤਾਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਵਿੱਚ ਮਾਂਵਾ ਤੇ ਧੀਆਂ ਰਲ ਬੈਠੀਆਂ ਨੀ ਮਾਏ, ਸੂਹੇ ਵੇ ਚੀਰੇ ਵਾਲਿਆ, ਸੂਈ ਵੇ ਹਾਏ ਜ਼ਾਲਮਾ ਸੂਈ ਵੇ, ਡਾਚੀ ਵਾਲਿਆ ਮੋੜ ਮੁਹਾਰ ਵੇ, ਬਾਜ਼ਰੇ ਦਾ ਸਿੱਟਾ ਅਸੀ ਤਲੀ ਤੇ ਮਰੋੜਿਆ, ਬਣ ਮੋਰਨੀ ਬਾਗਾਂ ਦੇ ਵਿੱਚ, ਬਾਰੀ ਬਰਸੀਂ ਖੱਟਣ ਗਿਆ ਸੀ, ਚੰਨ ਕਿੱਥਾਂ ਗੁਜ਼ਾਰੀ ਆਈ ਰਾਤ, ਬੇਟੀ ਚੰਦਨ ਦੇ ਓਹਲੇ ਓਹਲੇ ਕਿਉਂ ਖੜ੍ਹੀ, ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਦਨ ਦਾ, ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲਾ, ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ, ਭਾਬੋ ਕਹਿੰਦੀ ਆ ਪਿਆਰਾ ਸਿੰਘਾ ਵੇਲਣਾ ਲਿਆ, ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ, ਅੜੀ ਵੇ ਅੜੀ ਲੱਗੀ ਸਾਉਣ ਦੀ ਝੜੀ ਨੂੰ ਲੋਕ ਅੱਜ ਵੀ ਚਾਅ ਨਾਲ ਸੁਣਦੇ ਹਨ।

ਪ੍ਰਕਾਸ਼ ਕੌਰ ਦੇ ਹੋਰ ਹਿੱਟ ਗੀਤਾਂ ਵਿੱਚ ਟਾਂਡੇ ਚੂਪ ਨਾ ਚਰੀ ਦੇ ਹਾਣੀਆਂ ਵੇ ਘਰ ’ਚ ਸੰਦੂਰੀ ਅੰਬੀਆਂ, ਚੰਨ ਵੇ ਕੇ ਸ਼ੌਕਣ ਮੇਲੇ ਦੀ, ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ, ਮੇਰੇ ਢੋਲ ਦੀ ਚਿੱਠੀ, ਮੇਰੀ ਗੁੱਤ ਨਾਲ ਛਣਕਦੇ ਘੁੰਗਰੂ, ਨੀ ਮੈਂ ਤਾਰਿਆਂ ਦੇ ਪਾਵਾਂ ਕੰਨੀ ਝੁਮਕੇ, ਇੱਕ ਕੈਂਠੇ ਵਾਲਾ ਆ ਗਇਆ ਪ੍ਰਾਹੁਣਾ ਨੀ ਮਾਏ ਤੇਰਾ ਕੰਮ ਨਾ ਮੁੱਕੇ, ਬਣ ਮੋਰਨੀ ਬਾਗਾਂ ਦੇ ਵਿੱਚ, ਗਲੀਆਂ ਤੇ ਬਾਬੁਲ ਹੋਈਆਂ ਭੀੜੀਆਂ ਧੀ ਚੱਲੀ ਬਗਾਨੇ ਦੇਸ਼ ਬਾਬਲ, ਸੁਹਾਗ, ਘੋੜੀਆਂ, ਟੱਪੇ, ਮਾਹੀਆ ਅਤੇ ਲੋਕ ਬੋਲੀਆਂ ਆਦਿ ਪ੍ਰਮੁੱਖ ਹਨ। ਸੁਰਿੰਦਰ ਕੌਰ ਤੋਂ ਇਲਾਵਾ ਪ੍ਰਕਾਸ਼ ਕੌਰ ਨੇ ਹੋਰ ਵੀ ਆਪਣੇ ਸਮਕਾਲੀ ਗਾਇਕਾਂ ਨਾਲ ਅਣਗਿਣਤ ਗੀਤ ਗਾਏ ਜਿਨ੍ਹਾਂ ਵਿੱਚ ਆਸਾ ਸਿੰਘ ਮਸਤਾਨਾ ਦੇ ਨਾਲ ਗੀਤ ਗਾਏ, ਬਲਦੇਵ ਮੂੰਗਾ, ਸੁਰਿੰਦਰ ਕੋਹਲੀ, ਤ੍ਰਿਲੋਕ ਕਪੂਰ ਤੇ ਹਜ਼ਾਰਾ ਸਿੰਘ ਰਮਤਾ ਨਾਲ ਗੀਤ ਗਾਏ।

ਸੰਸਾਰ ਤੋਂ ਰੁਖ਼ਸਤੀ: ਪ੍ਰਕਾਸ਼ ਕੌਰ ਅਜੇ 62 ਵਰ੍ਹਿਆਂ ਦੀ ਹੀ ਸੀ ਜਦੋਂ ਉਨ੍ਹਾਂ ਨੂੰ ਗੁਰਦਿਆਂ ਦੇ ਰੋਗ ਕਾਰਨ ਤੇ ਕਾਰ ਦੇ ਹੋਏ ਹਾਦਸੇ ਕਾਰਨ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਪਿਆ। ਅਖੀਰ ਪੰਜਾਬ ਦੀ ਇਹ ਧੀ ਮਿਤੀ 2 ਨਵੰਬਰ, 1982 ਈ. ਨੂੰ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਈ।

## ਦਿੱਲੀ ਏਅਰਪੋਰਟ ’ਤੇ ਤਾਮਿਲ ਸਿੱਖ ਜੀਵਨ ਸਿੰਘ...

ਤਾਮਿਲਨਾਡੂ ਵਰਗੇ ਰਾਜ ਵਿੱਚ ਜਿੱਥੇ ਸਿੱਖੀ ਦਾ ਪ੍ਰਚਾਰ ਨਵਾਂ ਹੈ, ਉੱਥੇ ਅਜਿਹਾ ਨਸਲੀ ਵਿਹਾਰ ਸਿੱਖੀ ਉੱਪਰ ਪਾਬੰਦੀ ਲਗਾਉਣ ਵਾਲਾ ਹੈ।ਸਰਦਾਰ ਜੀਵਨ ਸਿੰਘ ਨੇ ਕਿਹਾ ਕਿ ਇਹ ਉਹਨਾਂ ਨੂੰ ਇਹ ਨਸਲੀ ਵਿਹਾਰ ਬਹੁਤ ਨਿਰਾਸ਼ ਕਰ ਗਿਆ ਅਤੇ ਉਹ ਭਾਰਤ ਵਾਪਸ ਆ ਕੇ ਕਾਨੂੰਨੀ ਲੜਾਈ ਲੜਨਗੇ।

**ਸਿੱਖ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ**

ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਇਸ ਨੂੰ ‘ਫ਼ਿਰਕੂ’ ਕਾਰਵਾਈ ਕਰਾਰ ਦਿੰਦਿਆਂ ਉੱਚ ਪੱਧਰੀ ਜਾਂਚ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।ਉਹਨਾਂ ਨੇ ਕਿਹਾ ਕਿ ਇਹ ਨਾ ਸਿਰਫ਼ ਜੀਵਨ ਸਿੰਘ ਦਾ ਨਹੀਂ, ਸਗੋਂ ਪੂਰੀ ਸਿੱਖ ਕੌਮ ਦਾ ਅਪਮਾਨ ਹੈ। ਹਵਾਈ ਅੱਡਿਆਂ ਵਿੱਚ ਸਟਾਫ਼ ਨੂੰ ਸੰਵੇਦਨਸ਼ੀਲ ਤਾਲੀਮ ਦੀ ਲੋੜ ਹੈ। ਉਹਨਾਂ ਨੇ ਕਿਹਾ ਕਿ ਤਾਮਿਲਨਾਡੂ ਦੇ ਗੁਰਸਿੱਖ ਭਾਈ ਜੀਵਨ ਸਿੰਘ, ਜੋ ਸੁਪਰੀਮ ਕੋਰਟ ਦੇ ਵਕੀਲ ਅਤੇ ਬਹੁਜਨ ਦ੍ਰਾਵਿਡ ਪਾਰਟੀ ਦੇ ਪ੍ਰਧਾਨ ਹਨ, ਨਾਲ ਦਿੱਲੀ ਏਅਰਪੋਰਟ ’ਤੇ ਅਧਿਕਾਰੀਆਂ ਨੇ ਅਪਮਾਨਜਨਕ ਅਤੇ ਗੈਰ-ਕਾਨੂੰਨੀ ਪੁੱਛਗਿੱਛ ਕੀਤੀ।ਉਹ ਸਿੰਗਾਪੁਰ ਜਾ ਰਹੇ ਸਨ ਅਤੇ ਉਹਨਾਂ ਨੇ ਸਾਰੇ ਦਸਤਾਵੇਜ਼ ਵਿਖਾਏ, ਪਰ ਮੈਡਮ ਸਤੂਤੀ ਅਤੇ ਸ੍ਰੀ ਮੁਕੇਸ਼ ਨੇ ਬੇਹੂਦੀ ਅਤੇ ਗੈਰ-ਸਮਾਜਿਕ ਸ਼ਬਦਾਂ ਨਾਲ ਉਹਨਾਂ ਨੂੰ ਤੰਗ ਕੀਤਾ। ਇਹ ਅਪਮਾਨ ਨਾ ਸਿਰਫ਼ ਜੀਵਨ ਸਿੰਘ ਦਾ ਹੈ, ਸਗੋਂ ਸਿੱਖੀ ਅਤੇ ਸਿੱਖ ਧਰਮ ਦਾ ਹੈ। ਸਿੱਖ ਕੌਮ ਇਹ ਸਹਿਣ ਨਹੀਂ ਕਰੇਗੀ।ਮਾਨ ਨੇ ਮੰਗ ਕੀਤੀ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਹੋਵੇ ਅਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ।ਉਹਨਾਂ ਨੇ ਕਿਹਾ ਕਿ ਹਵਾਈ ਅੱਡੇ ਦੇ ਨਿਯਮਾਂ ਵਿੱਚ ਕਿਸੇ ਵੀ ਵਿਅਕਤੀ ਨੂੰ ਅਪਮਾਨ ਕਰਨ ਦੀ ਇਜਾਜ਼ਤ ਨਹੀਂ।ਜੇਕਰ ਅਜਿਹੇ ਅਧਿਕਾਰੀਆਂ ਨੂੰ ਨੱਥ ਨਾ ਪਾਈ ਗਈ ਤਾਂ ਫ਼ਿਰਕੂ ਨ਼ਫਰਤ ਨੂੰ ਹੋਰ ਉਤਸ਼ਾਹ ਮਿਲੇਗਾ।ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਘਟਨਾਵਾਂ ਵਾਰ-ਵਾਰ ਵਾਪਰ ਰਹੀਆਂ ਹਨ ਅਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਏਅਰ ਇੰਡੀਆ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹਾ ਨਾ ਵਾਪਰੇ।ਇਸ ਘਟਨਾ ਨੇ ਵੱਡੇ ਪੱਧਰ ’ਤੇ ਚਰਚਾ ਛੇੜ ਦਿੱਤੀ ਹੈ।ਮਨੁੱਖੀ ਅਧਿਕਾਰ ਸੰਸਥਾਵਾਂ ਨੇ ਵੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਨਿੱਜੀ ਆਜ਼ਾਦੀ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੈ।ਐਕਸ ’ਤੇ ਬਹੁਤੇ ਯੂਜ਼ਰਾਂ ਨੇ ਸੋਲੀਡੈਰਿਟੀ ਜ਼ਾਹਰ ਕੀਤੀ ਅਤੇ ਪੁੱਛਿਆ ਕਿ ਪੁਲਿਸ ਕੀ ਕਾਰਵਾਈ ਕਰ ਰਹੀ ਹੈ? ਜੇਕਰ ਅਜਿਹੀ ਜਾਂਚ ਨਾ ਹੋਈ ਤਾਂ ਅਜਿਹੀਆਂ ਘਟਨਾਵਾਂ ਵਧਣਗੀਆਂ ਅਤੇ ਘੱਟਗਿਣਤੀਆਂ ਦਾ ਵਿਸ਼ਵਾਸ ਟੁੱਟੇਗਾ।

***

## ਆਪਣਾ ਦੇਸ਼...

ਬੈਂਕ ਉਨ੍ਹਾਂ ਅਮੀਰਾਂ ਦੀਆਂ ਮਿਹਰਬਾਨੀਆਂ ਨਾਲ ਚਲਦਾ ਹੈ, ਤੁਹਾਡੇ ਵਰਗੇ ਟਟਪੂੰਜੀਆਂ ਦੇ ਸਹਾਰੇ ਨਹੀਂ।

ਮੈਂ ਡੇਢ ਸੌ ਦਾ ਚੈੱਕ ਕੱਟ ਕੇ ਉਸ ਦੇ ਅੱਗੇ ਕੀਤਾ। ਉਸ ਮੇਰੇ ਦਸਤਖ਼ਤਾਂ ਨੂੰ ਕਈ ਵਾਰੀ ਫਾਈਲ ਦੇ ਦਸਤਖ਼ਤਾਂ ਨਾਲ ਮਿਲਾਇਆ ਅਤੇ ਫਿਰ ਬੜੇ ਗਹੁ ਨਾਲ ਮੇਰੇ ਚਿਹਰੇ ’ਤੇ ਕੁੱਝ ਪੜ੍ਹਨਾ ਚਾਹਿਆ ਜਿਵੇਂ ਕਸਟਮ ਇੰਸਪੈਕਟਰ ਨੇ ਪੜ੍ਹਿਆ ਸੀ।

ਤੁਹਾਡੇ ਸਿਗਨੇਚਰ ਨਹੀਂ ਮਿਲਦੇ ਪਰ ਚਲੋ ਡੇਢ ਸੌ ਦੀ ਹੀ ਤਾਂ ਰਕਮ ਏ। ਉਸ ਬੜਾ ਅਹਿਸਾਨ ਕਰਦਿਆਂ ਕਿਹਾ।ਫਿਰ ਉਸ ਮੇਰੇ ਚੈੱਕ ਉਪਰ ਲਾਲ ਸਿਆਹੀ ਨਾਲ ਇੱਕ ਘੁੱਗੀ ਫੇਰ ਦਿਤੀ ਅਤੇ ਚੈੱਕ ਫਿਰ ਉਸੇ ਕਾਊਂਟਰ ’ਤੇ ਲਿਜਾਣ ਲਈ ਆਖਿਆ।

ਆਪਣੇ ਹੀ ਦੇਸ਼ ਵਿੱਚ ਆਪਣੀ ਹੀ ਕਾਲੋਨੀ ਦੇ ਆਪਣੇ ਹੀ ਬੈਂਕ ਖਾਤੇ ਵਿੱਚ ਆਪ ਹੀ ਪੈਸੇ ਕਢਵਾਉਣ ਵੇਲੇ ਜੋ ਮੇਰੀ ਦੁਰਗਤ ਅੱਜ ਹੋਈ ਸੀ, ਉਸ ਨੇ ਮੈਨੂੰ ਸਿਰ ਤੋਂ ਪੈਰਾਂ ਦੇ ਨਹੁੰਆਂ ਤੀਕ ਕੰਬਾ ਦਿੱਤਾ ਸੀ।ਮੈਂ ਮੁਸਕਰਾਹਟ ਦੀ ਚਾਦਰ ਓਢ ਕੇ ਆਪਣੀ ਹੋਈ ਨਮੋਸ਼ੀ ਨੂੰ ਕੱਜਣ ਦਾ ਪੂਰਾ ਯਤਨ ਕੀਤਾ, ਪਰ ਇੰਝ ਜਾਪਦਾ ਸੀ ਕਿ ਰਾਬਰਟ ਵਿਚਲੇ ਲੇਖਕ ਨੇ ਪੂਰੇ ਅਰਥਾਂ ਸਮੇਤ ਸਭ ਕੁਝ ਪੜ੍ਹ ਲਿਆ ਸੀ।

****

## ਟਰੰਪ ਨੇ ਸੱਤ ਅੰਤਹੀਣ ਯੁੱਧ ਖ਼ਤਮ ...

ਸੀ.ਐੱਨ.ਐੱਨ. ਨੇ ਕਿਹਾ ਕਿ ਟਰੰਪ ਨੇ ਚਾਰ ਯੁੱਧਾਂ ਵਿੱਚ ਮਦਦ ਕੀਤੀ ਪਰ ਬਾਕੀ ਯੁੱਧ ਨਹੀਂ ਬਲਕਿ ਤਣਾਅ ਸਨ।ਗਾਰਡੀਅਨ ਯੂ.ਕੇ. ਨੇ ਲਿਖਿਆ ਕਿ ਟਰੰਪ ਦਾ ਯੂ.ਐੱਨ. ਨੂੰ ਅਣਉਪਯੋਗੀ ਕਹਿਣਾ ਗਲਤ ਹੈ ਕਿਉਂਕਿ ਯੂ.ਐੱਨ. ਨੇ ਬਹੁਤੇ ਯੁੱਧ ਰੋਕੇ ਹਨ ਜਿਵੇਂ ਇਰਾਨ-ਇਰਾਕ।ਫ਼ੈਕਟਚੈੱਕ.ਆਰਗ ਨੇ ਕਿਹਾ ਕਿ ਟਰੰਪ ਨੇ ਕੁਝ ਵਿੱਚ ਮਹੱਤਵਪੂਰਨ ਰੋਲ ਨਿਭਾਇਆ ਪਰ ਬਹੁਤੇ ਵਿੱਚ ਯੁੱਧ ਪੂਰੀ ਤਰ੍ਹਾਂ ਖਤਮ ਨਹੀਂ ਹੋਏ ਅਤੇ ਕੁਝ ਨਵੇਂ ਤਣਾਅ ਵਧੇ ਹਨ। ਇਸ ਤਰ੍ਹਾਂ, ਟਰੰਪ ਦੇ ਦਾਅਵੇ ਸਿਆਸੀ ਰਣਨੀਤੀ ਦਾ ਹਿੱਸਾ ਲੱਗਦੇ ਹਨ।

***

## ਯੂਕ੍ਰੇਨ ਨੂੰ ਵਾਪਸ ਮਿਲ ਸਕਦੇ ਨੇ...

ਇਸ ਜੰਗ ਦੀ ਸ਼ੁਰੂਆਤ ’ਚ ਜਿਥੋਂ ਸਰਹੱਦਾਂ ਬਦਲੀਆਂ ਸਨ, ਉਥੇ ਪਰਤਣਾ ਪੂਰੀ ਤਰ੍ਹਾਂ ਸੰਭਵ ਹੈ।” ਟਰੰਪ ਦਾ ਹਮਾਇਤ ਵਾਲਾ ਰਵੱਈਆ ਜੇ ਇਸੇ ਤਰ੍ਹਾਂ ਕਾਇਮ ਰਿਹਾ ਤਾਂ ਜ਼ੇਲੈਂਸਕੀ ਲਈ ਵੱਡੀ ਜਿੱਤ ਸਾਬਤ ਹੋਵੇਗਾ। ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ੇਲੈਂਸਕੀ ਨੇ ਕਿਹਾ ਕਿ ਟਰੰਪ ਆਪਣੇ ਆਪ ’ਚ ਗੇਮਚੇਂਜਰ ਹੈ।

**ਰੂਸ ਵੱਲੋਂ ਟਰੰਪ ਦਾ ਬਿਆਨ ਖਾਰਜ**

ਡੋਨਾਲਡ ਟਰੰਪ ਦੇ ਉਸ ਬਿਆਨ ਨੂੰ ਖਾਰਜ ਕਰ ਦਿੱਤਾ ਹੈ ਜਿਸ ’ਚ ਉਨ੍ਹਾਂ ਕਿਹਾ ਹੈ ਕਿ ਯੂਕਰੇਨ, ਯੂਰਪੀ ਯੂਨੀਅਨ ਦੀ ਸਹਾਇਤਾ ਨਾਲ ਆਪਣੇ ਖੁੱਸੇ ਇਲਾਕੇ ਮੁੜ ਤੋਂ ਹਾਸਲ ਕਰ ਸਕਦਾ ਹੈ।ਰੂਸੀ ਤਰਜਮਾਨ ਦਮਿੱਤਰੀ ਪੇਸਕੋਵ ਨੇ ਕਿਹਾ ਕਿ ਰੂਸ ਵੀ ਹੁਣ ਯੂਰਪੀ ਸੁਰੱਖਿਆ ਦਾ ਅਟੁੱਟ ਹਿੱਸਾ ਹੈ। ਉਸ ਨੇ ਕਿਹਾ ਕਿ ਟਰੰਪ ਨੇ ਆਪਣੇ ਯੂਕ੍ਰੇਨੀ ਹਮਰੁਤਬਾ ਵੋਲੋਦੀਮੀਰ ਜ਼ੇਲੈਂਸਕੀ ਦਾ ਪੱਖ ਸੁਣਿਆ ਅਤੇ ਉਹ ਉਸ ਤੋਂ ਪ੍ਰਭਾਵਿਤ ਹੋ ਗਏ ਜਿਸ ਕਾਰਨ ਉਨ੍ਹਾਂ ਬਿਆਨ ਦਿੱਤਾ ਹੈ।

***

## ਅਮਰੀਕਾ ਦੇ ਸਖਤ ਕਾਨੂੰਨਾਂ ਦਾ ...

ਸੰਸਥਾ ਦੇ ਸੀ.ਈ.ਓ. ਰਮਨ ਢਿੱਲੋਂ ਦੇ ਅਨੁਸਾਰ ਅਮਰੀਕਾ ਵਿੱਚ ਲਗਭਗ 1,50,000 ਸਿੱਖ ਟਰੱਕ ਚਾਲਕ ਕੰਮ ਕਰ ਰਹੇ ਹਨ।ਉਨ੍ਹਾਂ ਮੁਤਾਬਕ ਫਲੋਰਿਡਾ ਵਾਲੇ ਹਾਦਸੇ ਤੋਂ ਬਾਅਦ, ਐਸੋਸੀਏਸ਼ਨ ਨੂੰ ਕਈ ਸਿੱਖ ਚਾਲਕਾਂ ਨੂੰ ਪਰੇਸ਼ਾਨ ਕਰਨ ਦੀਆਂ ਸ਼ਿਕਾਇਤਾਂ ਮਿਲੀਆਂ ਹਨ।ਉਹ ਦੱਸਦੇ ਹਨ ਕਿ ਇੱਕ ਮਾਮਲੇ ਵਿੱਚ ਇੱਕ ਸਿੱਖ ਆਦਮੀ ਨੂੰ ਓਕਲਾਹੋਮਾ ਦੇ ਟਰੱਕ ਅੱਡੇ ਤੋਂ ਉਸ ਸਮੇਂ ਕੱਢ ਦਿੱਤਾ ਗਿਆ, ਜਦੋਂ ਉਹ ਨਹਾਉਣ ਲੱਗਿਆ ਸੀ। ਸਿੱਖ ਡਰਾਈਵਰ ਅਮਰੀਕਾ ਦੇ ਵੱਖ-ਵੱਖ ਸੂਬਿਆਂ ਵਿੱਚ ਟਰੱਕ ਚਲਾਉਂਦੇ ਹਨ ਪਰ ਸਭ ਤੋਂ ਵੱਡੀ ਗਿਣਤੀ ਵਿੱਚ ਸਿੱਖ ਡਰਾਈਵਰ ਕੈਲੀਫੋਰਨੀਆ ਵਿੱਚ ਕੰਮ ਕਰਦੇ ਹਨ।

***

## ਅਮਰੀਕਾ ਸਰਕਾਰ ਵੱਲੋਂ ਡਰਾਈਵਰਾਂ...

ਬੀਤੇ ਸਮੇਂ ’ਚ ਹੋਏ ਕੁਝ ਜਾਨਲੇਵਾ ਹਾਦਸਿਆਂ ਵਿੱਚ ਵੀ ਕੁਝ ਅਜਿਹੇ ਡਰਾਈਵਰ ਵੀ ਸ਼ਾਮਲ ਸਨ, ਜਿਸ ਕਾਰਨ ਪ੍ਰਸ਼ਾਸਨ ਨੇ ਨਿਯਮਾਂ ਨੂੰ ਹੋਰ ਸਖ਼ਤ ਬਣਾਉਣ ਦਾ ਫੈਸਲਾ ਲਿਆ ਹੈ। ਡੀ.ਓ.ਟੀ. ਦਾ ਕਹਿਣਾ ਹੈ ਕਿ ਵਿਭਾਗ ਦੀਆਂ ਇਹ ਖ਼ਾਮੀਆਂ ਸੜਕ ਸੁਰੱਖਿਆ ਲਈ ਖ਼ਤਰਾ ਬਣ ਰਹੇ ਸਨ।ਹੁਣ ਜੇਕਰ ਤੁਹਾਡੇ ਕੋਲ ਨਾਨ ਡੋਮੀਸਾਇਲ ਸੀ.ਡੀ.ਐਲ./ਸੀ.ਐਲ.ਪੀ. ਹੈ ਜਾਂ ਤੁਸੀਂ ਇਸ ਲਈ ਅਪਲਾਈ ਕਰ ਰਹੇ ਹੋ ਤਾਂ ਤੁਹਾਨੂੰ ਵੈਲਿਡ ਰੋਜ਼ਗਾਰ-ਅਧਾਰਤ ਵੀਜ਼ਾ ਸਟੇਟਸ ਰੱਖਣਾ ਲਾਜ਼ਮੀ ਹੈ।ਤੁਹਾਨੂੰ ਆਪਣਾ ਪਾਸਪੋਰਟ ਅਤੇ ਆਈ-94 ਰਿਕਾਰਡ ਹਮੇਸ਼ਾ ਅਪਡੇਟ ਅਤੇ ਵੈਲਿਡ ਰੱਖਣਾ ਪਵੇਗਾ।ਤੁਹਾਨੂੰ ਐਸ.ਏ.ਵੀ.ਈ. ਜਾਂ ਕਿਸੇ ਹੋਰ ਸਰਕਾਰੀ ਸਿਸਟਮ ਰਾਹੀਂ ਆਪਣੀ ਯੋਗਤਾ ਸਾਬਤ ਕਰਨੀ ਪਵੇਗੀ। ਇਸ ਤੋਂ ਇਲਾਵਾ ਸੀ.ਡੀ.ਐਲ./ਸੀ.ਐਲ.ਪੀ. ਦੀ ਰੀਨਿਊਅਲ ਲਈ ਖੁਦ ਹਾਜ਼ਰ ਹੋਣਾ ਪਵੇਗਾ।ਆਪਣੇ ਦਸਤਾਵੇਜ਼ਾਂ ਦੀ ਮਿਆਦ ਸਮੇਂ ਸਿਰ ਚੈੱਕ ਕਰਦੇ ਰਹੋ ਤਾਂ ਜੋ ਲਾਇਸੰਸ ਅਯੋਗ ਨਾ ਹੋ ਜਾਵੇ।ਜੇ ਰਾਜ ਦਾ ਲਾਇਸੰਸਿੰਗ ਵਿਭਾਗ ਪਤਾ ਲਗਾ ਲਵੇ ਕਿ ਤੁਸੀਂ ਹੁਣ ਯੋਗ ਨਹੀਂ ਹੋ ਤਾਂ ਤੁਹਾਡਾ ਸੀ.ਡੀ.ਐਲ./ਸੀ.ਐਲ.ਪੀ. ਤੁਰੰਤ ਡਾਊਨਗ੍ਰੇਡ ਜਾਂ ਰੱਦ ਕੀਤਾ ਜਾ ਸਕਦਾ ਹੈ।

***

## ਡਰਾਈਵਰ ਲਈ ਗਰੀਨ ਕਾਰਡ ਹੋਲਡਰ...

ਫੈਡਰਲ ਏਜੰਸੀ ਨੇ ਦੱਸਿਆ ਕਿ ਇਸ ਸਾਲ ਜਨਵਰੀ ਤੋਂ ਅਗਸਤ ਦਰਮਿਆਨ ਕੁਝ ਜਾਨਲੇਵਾ ਹਾਦਸਿਆਂ ਵਿੱਚ ਟਰੱਕ ਡਰਾਈਵਰਾਂ ਦੀ ਇੰਮੀਗ੍ਰੇਸ਼ਨ ਸਟੇਟਸ ਗਲਤ ਸੀ, ਜਿਸ ਕਾਰਨ ਕਈ ਲੋਕਾਂ ਦੀ ਮੌਤ ਹੋ ਗਈ ਤੇ ਕਈ ਜ਼ਖ਼ਮੀ ਹੋ ਗਏ। ਨਵੇਂ ਨਿਯਮਾਂ ਮੁਤਾਬਕ ਵਰਕ ਪਰਮਿਟ ਵਾਲੇ ਪਰਵਾਸੀਆਂ ਲਈ ਸੀ.ਡੀ.ਐੱਲ. ਦਾ ਦਰਵਾਜ਼ਾ ਖੁੱਲ੍ਹਾ ਤਾਂ ਰਹੇਗਾ, ਪਰ ਇਸ ਲਈ ਉਨ੍ਹਾਂ ਨੂੰ ਹਰ ਸਾਲ ਖੁਦ ਪੇਸ਼ ਹੋ ਕੇ ਲਾਇਸੈਂਸ ਰੀਨਿਊ ਕਰਵਾਉਣਾ ਪਵੇਗਾ।

***

## ਅਫ਼ਗਾਨਿਸਤਾਨ ਵਿੱਚ ਤਾਲਿਬਾਨ ਨੇ

ਕਾਬੁਲ ਦੇ ਟੋਲੋ ਨਿਊਜ ਟੀਵੀ ਨੇ ਦੱਸਿਆ ਕਿ ਇਸ ਬਲੈਕਆਊਟ ਨੇ ਮੀਡੀਆ ਸੰਸਥਾਵਾਂ ਦੀ ਕਾਰਜਪ੍ਰਣਾਲੀ ਨੂੰ ਬੁਰੀ ਤਰ੍ਹਾਂ ਠੱਪ ਕਰ ਦਿੱਤਾ।ਵਿਦੇਸ਼ਾਂ ਵਿੱਚ ਰਹਿਣ ਵਾਲੇ ਅਫ਼ਗਾਨ ਆਪਣੇ ਪਰਿਵਾਰਾਂ ਨਾਲ ਸੰਪਰਕ ਨਹੀਂ ਕਰ ਸਕਦੇ।

ਸਭ ਤੋਂ ਵੱਡਾ ਝਟਕਾ ਅਫ਼ਗਾਨ ਕੁੜੀਆਂ ਦੀ ਸਿੱਖਿਆ ਨੂੰ ਲੱਗਾ ਹੈ।ਤਾਲਿਬਾਨ ਦੇ ਛੇਵੀਂ ਜਮਾਤ ਤੋਂ ਅੱਗੇ ਕੁੜੀਆਂ ਦੀ ਸਿੱਖਿਆ ’ਤੇ ਪਾਬੰਦੀ ਤੋਂ ਬਾਅਦ, ਬਹੁਤ ਸਾਰੀਆਂ ਕੁੜੀਆਂ ਵਿਦੇਸ਼ੀ ਅਧਿਆਪਕਾਂ ਜਾਂ ਸੰਸਥਾਵਾਂ ਦੀਆਂ ਔਨਲਾਈਨ ਕਲਾਸਾਂ ’ਤੇ ਨਿਰਭਰ ਸਨ। ਇੰਟਰਨੈੱਟ ਬੰਦ ਹੋਣ ਨਾਲ ਇਹ ਰਾਹ ਵੀ ਬੰਦ ਹੋ ਗਿਆ। ‘ਵੂਮੈਨ ਫ਼ਾਰ ਅਫ਼ਗਾਨ ਵੂਮੈਨ’ ਸੰਸਥਾ ਨੇ ਚਿਤਾਵਨੀ ਦਿੱਤੀ ਕਿ ਇਹ ਬਲੈਕਆਊਟ ਨਾ ਸਿਰਫ਼ ਅਫ਼ਗਾਨਾਂ ਨੂੰ ਚੁੱਪ ਕਰਵਾ ਰਿਹਾ ਹੈ, ਸਗੋਂ ਉਹਨਾਂ ਦੀ ਜੀਵਨ ਰੇਖਾ ਨੂੰ ਵੀ ਤੋੜ ਰਿਹਾ ਹੈ। ਇਸਦਾ ਮੀਡੀਆ, ਸਿੱਖਿਆ ਅਤੇ ਮਨੁੱਖੀ ਅਧਿਕਾਰਾਂ ’ਤੇ ਇਸ ਦਾ ਗੰਭੀਰ ਅਸਰ ਪਵੇਗਾ। ਤਾਲਿਬਾਨ ਦੀ ਇਹ ਨੀਤੀ ਦੇਸ਼ ਨੂੰ ‘ਡਿਜੀਟਲ ਹਨੇਰੇ’ ਵਿੱਚ ਧੱਕਣ ਦੀ ਕੋਸ਼ਿਸ਼ ਹੈ, ਜਿਸ ਨਾਲ ਲੋਕਾਂ ਦੀ ਆਵਾਜ ਅਤੇ ਅਜਾਦੀ ਹੋਰ ਸੁੰਗੜ ਜਾਵੇਗੀ।

***

## ਯੂਕ੍ਰੇਨ ਦੇ ਡਰੋਨ ਹਮਲਿਆਂ ਕਾਰਨ ਰੂਸ ਦੇ

ਹੁਣ ਵੀ ਇਹ ਹਿੱਸਾ 30 ਫ਼ੀਸਦੀ ਹੈ।ਇਸ ਲਈ ਯੂਕ੍ਰੇਨ ਨੇ ਰੂਸ ਦੇ ਊਰਜਾ ਪਲਾਂਟਾਂ ਨੂੰ ਨਿਸ਼ਾਨਾ ਬਣਾਇਆ ਹੈ।

ਯੂਕ੍ਰੇਨ ਨੇ ਅਗਸਤ ਵਿੱਚ ਨੋਵੋਕੁਇਬੀਸ਼ੈਵਸਕ (ਸਮਾਰਾ) ਰਿਫਾਈਨਰੀ ਤੇ ਹਮਲਾ ਕੀਤਾ, ਜਿਸ ਨਾਲ 300 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਸੀ।4 ਅਗਸਤ ਨੂੰ ਰਿਆਜ਼ਾਨ (ਰੋਸਨੈਫਟ) ਤੇ ਹਮਲੇ ਨਾਲ 500 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਸੀ। 15 ਅਗਸਤ ਨੂੰ ਸਿਜ਼ਰਾਨ (ਸਮਾਰਾ) ਵਿੱਚ 30 ਦਿਨ ਉਤਪਾਦਨ ਬੰਦ ਰਿਹਾ ਸੀ, 280 ਮਿਲੀਅਨ ਡਾਲਰ ਨੁਕਸਾਨ ਹੋਇਆ ਸੀ।29 ਅਗਸਤ ਨੂੰ ਕੁਇਬੀਸ਼ੈਵਸਕ (ਸਮਾਰਾ) ਵਿੱਚ ਵੀ ਨੁਕਸਾਨ ਹੋਇਆ ਸੀ। 14 ਸੈਪਟੈਂਬਰ ਨੂੰ ਕਿਰੀਸ਼ੀ (ਲੈਨਿੰਗਰਾਦ) ਵਿੱਚ 30 ਦਿਨ ਬੰਦ ਰਿਹਾ ਸੀ, 800 ਮਿਲੀਅਨ ਡਾਲਰ ਨੁਕਸਾਨ ਹੋਇਆ ਸੀ। 18 ਅਤੇ 24 ਸੈਪਟੈਂਬਰ ਨੂੰ ਸਲਾਵਾਤ (ਬਸ਼ਕੋਰਟੋਸਤਾਨ) ਤੇ ਹਮਲੇ ਨਾਲ 300 ਮਿਲੀਅਨ ਡਾਲਰ ਨੁਕਸਾਨ ਹੋਇਆ ਸੀ। 23 ਸੈਪਟੈਂਬਰ ਨੂੰ ਅਸਟ੍ਰਾਖਾਨ ਗੈਸ ਪਲਾਂਟ ਵਿੱਚ ਆਪ੍ਰੇਸ਼ਨ ਰੁਕ ਗਿਆ ਸੀ, ਸੈਂਕੜੇ ਮਿਲੀਅਨ ਦਾ ਝਟਕਾ ਲਗਾ ਸੀ।ਸਲਾਵਾਤ ਰਿਫਾਈਨਰੀ ਰੂਸ ਦੀ ਊਰਜਾ ਪ੍ਰਣਾਲੀ ਦੀ ਮਹੱਤਵਪੂਰਨ ਕੜੀ ਹੈ, ਜਿਸ ਨੂੰ ਦੋ ਵਾਰ ਨਿਸ਼ਾਨਾ ਬਣਾਇਆ ਗਿਆ ਸੀ।ਇਹ ਹਮਲੇ ਰੂਸ ਦੀ ਅਰਥਵਿਵਸਥਾ ਉਪਰ ਸਿੱਧਾ ਹਮਲਾ ਹਨ। ਰੂਸ ਵਿੱਚ ਪੈਟਰੋਲ ਪੰਪਾਂ ’ਤੇ ਲੰਮੀਆਂ ਕਤਾਰਾਂ ਲੱਗ ਰਹੀਆਂ ਹਨ ਅਤੇ ਈਂਧਣ ਦੀਆਂ ਕੀਮਤਾਂ ਵਧ ਰਹੀਆਂ ਹਨ। ਇਹ ਸਭ ਪੁਤਿਨ ਦੀਆਂ ਕਮਜ਼ੋਰ ਨਸਾਂ ’ਤੇ ਵਾਰ ਹਨ, ਜੋ ਉਸ ਨੂੰ ਗੱਲਬਾਤ ਦੀ ਮੇਜ਼ ’ਤੇ ਲਿਆਉਣ ਲਈ ਕੀਤੇ ਜਾ ਰਹੇ ਹਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ-ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ।ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ।ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

ਪਾਠਕਾਂ ਲਈ ਵਿਸ਼ੇਸ਼ ਸੂਚਨਾ
ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ
www.amritsartimes.live
ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

## ਕੀ ਵਾਤਾਵਰਣ ਪ੍ਰਣਾਲੀਆਂ ਲਈ...

ਜੇਕਰ ਜਾਨਵਰ ਇਨ੍ਹਾਂ ਦੂਸ਼ਿਤ ਪੌਦਿਆਂ ਨੂੰ ਖਾਂਦੇ ਹਨ ਤਾਂ ਇਹ ਜ਼ਹਿਰੀਲੇ ਪਦਾਰਥ ਉਨ੍ਹਾਂ ਦੇ ਸਰੀਰ ਤੱਕ ਪਹੁੰਚ ਜਾਂਦੇ ਹਨ। ਬਾਅਦ ਵਿੱਚ ਇਹ ਜ਼ਹਿਰੀਲੇ ਪਦਾਰਥ ਜਾਨਵਰਾਂ ਰਾਹੀਂ ਸਾਡੇ ਭੋਜਨ ਤੱਕ ਪਹੁੰਚ ਸਕਦੇ ਹਨ।

ਕੁਝ ਥਾਵਾਂ 'ਤੇ ਹੜ੍ਹਾਂ ਨਾਲ ਮਿੱਟੀ ਦੀ ਗੁਣਵੱਤਾ ਵਧ ਜਾਂਦੀ ਹੈ, ਜਦਕਿ ਕਈ ਥਾਵਾਂ 'ਤੇ ਮਿੱਟੀ ਵੀ ਖਰਾਬ ਹੋ ਜਾਂਦੀ ਹੈ। ਵਿਨਾਸ਼ਕਾਰੀ ਹੜ੍ਹਾਂ ਕਾਰਨ 5 ਤੋਂ 10 ਸੈਂਟੀਮੀਟਰ ਤੱਕ ਮਿੱਟੀ ਦਾ ਉਪਰਲਾ ਹਿੱਸਾ ਰੁੜ੍ਹ ਜਾਂਦਾ ਹੈ। ਜਦੋਂ ਕਿ, ਸਿਰਫ਼ ਇਸ ਹਿੱਸੇ ਵਿੱਚ ਪੌਸ਼ਟਿਕ ਤੱਤ ਹੁੰਦੇ ਹਨ। ਹੜ੍ਹਾਂ ਦੇ ਪਾਣੀ ਦੇ ਖਾਤਮੇ ਤੋਂ ਬਾਅਦ ਇਸ ਮਿੱਟੀ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ।

ਕਲਪਨਾ ਕਰੋ ਕਿ ਤੁਹਾਡੇ ਖੇਤਰ ਵਿੱਚ ਇੱਕ ਹੜ੍ਹ ਆਇਆ ਅਤੇ ਮਿੱਟੀ ਨੂੰ ਧੋ ਦਿੱਤਾ।

ਹੁਣ ਤੁਸੀਂ ਉੱਥੇ ਮਿੱਟੀ ਦੇਖ ਸਕਦੇ ਹੋ, ਪਰ ਇਸਦੀ ਸਭ ਤੋਂ ਕੀਮਤੀ ਪਰਤ ਹਟਾ ਦਿੱਤੀ ਗਈ ਹੈ। ਮਨੁੱਖ ਇਸ ਪਰਤ ਨੂੰ ਦੁਬਾਰਾ ਨਹੀਂ ਬਣਾ ਸਕਦਾ।

ਜੈਵ ਵਿਭਿੰਨਤਾ ਨੂੰ ਬਣਾਈ ਰੱਖਣ ਵਿੱਚ ਮਿੱਟੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਜਰਮਨੀ ਦੀ ਗ੍ਰੀਨ ਪਾਰਟੀ ਨਾਲ ਜੁੜੇ ਹੇਨਰਿਕ ਬੋਲ ਫ਼ਾਊਂਡੇਸ਼ਨ ਦੁਆਰਾ ਪ੍ਰਕਾਸ਼ਿਤ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਇੱਕ ਸਿਹਤਮੰਦ ਧਰਤੀ ਜੰਗਲਾਂ ਨਾਲੋਂ ਜ਼ਿਆਦਾ ਕਾਰਬਨ ਡਾਈਆਕਸਾਈਡ ਨੂੰ ਸਟੋਰ ਕਰ ਸਕਦੀ ਹੈ।

ਮਿੱਟੀ ਦੇ ਕਟਾਓ ਕਾਰਨ, ਕੁਦਰਤੀ ਨਿਵਾਸ ਨਸ਼ਟ ਹੋ ਜਾਂਦੇ ਹਨ ਅਤੇ ਜ਼ਮੀਨ ਦਾ ਰੂਪ ਬਦਲ ਜਾਂਦਾ ਹੈ। ਇਸ ਤੋਂ ਇਲਾਵਾ, ਇਸ ਨਾਲ ਧਰਤੀ ਦੀ ਪਾਣੀ ਨੂੰ ਸੋਖਣ ਦੀ ਸਮਰੱਥਾ ਵੀ ਘੱਟ ਜਾਂਦੀ ਹੈ, ਜਿਸ ਨਾਲ ਸਮੱਸਿਆ ਹੋਰ ਵਧ ਜਾਂਦੀ ਹੈ।

ਹੇਨਰਿਕ ਬੌਲ ਫ਼ਾਊਂਡੇਸ਼ਨ ਦੇ ਪ੍ਰਧਾਨ ਇਮੇ ਸ਼ੋਲਟਜ਼ ਨੇ ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ, 'ਜਲਵਾਯੂ ਸੰਕਟ ਦਾ ਸਾਹਮਣਾ ਕਰਨ ਲਈ, ਸਾਨੂੰ ਸਿਹਤਮੰਦ ਮਿੱਟੀ ਦੀ ਲੋੜ ਹੈ। ਜਦੋਂ ਮਿੱਟੀ ਸਿਹਤਮੰਦ ਹੁੰਦੀ ਹੈ, ਤਾਂ ਇਹ ਪ੍ਰਤੀ ਹੈਕਟੇਅਰ 3,750 ਟਨ ਪਾਣੀ ਪੈਦਾ ਕਰ ਸਕਦੀ ਹੈ ਅਤੇ ਇਸ ਪਾਣੀ ਨੂੰ ਛੱਡ ਸਕਦੀ ਹੈ। ਲੋੜ ਦੇ ਸਮੇਂ ਇਸ ਪਾਣੀ ਨੂੰ ਵਰਤਿਆ ਜਾ ਸਕਦਾ ਹੈ।'

****

## ਦੱਖਣੀ ਏਸ਼ੀਆ ਦੀ ਅਸਥਿਰਤਾ...

ਫ਼ਿਰਕਾਪ੍ਰਸਤੀ ਨੂੰ ਹਵਾ ਦੇ ਕੇ ਅਤੇ ਲੋਕਾਂ ਵਿੱਚ ਧਰਮ ਤੇ ਜਾਤ ਦੇ ਨਾਂਅ 'ਤੇ ਫੁੱਟ ਪਾ ਕੇ ਲੋਕਾਂ ਦਾ ਧਿਆਨ ਸਿਹਤ, ਸਿੱਖਿਆ ਤੇ ਰੁਜ਼ਗਾਰ ਵਰਗੇ ਬੁਨਿਆਦੀ ਮੁੱਦਿਆਂ ਤੋਂ ਬਹੁਤੀ ਦੇਰ ਤੱਕ ਲਾਂਭੇ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਨਿਆਂਪਾਲਿਕਾ, ਚੋਣ ਕਮਿਸ਼ਨ ਜਾਂ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਵਿਰੋਧੀ ਪਾਰਟੀਆਂ ਨੂੰ ਲਗਾਤਾਰ ਦਬਾ ਕੇ ਰੱਖਿਆ ਜਾ ਸਕਦਾ ਹੈ। ਭਾਰਤ ਵਰਗੇ ਦੇਸ਼ ਨੂੰ ਚਲਾਉਣ ਲਈ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਲੋਕ-ਪੱਖੀ ਆਰਥਿਕ ਨੀਤੀਆਂ ਅਪਨਾਉਣ ਦੀ ਲੋੜ ਹੈ, ਜਿਨ੍ਹਾਂ ਨਾਲ ਨੌਜਵਾਨਾਂ ਅਤੇ ਹੋਰ ਮਿਹਨਤਕਸ਼ ਵਰਗਾਂ ਲਈ ਰੁਜ਼ਗਾਰ ਦੇ ਮੌਕੇ ਵਧ ਸਕਣ। ਦੱਖਣੀ ਏਸ਼ੀਆ ਦੀ ਅਜੋਕੀ ਰਾਜਨੀਤਕ ਤੇ ਆਰਥਿਕ ਸਥਿਤੀ ਵਿੱਚ ਇਹੀ ਸਭ ਤੋਂ ਵੱਡਾ ਸਬਕ ਹੈ, ਜੋ ਭਾਰਤੀ ਹੁਕਮਰਾਨਾਂ ਨੂੰ ਸਿੱਖਣਾ ਚਾਹੀਦਾ ਹੈ।

***

## ਨਵੇਂ ਅਕਾਲੀ ਦਲ ਦੀਆਂ ਕੀ...

ਪੰਜਾਬੀ ਹਿੰਦੂ ਭਾਈਚਾਰੇ ਦੀਆਂ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਭੂਮਿਕਾਵਾਂ ਨੂੰ ਪਛਾਣਿਆ ਅਤੇ ਅਪਣਾਇਆ ਜਾਣਾ ਚਾਹੀਦਾ ਹੈ। ਪੰਜਾਬ ਨੇ ਬਦਕਿਸਮਤੀ ਨਾਲ ਅਤੀਤ 'ਚ ਇਸ ਜੀਵੰਤ ਭਾਈਚਾਰੇ ਦੀ ਤੰਗ-ਦਿਲ ਤੇ ਵੰਡਪਾਊ ਲੀਡਰਸ਼ਿਪ ਕਾਰਨ ਬਹੁਤ ਦੁੱਖ ਝੱਲਿਆ ਹੈ।

ਪੰਜਾਬ ਵਿੱਚ ਮੁਸਲਿਮ ਤੇ ਇਸਾਈ ਘੱਟਗਿਣਤੀਆਂ ਵੀ ਹਨ; ਇੱਥੋਂ ਤੱਕ ਕਿ ਜੈਨੀਆਂ ਤੇ ਬੋਧੀਆਂ ਦਾ ਛੋਟਾ ਜਿਹਾ ਹਿੱਸਾ ਵੀ ਹੈ। ਪੰਜਾਬ ਨੂੰ ਆਪਣੇ ਰਾਜਨੀਤਕ ਅਮਲ ਵਿੱਚ ਬਹੁਲਵਾਦ ਦਾ ਸਤਿਕਾਰ ਕਰਨ ਦੀ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਇਹ ਸਭ ਤੋਂ ਵੱਧ ਅਹਿਮ ਹੈ ਕਿ ਹਰਿਆਣੇ ਨਾਲ ਸਬੰਧ ਸੁਖਾਵੇਂ ਰਹਿਣ, ਉਦੋਂ ਵੀ ਜਦੋਂ ਵਿਵਾਦ ਹੋਣ (ਜਿਵੇਂ ਦਰਿਆਈ ਪਾਣੀਆਂ 'ਤੇ) ਕਿਉਂਕਿ ਹਰਿਆਣਾ ਵੀ ਕੇਂਦਰ 'ਚ ਹੇਰ-ਫੇਰ ਨਾਲ ਖੇਡੀਆਂ ਜਾਂਦੀਆਂ ਰਾਜਨੀਤਕ ਚਾਲਾਂ ਦਾ ਸ਼ਿਕਾਰ ਹੈ। ਉਦਾਹਰਨ ਦੇ ਤੌਰ 'ਤੇ ਨਵੀਂ ਰਾਜਧਾਨੀ ਦੇ ਨਿਰਮਾਣ ਲਈ ਹਰਿਆਣਾ ਦੀ ਮਦਦ ਕਰਨੀ ਬਣਦੀ ਹੈ, ਜੋ ਪ੍ਰਭਾਵਸ਼ਾਲੀ ਹਰਿਆਣਵੀ ਸੱਭਿਆਚਾਰ ਵਾਲੇ ਖੇਤਰ ਵਿੱਚ ਹੋਵੇ। ਚੰਡੀਗੜ੍ਹ ਹਰਿਆਣਵੀ ਸੱਭਿਆਚਾਰ ਦੇ ਪੂਰੇ ਵਿਕਾਸ ਲਈ ਢੁੱਕਵਾਂ ਨਹੀਂ।

ਨਵੇਂ ਸੁਰਜੀਤ ਹੋਏ ਅਕਾਲੀ ਦਲ ਨੂੰ ਹੋਰ ਖੇਤਰੀ ਪਾਰਟੀਆਂ ਨਾਲ ਸਬੰਧ ਬਣਾਉਣੇ ਚਾਹੀਦੇ ਹਨ, ਕਿਉਂਕਿ ਭਾਰਤੀ ਰਾਜਨੀਤੀ ਦਾ ਭਵਿੱਖ ਰਾਜਾਂ ਦੇ ਖੇਤਰੀ ਪ੍ਰਸ਼ਾਸਨ ਵੱਲ ਜਾਣਾ ਤੈਅ ਹੈ। ਇਸ ਦੇ ਨਾਲ ਹੀ ਨਵੀਂ ਪਾਰਟੀ ਨੂੰ ਉਨ੍ਹਾਂ ਕੇਂਦਰੀਕ੍ਰਿਤ ਸਿਆਸੀ ਪਾਰਟੀਆਂ ਨਾਲ ਵੀ ਗੱਠਜੋੜ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਕੇਂਦਰੀਕਰਨ ਅਤੇ ਇਕਸਾਰਤਾ ਦੇ ਪੁਰਾਣੇ ਦ੍ਰਿਸ਼ਟੀਕੋਣਾਂ ਤੋਂ ਵੱਖ ਹੋਣ ਅਤੇ ਵਿਕੇਂਦਰੀਕਰਨ ਤੇ ਰਾਜਾਂ ਨੂੰ ਵੱਧ ਸ਼ਕਤੀ ਦੇਣ ਦੇ ਦ੍ਰਿਸ਼ਟੀਕੋਣ ਵੱਲ ਵਧਣ ਪ੍ਰਤੀ ਹਮਦਰਦੀ ਰੱਖਦੀਆਂ ਹਨ।

ਕਥਿਤ ਹਰੀ ਕ੍ਰਾਂਤੀ ਕਾਰਨ ਤਬਾਹ ਹੋਏ ਪੰਜਾਬ ਦੇ ਵਾਤਾਵਰਣ ਦਾ ਸੰਤੁਲਨ ਬਹਾਲ ਕਰਨ ਲਈ ਫੌਰੀ ਤੌਰ 'ਤੇ ਨਵੀਂ ਵਾਤਾਵਰਣ ਅਨੁਕੂਲ ਖੇਤੀ, ਉਦਯੋਗਿਕ ਅਤੇ ਊਰਜਾ ਪਹਿਲਕਦਮੀਆਂ ਵੱਲ ਵਧਣ ਦੀ ਲੋੜ ਹੈ। ਪੰਜਾਬ ਦੀਆਂ ਸਰਕਾਰੀ ਸੰਸਥਾਵਾਂ ਨੂੰ ਫੰਡ ਦਿੱਤੇ ਜਾਣ ਤੇ ਵਿਕਸਿਤ ਕੀਤੇ ਜਾਣ ਦੀ ਲੋੜ ਹੈ ਅਤੇ ਸਿੱਖਿਆ ਅਤੇ ਸਿਹਤ ਦਾ ਮੁਨਾਫ਼ਾ ਮੁਖੀ ਨਿੱਜੀਕਰਨ ਜਿਸ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ, ਨੂੰ ਮੂਲ ਰੂਪ ਵਿੱਚ ਰੋਕਣ ਦੀ ਲੋੜ ਹੈ। ਇਸ ਲਈ ਰਾਜ ਦੇ ਕਰਜ਼ੇ ਨੂੰ ਖਤਮ ਕਰਨ ਦੀ ਜ਼ਰੂਰਤ ਹੈ। ਇਸ ਵਾਸਤੇ, ਕੇਂਦਰ ਤੋਂ ਕਿਸੇ ਵੀ ਤਰ੍ਹਾਂ ਦੀ ਮਦਦ ਲੈਣ ਤੋਂ ਇਲਾਵਾ, ਪੰਜਾਬ ਦੇ ਉਨ੍ਹਾਂ ਅਮੀਰਾਂ 'ਤੇ ਵਿਸ਼ੇਸ਼ ਸੈੱਸ ਲਾਉਣ ਦੀ ਲੋੜ ਪੈ ਸਕਦੀ ਹੈ ਜਿਨ੍ਹਾਂ ਰਾਜ ਦੀਆਂ ਜ਼ਮੀਨਾਂ, ਜੰਗਲ, ਪਾਣੀ, ਪਹਾੜੀਆਂ ਅਤੇ ਕਿਰਤ ਦਾ ਸ਼ੋਸ਼ਣ ਕਰ ਕੇ ਦੌਲਤ ਇਕੱਠੀ ਕੀਤੀ ਹੈ। ਪਰਵਾਸੀ ਪੰਜਾਬੀ ਵੀ ਅਜਿਹੀ ਪਹਿਲਕਦਮੀ ਲਈ ਖੁੱਲ੍ਹੇ ਦਿਲ ਨਾਲ ਮਦਦ ਕਰਨਗੇ। ਆਲਮੀ ਪੰਜਾਬੀ ਭਾਈਚਾਰਾ, ਜਿਸ ਨੂੰ ਮੁੱਖ ਧਾਰਾ ਦੇ ਭਾਰਤੀ ਮੀਡੀਆ ਦੁਆਰਾ ਬਹੁਤ ਬਦਨਾਮ ਕੀਤਾ ਗਿਆ ਹੈ, ਆਪਣੇ ਵਤਨ ਪੰਜਾਬ ਨੂੰ ਸਮਾਜਿਕ ਤੌਰ 'ਤੇ ਪ੍ਰਗਤੀਸ਼ੀਲ ਅਤੇ ਵਾਤਾਵਰਨ ਦੇ ਪੱਖ ਤੋਂ ਖੁਸ਼ਹਾਲ ਥਾਂ ਬਣਾਉਣ ਲਈ ਯੋਗਦਾਨ ਪਾਉਣ ਦੀ ਤਾਂਘ ਰੱਖਦਾ ਹੈ।

***

## ਏ. ਕੇ. 47 ਰਾਈਫ਼ਲ ਦੁਨੀਆ ਦਾ...

ਯੂਰਪ ਵਿੱਚ ਚਾਰਲੀ ਹੈਬਡੋ ਅਤੇ ਪੈਰਿਸ ਹਮਲਿਆਂ ਵਿੱਚ ਵੀ ਏਕੇ ਵਰਜਨ ਵਰਤੇ ਗਏ। ਕਸ਼ਮੀਰ ਵਿੱਚ ਜੈਸ਼-ਏ-ਮੁਹੰਮਦ (ਜੇ.ਐੱਲ.ਐੱਮ.) ਅਤੇ ਹਿੰਦਰ ਅਤੇ ਲਸ਼ਕਰ-ਏ-ਤੋਇਬਾ ਵਰਗੇ ਗਰੁੱਪ 2025 ਪਹਿਲਗਾਮ ਹਮਲੇ ਵਿੱਚ ਵੀ ਏ.ਕੇ.47 ਅਤੇ ਐੱਮ-4 ਨਾਲ 26 ਨੂੰ ਮਾਰ ਚੁੱਕੇ ਹਨ। ਇਹ ਪਾਕਿਸਤਾਨੀ ਲਾਈਨ ਆਫ਼ ਕੰਟਰੋਲ ਤੋਂ ਸਮੁੱਗਲ ਹੁੰਦੀ ਹੈ। ਮਣੀਪੁਰ ਵਿੱਚ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐੱਲ.ਏ.), ਯੂਨਾਈਟਡ ਨੈਸ਼ਨਲ ਲਿਬਰੇਸ਼ਨ ਫ਼ਰੰਟ (ਯੂ.ਐੱਨ.ਐੱਲ.ਐੱਫ਼.) ਅਤੇ ਕੰਗਲੇਪੱਕ ਕਮਿਊਨਿਸਟ ਪਾਰਟੀ (ਕੇ.ਸੀ.ਪੀ.) ਵਰਗੇ ਗਰੁੱਪ 2023 ਦੇ ਏਥਨਿਕ ਹਿੰਸਾ ਤੋਂ ਬਾਅਦ ਲੁੱਟੀਆਂ ਗਈਆਂ ਏ.ਕੇ.47 ਨੂੰ ਸਨਾਈਪਰ ਰਾਈਫ਼ਲਾਂ ਵਿੱਚ ਬਦਲ ਰਹੇ ਹਨ। ਮਈਤੀ ਅਤੇ ਕੁੱਕੀ ਕਮਿਊਨਿਟੀਆਂ ਦੇ ਵਿਦਰੋਹੀ ਇਸ ਨਾਲ ਲੰਮੀ ਦੂਰੀ ਵਾਲੇ ਹਮਲੇ ਕਰ ਰਹੇ ਹਨ। ਨੌਰਥ-ਈਸਟ ਵਿੱਚ ਨਾਗਾ ਗਰੁੱਪ ਜਿਵੇਂ ਐੱਨ.ਐੱਸ.ਸੀ.ਐੱਨ. (ਆਈ.ਐੱਮ) ਅਤੇ ਐੱਨ.ਐੱਸ.ਸੀ.ਐੱਨ.(ਕੇ) ਵੀ ਇਸ ਨੂੰ ਵਰਤਦੇ ਹਨ, ਜੋ ਆਜ਼ਾਦ ਨਾਗਾਲੈਂਡ ਲਈ ਲੜ ਰਹੇ ਹਨ। ਤ੍ਰਿਪੁਰਾ ਅਤੇ ਅਸਾਮ ਵਿੱਚ ਵੀ ਬ੍ਰੂ (ਰਿਆਂਗ) ਅਤੇ ਚਾਕਮਾ ਟ੍ਰਾਈਬਲ ਗਰੁੱਪ ਇਸ ਨਾਲ ਵਿਰੋਧ ਕਰਦੇ ਹਨ।

ਇਹ ਹਥਿਆਰ ਭਾਰਤੀ ਫ਼ੌਜ ਅਤੇ ਪੁਲਿਸ ਲਈ ਵੀ ਚੁਣੌਤੀ ਹੈ, ਪਰ ਉਹ ਵੀ ਇਸ ਨੂੰ ਵਰਤਦੇ ਹਨ। ਫ਼ੌਜ ਵਿੱਚ ਏ.ਕੇ.ਐੱਮ. ਅਤੇ ਬੁਲਗੇਰੀਅਨ ਏ.ਕੇ. ਵੈਰੀਐਂਟਸ ਕਾਊਂਟਰ-ਇਨਸਰਜੈਂਸੀ ਅਪਰੇਸ਼ਨਾਂ ਵਿੱਚ ਵਰਤੇ ਜਾਂਦੇ ਹਨ। ਅੱਜ ਏ.ਕੇ.203 ਨੂੰ ਫ਼ੌਜ ਵਿੱਚ ਐੱਨ.ਐੱਸ.ਐੱਸ. ਨੂੰ ਬਦਲਣ ਲਈ ਅਪਣਾਇਆ ਜਾ ਰਿਹਾ ਹੈ, ਜੋ 27,000 ਤੱਕ ਪਹੁੰਚ ਚੁੱਕੀ ਹੈ। ਪੁਲਿਸ ਵਿੱਚ ਵੀ ਇਹ ਐੱਸ.ਐੱਸ.ਜੀ. (ਸਪੈਸ਼ਲ ਸਿਕਿਓਰਟੀ ਗਰੁੱਪ) ਵਿੱਚ ਵਰਤੀ ਜਾਂਦੀ ਹੈ। ਪਰ ਆਮ ਲੋਕਾਂ ਲਈ ਇਹ ਗੈਰ-ਕਾਨੂੰਨੀ ਹੈ।

****

## ਹੜ੍ਹਾਂ ਦੀ ਸਮੱਸਿਆ ਦੇ ਹੱਲ ਲਈ ਮਜ਼ਬੂਤ...

**ਡੈਮਾਂ ਦੇ ਪਾਣੀ ਛੱਡਣ ਦੇ ਪਰੋਟੋਕੋਲ ਦਾ ਮੁੜ ਮੁਲਾਂਕਣ** : ਪੰਜਾਬ ਦੇ ਡੈਮਾਂ ਨੂੰ ਭਰਨ, ਸਿੰਚਾਈ ਅਤੇ ਬਿਜਲੀ ਲੋੜਾਂ ਦੀ ਪੂਰਤੀ ਲਈ ਪਾਣੀ ਛੱਡਣ ਅਤੇ ਹੜ੍ਹਾਂ ਸਮੇਂ ਪਾਣੀ ਨੂੰ ਨਿਯੰਤਰਣ ਕਰਨ ਦਾ ਇੱਕ ਪਰੋਟੋਕੋਲ ਬਣਿਆ ਹੋਇਆ ਹੈ ਜੋ ਕਿ ਕਾਫੀ ਪੁਰਾਣਾ ਹੈ। ਮੌਜੂਦਾ ਦੌਰ ਵਿੱਚ ਆਲਮੀ ਤਪਸ਼ ਵਧਣ ਕਾਰਨ ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਕਾਰਨ ਦਰਿਆਵਾਂ ਵਿੱਚ ਅਚਾਨਕ ਆਉਂਦੇ ਪਾਣੀ ਦੀ ਮਿਕਦਾਰ ਅਤੇ ਵੇਗ ਕਾਰਨ ਪਰੋਟੋਕੋਲ ਦਾ ਮੁੜ ਮੁਲਾਂਕਣ ਕਰਨਾ ਬਣਦਾ ਹੈ।

ਤੱਤ ਸਾਰ : ਹੜ੍ਹਾਂ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਇਸ ਸਭ ਕੁਝ ਲਈ ਮਜ਼ਬੂਤ ਰਾਜਨੀਤਕ ਇਰਾਦੇ ਦੀ ਲੋੜ ਹੈ ਅਤੇ ਵੱਡੇ ਫੰਡਾਂ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਹੋਵੇਗਾ। ਨਹੀਂ ਤਾਂ ਆਉਣ ਵਾਲੇ ਸਾਲਾਂ ਵਿੱਚ ਵੀ ਪੰਜਾਬ ਦੇ ਜੰਮਿਆਂ ਨੂੰ ਇਸੇ ਤਰ੍ਹਾਂ ਦੇ ਹੜ੍ਹਾਂ ਦੇ ਹਾਲਾਤ ਨਾਲ ਸਿੱਝਣਾ ਪਵੇਗਾ ਜਿੱਥੇ ਲੋਕਾਂ ਦਾ ਅਰਬਾਂ ਰੁਪਏ ਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਰਹੇਗਾ।

***

## ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣ ਲਈ...

ਦਰਿਆਵਾਂ ਦੇ ਬੰਨ੍ਹਾਂ ਦੀ ਸਹੀ ਸਾਂਭ-ਸੰਭਾਲ ਕਰਨ ਤੋਂ ਇਲਾਵਾ ਰੇਤਾ-ਬਜਰੀ ਦੀ ਸਹੀ ਤਰੀਕੇ ਨਾਲ ਮਾਈਨਿੰਗ ਹੋਵੇ। ਪੰਜਾਬ ਦੇ ਕੰਢੀ ਇਲਾਕੇ ਵਿਚਲੇ ਦਰਿਆਵਾਂ ਤੇ ਚੋਆਂ ਵਿੱਚ ਥੋੜ੍ਹੇ-ਥੋੜ੍ਹੇ ਵਕਫੇ 'ਤੇ ਛੋਟੇ ਬੰਨ੍ਹ ਬਣਾਏ ਜਾਣ ਤਾਂ ਕਿ ਜ਼ਿਆਦਾ ਪਾਣੀ ਜ਼ਮੀਨਾਂ ਵਿੱਚ ਜ਼ੀਰ ਸਕੇ। ਕੰਢੀ ਇਲਾਕੇ ਵਿੱਚ ਬਾਂਸ ਤੇ ਹੋਰ ਬਨਸਪਤੀ ਉਗਾ ਕੇ ਬੰਨ੍ਹਾਂ ਤੇ ਹੋਰ ਭੂਮੀ ਦੀ ਰੱਖਿਆ ਦੇ ਪ੍ਰਬੰਧ ਕਰਕੇ ਪਾਣੀ ਦੀ ਰੋੜ੍ਹ ਘਟਾਈ ਜਾ ਸਕਦੀ ਹੈ।

### ਹੜ੍ਹ ਮਾਰੇ ਖੇਤਰਾਂ ਲਈ ਪ੍ਰਬੰਧ

ਪੰਜਾਬ ਦੇ ਜਿਨ੍ਹਾਂ ਇਲਾਕਿਆਂ ਵਿੱਚ ਹੜ੍ਹ ਆਉਣ ਦਾ ਖ਼ਤਰਾ ਬਣਿਆ ਰਹਿੰਦਾ ਹੈ, ਉਨ੍ਹਾਂ ਦੀ ਰਿਮੋਟ ਸੈਂਸਿੰਗ ਡੈਟਾ ਨਾਲ ਇੱਕ ਵੱਖਰੀ ਯੋਜਨਾ ਬਣਾਈ ਜਾਵੇ। ਪਿੰਡਾਂ ਵਿੱਚ ਸਾਂਝੀ ਥਾਂ 'ਤੇ ਆਬਾਦੀ ਲਈ ਘੱਟੋ-ਘੱਟ 10 ਫੁੱਟ ਉੱਚੇ ਪਿੜ ਬਣਾ ਕੇ ਉੱਥੇ ਵੱਡੇ-ਵੱਡੇ ਸ਼ੈਡ ਬਣਾਏ ਜਾਣ ਤਾਂ ਜੋ ਲੋੜ ਪੈਣ 'ਤੇ ਪਿੰਡ ਵਾਸੀਆਂ ਨੂੰ ਇੱਥੇ ਰੱਖਿਆ ਜਾ ਸਕੇ। ਜਾਨਵਰਾਂ ਲਈ ਵੱਖਰੇ ਸ਼ੈਡ ਬਣਾਏ ਜਾ ਸਕਦੇ ਹਨ। ਇਨ੍ਹਾਂ ਸ਼ੈਡਾਂ ਵਿੱਚ ਪੀਣ ਵਾਲੇ ਪਾਣੀ ਦਾ ਬੋਰ, ਪਖਾਨੇ ਤੇ ਜਨਰੇਟਰ ਆਦਿ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। ਐਤਕੀ ਹੜ੍ਹਾਂ ਦੌਰਾਨ ਸੰਸਥਾਵਾਂ ਤੇ ਵਿਅਕਤੀਆਂ ਵੱਲੋਂ ਜੋ ਕਿਸ਼ਤੀਆਂ ਦਾਨ ਕੀਤੀਆਂ ਗਈਆਂ ਹਨ, ਇਨ੍ਹਾਂ ਨੂੰ ਪਾਣੀ ਘੱਟਣ ਤੋਂ ਬਾਅਦ ਹੜ੍ਹ-ਮਾਰੇ ਇਲਾਕਿਆਂ ਦੀਆਂ ਪੰਚਾਇਤਾਂ ਨੂੰ ਸੌਂਪ ਦਿੱਤਾ ਜਾਵੇ ਤਾਂ ਜੋ ਮੁੜ ਕਦੇ ਹੜ੍ਹ ਆਉਣ 'ਤੇ ਹਰ ਪਿੰਡ ਕਿਸ਼ਤੀਆਂ ਦੀ ਤੁਰੰਤ ਵਰਤੋਂ ਕਰ ਸਕੇ।

ਇਨ੍ਹਾਂ ਸਾਰੇ ਕਾਰਜਾਂ ਲਈ ਨਬਾਰਡ, ਵਿਸ਼ਵ ਬੈਂਕ, ਉਦਯੋਗਾਂ ਦੇ ਸਮਾਜਕ ਜ਼ਿੰਮੇਵਾਰੀ ਫੰਡ (ਸੀ.ਐੱਸ.ਆਰ.) ਅਤੇ ਪ੍ਰਵਾਸੀ ਪੰਜਾਬੀਆਂ ਤੋਂ ਆਰਥਿਕ ਮਦਦ ਲਈ ਜਾ ਸਕਦੀ ਹੈ। ਇਸ ਪੈਸੇ ਦੀ ਦੁਰਵਰਤੋਂ ਨਾ ਹੋਵੇ ਇਸ ਲਈ ਸਮਾਜ ਸੇਵੀ ਸੰਸਥਾਵਾਂ ਤੇ ਲੋਕਾਂ ਦੀ ਭਾਗੀਦਾਰੀ ਨਾਲ ਸਾਰੇ ਕਾਰਜ ਪਾਰਦਰਸ਼ੀ ਤਰੀਕੇ ਨਾਲ ਪੂਰੇ ਹੋਣੇ ਚਾਹੀਦੇ ਹਨ, ਤਾਂ ਜੋ ਅਸੀਂ ਭਵਿੱਖ ਵਿੱਚ ਹੜ੍ਹਾਂ ਦੀਆਂ ਚੁਣੌਤੀਆਂ ਦਾ ਹੋਰ ਤਕੜੇ ਹੋ ਕੇ ਟਾਕਰਾ ਕਰ ਸਕੀਏ।

****

## ਭਾਰਤ-ਕੈਨੇਡਾ ਸਬੰਧਾਂ ਵਿਚਾਲ

### ਖ਼ਾਲਿਸਤਾਨੀਆਂ 'ਤੇ ਪਾਬੰਦੀਆਂ: ਕੀ ਕੈਨੇਡਾ ਭਾਰਤ ਨਾਲ ਖੜ੍ਹੇ ਹੋਵੇਗਾ ?

ਭਾਰਤ ਲਈ ਸਭ ਤੋਂ ਵੱਡੀ ਚੁਣੌਤੀ ਖ਼ਾਲਿਸਤਾਨੀ ਮੁਹਿੰਮ ਨੂੰ ਰੋਕਣਾ ਹੈ। ਕੈਨੇਡਾ ਵਿੱਚ ਖ਼ਾਲਿਸਤਾਨੀ ਗਰੁੱਪ ਜਿਵੇਂ ਸਿੱਖ ਫਾਰ ਜਸਟਿਸ ਨੂੰ ਭਾਰਤ ਹਿੰਸਕ ਤੇ ਖਾੜਕੂ ਗਰੁੱਪ ਮੰਨਦਾ ਹੈ, ਪਰ ਕੈਨੇਡਾ ਨੇ ਅਜੇ ਤੱਕ ਉਨ੍ਹਾਂ 'ਤੇ ਪਾਬੰਦੀ ਨਹੀਂ ਲਗਾਈ। ਡੋਵਾਲ-ਡਰੂਆਇਨ ਮੁਲਾਕਾਤ ਵਿੱਚ ਖ਼ਾਲਿਸਤਾਨੀ ਹਿੰਸਾ ਨੂੰ ਰੋਕਣ 'ਤੇ ਚਰਚਾ ਹੋਈ। ਕਾਰਨੀ ਸਰਕਾਰ ਨੇ ਸੰਕੇਤ ਦਿੱਤੇ ਹਨ ਕਿ ਉਹ ਭਾਰਤ ਨਾਲ ਮਿਲਕੇ ਅੱਤਵਾਦ ਵਿਰੁੱਧ ਲੜਨ ਲਈ ਤਿਆਰ ਹੈ, ਪਰ ਅਜੇ ਤੱਕ ਕੋਈ ਠੋਸ ਕਾਰਵਾਈ ਨਹੀਂ ਹੋਈ।

ਰਾਜਨੀਤਕ ਮਾਹਿਰਾਂ ਅਨੁਸਾਰ, ਜੇ ਕੈਨੇਡਾ ਨੇ ਪਾਬੰਦੀਆਂ ਲਗਾਈਆਂ ਤਾਂ ਸਬੰਧ ਪੂਰੀ ਤਰ੍ਹਾਂ ਸੁਧਰ ਜਾਣਗੇ। ਨਹੀਂ ਤਾਂ ਤਣਾਅ ਬਾਕੀ ਰਹੇਗਾ। ਆਉਣ ਵਾਲੇ ਮਹੀਨਿਆਂ ਵਿੱਚ ਵਧੇਰੇ ਡਾਇਲਾਗ ਨਾਲ ਇਹ ਸਪੱਸ਼ਟ ਹੋਵੇਗਾ ਕਿ ਕੀ ਇਹ ਨਵਾਂ ਅਧਿਆਇ ਨਿਸ਼ਚਤ ਹੋਵੇਗਾ।

***

## ਸ਼ਾਹਬਾਜ਼ ਸ਼ਰੀਫ਼ ਨੇ ਯੂ.ਐੱਨ. 'ਚ ਭਾਰਤ 'ਤੇ

ਸ਼ਰੀਫ਼ ਨੇ ਟਰੰਪ ਨੂੰ 'ਸ਼ਾਂਤੀ ਦਾ ਮਸੀਹਾ' ਕਹਿ ਨੋਬਲ ਸ਼ਾਂਤੀ ਐਵਾਰਡ ਲਈ ਸਿਫ਼ਾਰਸ਼ ਵੀ ਕੀਤੀ ਸੀ। ਉਨ੍ਹਾਂ ਨੇ ਚੀਨ, ਸਾਊਦੀ ਅਰਬ, ਤੁਰਕੀ ਅਤੇ ਅਜ਼ਰਬੈਜ਼ਾਨ ਨੂੰ ਵੀ ਰਾਜਨੀਤਿਕ ਸਮਰਥਨ ਲਈ ਧੰਨਵਾਦ ਕੀਤਾ।

ਦੂਸਰੇ ਪਾਸੇ ਭਾਰਤ ਨੇ ਕਿਹਾ ਸੀ ਕਿ ਸੀਜ਼ਫ਼ਾਇਰ ਦੋਵੇਂ ਦੇਸ਼ਾਂ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਓਪਰੇਸ਼ਨਜ਼ (ਡੀ.ਜੀ.ਐੱਮ.ਓ.) ਵਿਚਕਾਰ ਗੱਲਬਾਤ ਨਾਲ ਹੋਇਆ, ਨਾ ਕਿ ਅਮਰੀਕਾ ਦੀ ਦਖ਼ਲਅੰਦਾਜ਼ੀ ਨਾਲ। ਟਰੰਪ ਨੇ ਕਈ ਵਾਰ ਦਾਅਵਾ ਕੀਤਾ ਸੀ ਕਿ ਉਸ ਨੇ ਟਰੇਡ ਦਬਾਅ ਨਾਲ ਯੁੱਧ ਰੋਕਿਆ, ਪਰ ਭਾਰਤ ਨੇ ਇਸ ਨੂੰ 'ਗਲਤ ਤੇ ਝੂਠਾ' ਕਿਹਾ।

ਇਸ ਤੋਂ ਪਹਿਲਾਂ, 25 ਸਤੰਬਰ ਨੂੰ ਸ਼ਰੀਫ਼ ਅਤੇ ਪਾਕਿਸਤਾਨ ਫ਼ੌਜ ਦੇ ਚੀਫ਼ ਆਸਿਮ ਮੁਨੀਰ ਨੇ ਵਾਈਟ ਹਾਊਸ ਵਿੱਚ ਟਰੰਪ ਨਾਲ ਮੀਟਿੰਗ ਕੀਤੀ। ਇਹ ਛੇ ਸਾਲਾਂ ਵਿੱਚ ਪਹਿਲੀ ਵਾਰ ਸੀ ਜਦੋਂ ਕੋਈ ਪਾਕਿਸਤਾਨ ਪੀ.ਐੱਮ. ਵਾਈਟ ਹਾਊਸ ਗਿਆ। ਮੀਟਿੰਗ 80 ਮਿੰਟ ਚੱਲੀ, ਜਿਸ ਵਿੱਚ ਅੱਤਵਾਦ ਵਿਰੁੱਧ ਅਤੇ ਆਰਥਿਕ ਸਹਿਯੋਗ 'ਤੇ ਗੱਲ ਹੋਈ। ਪਾਕਿਸਤਾਨ ਨੇ ਅਮਰੀਕਾ ਤੋਂ 500 ਮਿਲੀਅਨ ਡਾਲਰ ਦਾ ਨਿਵੇਸ਼ ਵੀ ਹਾਸਲ ਕੀਤਾ। ਇਹ ਮੀਟਿੰਗ ਪਾਕ-ਅਮਰੀਕਾ ਦੇ ਨਿੱਘੇ ਸਬੰਧਾਂ ਦਾ ਸੰਕੇਤ ਹੈ, ਜੋ 2019 ਤੋਂ ਤਣਾਅ ਵਾਲੇ ਸਨ। ਭਾਰਤ ਲਈ ਇਹ ਚਿੰਤਾ ਵਾਲੀ ਗੱਲ ਹੈ, ਕਿਉਂਕਿ ਟਰੰਪ ਨੇ ਭਾਰਤ ਨੂੰ ਵੀ ਨਿਸ਼ਾਨਾ ਬਣਾਇਆ ਹੈ।

ਸ਼ਾਹਬਾਜ਼ ਸ਼ਰੀਫ਼ ਦੇ ਭਾਸ਼ਣ ਵਿੱਚ ਹਿੰਦੂ ਕੱਟੜਵਾਦ ਨੂੰ ਵਿਸ਼ਵ ਖ਼ਤਰਾ ਕਹਿਣ ਨਾਲ ਭਾਰਤ ਵਿੱਚ ਵਿਵਾਦ ਛਿੜ ਗਿਆ ਹੋਵੇ। ਹਿਊਮਨ ਰਾਈਟਸ ਵਾਚ ? ਅਤੇ ਐਮਨੈਸਟੀ ਇੰਟਰਨੈਸ਼ਨਲ ਨੇ ਵੀ ਭਾਰਤ ਵਿੱਚ ਇਸਲਾਮੋਫ਼ੋਬੀਆ ਵਧਣ ਬਾਰੇ ਚਿੰਤਾ ਜ਼ਾਹਰ ਕੀਤੀ ਸੀ। ਭਾਰਚ ਵਿੱਚ ਨਿਰਪੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਹਿੰਦੂਤਵੀ ਸਿਆਸਤ ਭਾਰਤ ਵਿੱਚ ਚੋਣਾਂ ਨੇੜੇ ਤਣਾਅ ਵਧਾ ਰਹੀ ਹੈ, ਜਿੱਥੇ ਘੱਟਗਿਣਤੀਆਂ ਨੂੰ ਡਰ ਹੈ ਕਿ ਹਿੰਦੂ ਰਾਸ਼ਟਰਵਾਦ ਵਧੇਗਾ।

***

## ਮੋਗਾ ਬੇਅਦਬੀ ਕੇਸ ਸਬੰਧੀ ਚੰਡੀਗੜ੍ਹ

ਗਿਆਨੀ ਹਰਪ੍ਰੀਤ ਸਿੰਘ ਨੇ ਹੋਰ ਕਿਹਾ ਕਿ ਬੇਅਦਬੀ ਕੇਸ ਚੰਡੀਗੜ੍ਹ ਤਬਦੀਲ ਕਰਨ ਵੇਲੇ ਤਰਕ ਦਿੱਤਾ ਗਿਆ ਸੀ ਕਿ ਪੰਜਾਬ ਵਿੱਚ ਮਾਹੌਲ ਅਨੁਕੂਲ ਨਹੀਂ, ਪਰ ਡੇਰਾ ਪ੍ਰੇਮੀ ਖੁੱਲ੍ਹੇ ਪ੍ਰੋਗਰਾਮ ਕਰ ਰਹੇ ਹਨ।

ਉਨ੍ਹਾਂ ਨੇ ਸਵਾਲ ਉਠਾਇਆ ਕਿ ਜੇ ਮਾਹੌਲ ਖਰਾਬ ਹੈ ਤਾਂ ਦੋਸ਼ੀ ਕਿਉਂ ਨਹੀਂ ਰੁਕਦੇ ? ਗਿਆਨੀ ਜੀ ਨੇ ਅਪੀਲ ਕੀਤੀ ਕਿ ਪੰਥਕ ਸੰਸਥਾਵਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੇ ਪਿਛਲੇ ਫ਼ੈਸਲਿਆਂ ਦਾ ਵੀ ਜ਼ਿਕਰ ਕੀਤਾ, ਜਿਵੇਂ ਕਿ 2021 ਵਿੱਚ ਡੇਰਾ ਮੁਖੀ ਦਾ ਨਾਂ ਐਫ਼.ਆਈ.ਆਰ. ਤੋਂ ਹਟਾਉਣ ਦੇ ਦੋਸ਼, ਜੋ ਪੁਲਿਸ ਨੇ ਰੱਦ ਕੀਤੇ ਸਨ ਪਰ ਪੰਥਕ ਆਗੂਆਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਵਿਵਾਦ ਹੁਣ ਚੋਣਾਂ ਤੱਕ ਪਹੁੰਚ ਸਕਦਾ ਹੈ। ਪੰਥਕ ਆਗੂਆਂ ਨੇ ਅਪੀਲ ਕੀਤੀ ਕਿ ਲੋਕ ਜਾਗਰੂਕ ਹੋਣ ਅਤੇ ਨਿਆਂ ਲਈ ਲੜਨ। ਇਸ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਮੋੜ ਆ ਗਿਆ ਹੈ ਅਤੇ ਭਵਿੱਖ ਵਿੱਚ ਵੱਡੇ ਰਾਜਨੀਤਕ ਬਦਲਾਅ ਹੋ ਸਕਦੇ ਹਨ।

***

## ਪੰਜਾਬ ਦਾ ਪਾਣੀ-ਹਵਾ ਜ਼ਹਿਰੀਲੇ: ਸੀਸਾ...

ਉਦਯੋਗਾਂ ਅਤੇ ਥਰਮਲ ਪਲਾਂਟਾਂ ਦੀ ਜਾਂਚ ਕਰਕੇ ਉੱਡਦੀ ਰਾਖ ਨੂੰ ਕੰਟਰੋਲ ਕਰਨ ਲਈ ਸਖ਼ਤ ਨਿਯਮ ਲਾਗੂ ਕਰਨੇ ਪੈਣਗੇ। ਖੇਤੀ ਵਿੱਚ ਰਸਾਇਣਕ ਖਾਦਾਂ ਦੀ ਵਰਤੋਂ ਘਟਾਉਣ ਲਈ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ ਬਣਾਈਆਂ ਜਾਣ। ਵਿਸ਼ਵ ਬੈਂਕ ਵਰਗੇ ਪ੍ਰੋਜੈਕਟਾਂ ਨੂੰ ਵਧਾ ਕੇ ਆਇਨ ਐਕਸਚੇਂਜ ਅਤੇ ਏਐੱਮਆਰਆਈਟੀ ਤਕਨੀਕਾਂ ਨਾਲ ਪਾਣੀ ਨੂੰ ਸ਼ੁੱਧ ਕੀਤਾ ਜਾਵੇ। ਇਸ ਤੋਂ ਇਲਾਵਾ, ਨਾਈਟ੍ਰੇਟ ਅਤੇ ਹੋਰ ਪ੍ਰਦੂਸ਼ਕਾਂ ਲਈ ਬਾਇਓਚਾਰ ਫਿਲਟਰੇਸ਼ਨ ਨੂੰ ਅਪਣਾਇਆ ਜਾਵੇ, ਜੋ ਖੇਤੀਬਾੜੀ ਰਹਿੰਦਾਂ ਤੋਂ ਬਣੇ ਹੁੰਦੇ ਹਨ। ਸਰਕਾਰ ਨੂੰ ਇੱਕ ਵਿਸ਼ੇਸ਼ ਬਜਟ ਵੀ ਬਣਾਉਣਾ ਚਾਹੀਦਾ ਹੈ, ਜਿਵੇਂ ਪਹਿਲਾਂ ਆਰਸੈਨਿਕ ਅਤੇ ਫਲੋਰਾਈਡ ਲਈ ਕੀਤਾ ਗਿਆ ਸੀ।

***

## ਸਿੱਖਿਆ ਬਹਾਨੇ ਵਿਦੇਸ਼ ਉਡਾਰੀਆਂ...

ਹੁਣ ਅਮਰੀਕਾ ਅਤੇ ਕੈਨੇਡਾ ਦੇ ਸਖ਼ਤ ਨਿਯਮਾਂ ਕਾਰਨ ਭਾਰਤੀ ਵਿਦਿਆਰਥੀਆਂ ਦੇ ਕੈਨੇਡਾ ਅਤੇ ਅਮਰੀਕਾ ਪਰਵਾਸ ਨੂੰ ਠੱਲ੍ਹ ਪਈ ਹੈ ਅਤੇ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਭਾਰਤ ਵਿੱਚ ਰਹਿ ਕੇ ਹੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਨੂੰ ਤਰਜੀਹ ਦੇਣ ਲੱਗੇ ਹਨ। ਜਿਸ ਕਾਰਨ ਭਾਰਤ ਦੇ ਵੱਖ- ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਰੌਣਕਾਂ ਪਰਤ ਆਈਆਂ ਹਨ। ਭਾਰਤ ਸਰਕਾਰ ਅਤੇ ਵੱਖ ਵੱਖ ਸੂਬਿਆਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਭਾਰਤੀ ਵਿਦਿਆਰਥੀਆਂ ਲਈ ਸਸਤੀ ਅਤੇ ਉਚੇਰੀ ਸਿੱਖਿਆ ਉਹਨਾਂ ਦੇ ਘਰ ਦੇ ਨੇੜੇ ਹੀ ਮੁਹੱਈਆ ਕਰਵਾਉਣ ਦਾ ਯਤਨ ਕਰੇ ਤਾਂ ਕਿ ਵਿਦਿਆਰਥੀਆਂ ਨੂੰ ਸਿੱਖਿਆ ਲਈ ਪਰਵਾਸ ਦਾ ਦਰਦ ਨਾ ਹੰਢਾਉਣਾ ਪਵੇ ਅਤੇ ਭਾਰਤ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਵਿਦਿਆਰਥੀ ਭਾਰਤ ਦੇ ਭਵਿੱਖ ਨੂੰ ਸੰਵਾਰਨ ਵਿੱਚ ਆਪਣਾ ਯੋਗਦਾਨ ਪਾਉਣ।

***

## ਮਹਾਨ ਕੋਸ਼ ਨਾਲ ਸਬੰਧਿਤ ਘਟਨਾਕ੍ਰਮ...

ਇਹ ਸਾਰੇ ਸਵਾਲ ਇਸ ਕਾਰਨ ਵੀ ਵੱਡੇ ਅਰਥ ਰੱਖਦੇ ਹਨ ਕਿ ਨਾ ਜਾਣੇ ਕਿੰਨੇ ਹੀ ਵਿਦਿਆਰਥੀਆਂ, ਖੋਜ, ਸੋਧ ਕਰਤਾਵਾਂ, ਅਧਿਆਪਕਾਂ ਤੇ ਲੇਖਕਾਂ ਨੇ ਇਸ ਦੁਬਾਰਾ ਛਪੇ ਮਹਾਨ ਕੋਸ਼ ਵਿਚਲੀ ਸਮੱਗਰੀ ਨੂੰ ਆਪਣੀ ਖੋਜ ਲਿਖਤ ਦਾ ਅਧਾਰ ਬਣਾਇਆ ਹੋਵੇਗਾ ਤੇ ਅਗਾਂਹ ਕਿੰਨੇ ਹੀ ਲੋਕਾਂ ਨੇ ਉਸ ਨੂੰ ਪੜ੍ਹ ਕੇ ਆਪਣੀ ਰਾਇ ਬਣਾਈ ਹੋਵੇਗੀ। ਕੀ ਯੂਨੀਵਰਸਿਟੀ ਪ੍ਰਾਸ਼ਚਿਤ ਦੇ ਤੌਰ 'ਤੇ ਇੱਕ ਦਿਨ ਆਪਣੇ ਵਿਭਾਗ ਤੇ ਕਾਲਜ ਬੰਦ ਕਰਨ ਨਾਲ ਇਸ ਸਾਰੇ ਨਕਾਰਾਤਮਿਕ ਪ੍ਰਭਾਵ ਨੂੰ ਖ਼ਤਮ ਕਰਨ ਵਿੱਚ ਸਫ਼ਲ ਹੋ ਗਈ ? ਇਸ ਤੋਂ ਇਲਾਵਾ ਇਹ ਕੌਣ ਨਿਰਧਾਰਿਤ ਕਰੇਗਾ ਕਿ ਇਸ ਕੋਸ਼ ਦੀ ਦੁਬਾਰਾ ਛਪਵਾਈ ਵਿੱਚ ਜਿੰਨੇ ਵੀ ਮਾਹਿਰਾਂ ਨੇ ਬਤੌਰ ਅਨੁਵਾਦਕ, ਸੋਧਕ, ਪਰੂਫ਼ ਰੀਡਰ ਦੇ ਤੌਰ 'ਤੇ ਕੰਮ ਕੀਤਾ ਉਹ ਭਵਿੱਖ ਵਿੱਚ ਅਜਿਹੀਆਂ ਸੇਵਾਵਾਂ ਨਿਭਾਉਣ ਲਈ ਬੁਲਾਏ ਜਾ ਸਕਦੇ ਹਨ ਜਾਂ ਨਹੀਂ ?

ਅੰਤ ਵਿੱਚ ਇਸ ਸਮੁੱਚੀ ਚਰਚਾ ਨੂੰ ਵਿਸ਼ਰਾਮ ਦਿੰਦੇ ਹੋਏ ਇਹੀ ਲਿਖਣਾ ਚਾਹੁੰਦੇ ਹਾਂ ਕਿ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ ਨੂੰ ਆਪਣੇ ਅਹੁਦੇ ਨਾਲ ਜੁੜੀਆਂ ਮਾਨਤਾਵਾਂ ਨੂੰ ਧਿਆਨ ਵਿਚ ਰੱਖਦਿਆਂ ਇਸ ਸਮੁੱਚੇ ਵਰਤਾਰੇ ਨੂੰ ਬਤੌਰ ਇੱਕ ਬੱਜਰ ਗ਼ਲਤੀ ਸਵੀਕਾਰ ਕਰਨਾ ਚਾਹੀਦਾ ਹੈ। ਇਸ ਸਮੁੱਚੇ ਘਟਨਾਕ੍ਰਮ ਵਿੱਚ ਸ਼ਾਮਿਲ ਸਾਰੇ ਤੱਥ ਅਤੇ ਵਿਅਕਤੀਆਂ ਨੂੰ ਭਾਵੇਂ ਉਹ ਕਿਸੇ ਵੀ ਅਹੁਦੇ 'ਤੇ ਬਿਰਾਜਮਾਨ ਕਿਉਂ ਨਾ ਹੋਣ, ਸਮਾਜ ਦੇ ਸਾਹਮਣੇ ਲਿਆਉਣ 'ਚ ਟਾਲ ਮਟੋਲ ਕਰਨ ਵਾਲੀ ਨੀਤੀ ਦੀ ਥਾਂ ਉਸਾਰੂ ਭੂਮਿਕਾ ਨਿਭਾਉਣੀ ਚਾਹੀਦੀ ਹੈ। ਭਵਿੱਖ ਲਈ ਵੀ ਯੂਨੀਵਰਸਿਟੀ ਨੂੰ ਇਹ ਠੋਸ ਪ੍ਰਬੰਧ ਕਰਨੇ ਚਾਹੀਦੇ ਹਨ ਕਿ ਕਿਸੇ ਵੀ ਅਹਿਮ ਪੁਸਤਕ ਦੀ ਪ੍ਰਕਾਸ਼ਨਾ ਸਮੇਂ ਇਸ ਤਰ੍ਹਾਂ ਦੀਆਂ ਵੱਡੀਆਂ ਗਲਤੀਆਂ ਨਾ ਹੋਣ। ਫ਼ਿਰ ਹੀ ਇਨ੍ਹਾਂ ਅਦਾਰਿਆਂ ਵੱਲੋਂ ਤਿਆਰ ਕੀਤੇ ਜਾਂਦੇ ਇਤਿਹਾਸ ਅਤੇ ਧਰਮ ਦੇ ਧਰੋਹਰ ਸਰੋਤਾਂ ਪ੍ਰਤੀ ਲੋਕਾਂ ਦਾ ਵਿਸ਼ਵਾਸ ਕਾਇਮ ਰਹਿ ਸਕੇਗਾ।

***

# HOKA TV
## (ਹੋਕਾ ਟੀ.ਵੀ.)

RAISING VOICE FOR TRUTH

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**